
TANYA'S BEAUTY SALON
HERBAL FACIAL $40 $20 !!!
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Radio Chann Pardesi
ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



Fourteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 18, May 4th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388





*ਸਨਿਚਰਵਾਰ 27 ਅਪਰੈਲ ਨੂੰ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੀ ਅਗਵਾਈ ਹੇਠ ਨਿਊ ਯਾਰਕ ਵਿਚ ਸਜਾਏ ਗਏ ਨਗਰ ਕੀਰਤਨ ਦਾ ਇਕ ਦ੍ਰਿਸ਼*

# ਸਿੱਖ ਪਰੇਡ ਨੇ ਬਿਖੇਰਿਆ ਖਾਲਸਾਈ ਰੰਗ

**ਨਿਊ ਯਾਰਕ (ਬਿਊਰੋ):** ਖਾਲਸਾ ਜੀ ਦੇ ਸਾਜਨਾ ਦਿਵਸ ਨੂੰ ਸਮਰਪਿਤ 26ਵਾਂ ਸਾਲਾਨਾ ਨਗਰ ਕੀਰਤਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਉਦਮ ਨਾਲ ਟਰਾਈ ਸਟੇਟ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਮਨਹਟਨ ਸ਼ਹਿਰ ਵਿਚ 27 ਅਪਰੈਲ ਨੂੰ ਸਜਾਇਆ ਗਿਆ ਤਾਂ ਕੇਸਰੀ ਪੱਗਾਂ, ਦੁਪੱਟਿਆਂ ਅਤੇ ਪਟਕਿਆਂ ਵਿਚ ਸਜੀਆਂ ਸੰਗਤਾਂ ਕਰਕੇ ਸ਼ਹਿਰ ਖਾਲਸਾਈ ਰੰਗ ਵਿਚ ਰੰਗਿਆ ਜਾਪਿਆ।

ਨਗਰ ਕੀਰਤਨ ਵਿਚ ਬਹੁਤ ਹੀ ਖੂਬਸੂਰਤ ਢੰਗ ਨਾਲ ਸਜਾਈ ਗਈ ਫਲੋਟ 'ਤੇ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਗੁਰਦੁਆਰਾ ਰਿਚਮੰਡ ਹਿੱਲ ਤੋਂ ਕਰੀਬ ਇਕ ਵਜੇ ਸ਼ੁਰੂ ਹੋਇਆ। ਇਸ ਸਮੇਂ ਸੰਗਤਾਂ ਦੀ ਭਾਰੀ ਹਾਜ਼ਰੀ ਕਰਕੇ ਆਸ ਪਾਸ ਦੀਆਂ ਗਲੀਆਂ ਵਿਚ ਕਿਧਰੇ ਤਿਲ ਸੁੱਟਣ ਜੋਗੀ ਥਾਂ ਨਹੀਂ ਸੀ। ਸਭ ਤੋਂ ਅੱਗੇ ਨਿਊ ਯਾਰਕ ਪੁਲਿਸ ਵਿਭਾਗ ਦੇ ਘੋੜ ਸਵਾਰ ਪੁਲਿਸ, ਫਾਇਰ ਬ੍ਰਿਗੇਡ ਅਤੇ ਪਾਰਕ ਵਿਭਾਗ ਦੇ ਝੰਡੇ ਲੈ ਕੇ ਚੱਲ ਰਹੇ ਸਨ। ਉਸ ਪਿਛੇ ਇਕ ਗੱਡੀ 'ਤੇ ਨਗਾਰਾ ਵੱਜ ਰਿਹਾ ਸੀ। ਸੰਗਤਾਂ ਵਲੋਂ ਰਸਤੇ ਦੀ ਸਫਾਈ ਕੀਤੀ ਜਾ ਰਹੀ ਸੀ ਅਤੇ ਜਲ ਦਾ ਛਿੜਕਾਅ ਕੀਤਾ ਜਾ ਰਿਹਾ ਸੀ। ਖਾਲਸਾਈ ਅਸਤਰ ਬਸਤਰ ਵਿਚ ਸਜੇ ਪੰਜ ਪਿਆਰੇ, ਪੰਜ ਨਿਸ਼ਾਨਚੀ ਖਾਲਸਾਈ ਝੰਡੇ ਲੈ ਕੇ ਚੱਲ ਰਹੇ ਸਨ। ਮੋਟਰ ਸਾਈਕਲਾਂ ਉਪਰ ਸਿੰਘਾਂ ਦਾ ਇਕ ਜਥਾ ਵੀ ਪਰੇਡ ਵਿਚ ਸ਼ਾਮਲ ਸੀ। ਗੁਰੂ ਗ੍ਰੰਥ ਸਾਹਿਬ ਦੇ ਫਲੋਟ ਉਪਰ ਰਾਗੀ ਸਿੰਘਾਂ ਵਲੋਂ ਇਲਾਹੀ ਬਾਣੀ ਦਾ ਕੀਤਾ ਜਾ ਰਿਹਾ ਕੀਰਤਨ ਮਾਹੌਲ ਨੂੰ ਇਲਾਹੀ ਰੰਗ ਦੇ ਰਿਹਾ ਸੀ।

ਇਸ ਸਿੱਖ ਪਰੇਡ ਵਿਚ ਕੁਲ ਗਿਆਰਾਂ ਫਲੋਟ ਸ਼ਾਮਲ ਸਨ ਜੋ ਦਰਬਾਰ ਸਾਹਿਬ, ਅੰਮ੍ਰਿਤਸਾਰ, ਗੁਰੂ ਨਾਨਕ ਦੇਵ ਦੇ ਸੁਨੇਹੇ, ਅੰਮ੍ਰਿਤ ਸੰਚਾਰ, ਢੱਠੇ ਹੋਏ ਅਕਾਲ ਤਖਤ ਅਤੇ ਹੋਰ ਸਿੱਖ ਇਤਿਹਾਸ ਨਾਲ ਸਬੰਧਤ ਦ੍ਰਿਸ਼ਾਂ ਨੂੰ ਸਾਕਾਰ ਕਰ ਰਹੇ ਸਨ। ਹਰ ਫਲੋਟ ਦੇ ਅੱਗੇ ਅਮਰੀਕਨ ਸਕੂਲ ਦੇ ਬੱਚਿਆਂ ਅਤੇ ਗੋਰਿਆਂ ਦੇ ਬੈਂਡ ਸੰਗੀਤਮਈ ਧੁਨਾਂ ਵਜਾ ਰਹੇ ਸਨ। ਗਤਕੇ ਦੀਆਂ ਟੀਮਾਂ ਆਪਣੇ ਮਾਰਸ਼ਲ ਆਰਟ ਦੇ ਜੌਹਰ ਵਿਖਾ ਰਹੀਆਂ ਸਨ। ਜਗ੍ਹਾ ਜਗ੍ਹਾ ਸ਼ਰਧਾਲੂ ਸੰਗਤਾਂ ਵਲੋਂ ਭਾਂਤ ਸੁਭਾਂਤੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ ਜਿਨ੍ਹਾਂ


*(ਬਾਕੀ ਸਫਾ 2 'ਤੇ)*


# ਕਤਲੇਆਮ 84

# ਸੱਜਣ ਕੁਮਾਰ ਬਰੀ

## ਨਿਆਂ ਪ੍ਰਣਾਲੀ 'ਤੇ ਉਠੇ ਸਵਾਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਦੀ ਅਦਾਲਤ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਸਾਬਕਾ ਸੰਸਦ ਮੈਂਬਰ ਅਤੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਅਦਾਲਤ ਨੇ ਪੀੜਤਾਂ ਨਾਲ ਨਿਆਂ ਨਹੀਂ ਕੀਤਾ ਤੇ ਇਹ ਘੱਟ-ਗਿਣਤੀਆਂ ਨਾਲ ਸਰਾਸਰ ਧੱਕਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਇਸ ਮਾਮਲੇ ਵਿਚ ਨਿਆਂ ਪ੍ਰਾਪਤੀ ਲਈ ਸੁਪਰੀਮ ਕੋਰਟ ਤੱਕ ਕਾਨੂੰਨੀ ਚਾਰਾਜੋਈ ਜਾਰੀ ਰੱਖਣ।



ਜ਼ਿਕਰਯੋਗ ਹੈ ਕਿ ਸਿੱਖ ਕਤਲੇਆਮ ਦੇ ਮਾਮਲੇ ਵਿਚ ਬਹੁਤੇ ਦੋਸ਼ੀ ਸਬੂਤ ਹੋਣ ਦੇ ਬਾਵਜੂਦ ਬਰੀ ਹੋ ਗਏ ਹਨ ਤੇ ਕਈਆਂ ਦੀ 28 ਵਰ੍ਹੇ ਲੰਮੀ ਚੱਲੀ ਅਦਾਲਤੀ ਕਾਰਵਾਈ ਦੌਰਾਨ ਹੀ ਮੌਤ ਹੋ ਗਈ। ਸਰਕਾਰੀ ਅੰਕੜਿਆਂ ਅਨੁਸਾਰ ਨਵੰਬਰ ਚੁਰਾਸੀ ਵਿਚ ਵਾਪਰੇ ਸਿੱਖ ਕਤਲੇਆਮ ਦੌਰਾਨ 2733 ਸਿੱਖ ਮਾਰੇ ਗਏ, ਪਰ ਇਸ ਸਬੰਧੀ ਚੰਦ ਕੁ ਵਿਅਕਤੀਆਂ ਨੂੰ ਹੀ ਸਜ਼ਾ ਦਿੱਤੀ ਗਈ। ਹਾਲ ਹੀ ਵਿਚ ਗ੍ਰਹਿ ਰਾਜ ਮੰਤਰੀ ਮੁੱਲਾਪੱਲੀ ਰਾਮਚੰਦਰਨ ਨੇ ਲੋਕ ਸਭਾ ਵਿਚ ਮੰਨਿਆ ਸੀ ਕਿ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਗ੍ਰਿਫਤਾਰ ਕੀਤੇ ਗਏ 3163 ਵਿਅਕਤੀਆਂ ਵਿਚੋਂ ਸਿਰਫ 442 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਉਨ੍ਹਾਂ ਵੇਰਵੇ ਸਹਿਤ ਦੱਸਿਆ ਸੀ ਕਿ ਆਹੂਜਾ ਕਮੇਟੀ ਦੀ ਰਿਪੋਰਟ ਮੁਤਾਬਕ ਦਿੱਲੀ ਵਿਚ ਕੁੱਲ 650 ਕੇਸ ਦਰਜ ਕੀਤੇ ਗਏ ਜਿਨ੍ਹਾਂ ਵਿਚ 3163 ਵਿਅਕਤੀ ਗ੍ਰਿਫਤਾਰ ਕੀਤੇ ਗਏ


*(ਬਾਕੀ ਸਫਾ 6 'ਤੇ)*


## ਸਿੱਖ ਜਥੇਬੰਦੀਆਂ ਵਿਚ ਵਿਆਪਕ ਰੋਸ

**ਚੰਡੀਗੜ੍ਹ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਜੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਇਨ੍ਹਾਂ ਕਤਲਾਂ ਵਿਚ ਕੋਈ ਸ਼ਮੂਲੀਅਤ ਨਹੀਂ ਸੀ ਤਾਂ ਫਿਰ ਹਜ਼ਾਰਾਂ ਦੀ ਗਿਣਤੀ ਵਿਚ ਹੋਏ ਇਹ ਕਤਲ ਕਿਸ ਨੇ ਕੀਤੇ ਸਨ? ਉਨ੍ਹਾਂ ਆਖਿਆ ਕਿ ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਕੋਈ ਵੀ ਗਵਾਹ ਨਹੀਂ ਅਤੇ ਇਕ ਜੱਜ ਨੇ ਵੀ ਉਸ ਨੂੰ ਬਰੀ ਕੀਤਾ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਸਜ਼ਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ 1984 ਵਿਚ ਹੋਏ ਦਿੱਲੀ ਸਿੱਖ ਕਤਲੇਆਮ ਦੇ ਕਰੂਰ ਵਰਤਾਰੇ ਨੂੰ ਮਨੁੱਖਤਾ ਦੇ ਨਾਂ 'ਤੇ ਵੱਡਾ ਕਲੰਕ ਦੱਸਦਿਆਂ ਕਿਹਾ ਕਿ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਵਿਚੋਂ ਕਾਂਗਰਸੀ ਆਗੂ ਨੂੰ ਬਰੀ ਕਰਨ ਵਾਲਾ ਫੈਸਲਾ ਮੰਦਭਾਗਾ ਤੇ ਸਿੱਖਾਂ ਨੂੰ ਨਿਆਂ ਤੋਂ ਵਾਂਝਾ ਕਰਨ ਵਾਲਾ ਹੈ।


*(ਬਾਕੀ ਸਫਾ 6 'ਤੇ)*




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.726.6103 • 408.659.9400

# ਸਿੱਖ ਪਰੇਡ ਨੇ ਨਿਊ ਯਾਰਕ ਸ਼ਹਿਰ ਨੂੰ ਰੰਗਿਆ ਖਾਲਸਾਈ ਰੰਗ 'ਚ

*(ਸਫਾ ਇਕ ਦੀ ਬਾਕੀ)*

ਦਾ ਅਨੰਦ ਸਿੱਖ ਸੰਗਤਾਂ ਤੋਂ ਇਲਾਵਾ ਸਥਾਨਕ ਮੁੱਖ ਭਾਈਚਾਰੇ ਦੇ ਲੋਕ ਵੀ ਉਠਾ ਰਹੇ ਸਨ।

ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਦੇ ਦੁਖਾਂਤ ਨੂੰ ਦਰਸਾਉਂਦੇ ਇਕ ਫਲੋਟ ਉਪਰ ਗੁਰਦੁਆਰਿਆਂ ਦੇ ਪ੍ਰਬੰਧਕ, ਵੀ ਆਈ ਪੀ ਅਧਿਕਾਰੀ ਅਤੇ ਸਿਆਸੀ ਲੀਡਰ ਸਵਾਰ ਸਨ। ਇਸ ਤੋਂ ਪਹਿਲੇ ਸਾਲਾਂ ਵਿਚ ਇਹ ਆਗੂ ਪੈਦਲ ਮਾਰਚ ਕਰਿਆ ਕਰਦੇ ਸਨ ਤਾਂ ਇਨ੍ਹਾਂ ਆਗੂਆਂ ਨਾਲ ਫੋਟੋ ਖਿਚਾਉਣ ਲਈ ਬਹੁਤ ਧੱਕਾ-ਮੁੱਕੀ ਹੋਇਆ ਕਰਦੀ ਸੀ। ਨਗਰ ਕੀਰਤਨ ਸ਼ਹਿਰ ਦੀਆਂ ਵੱਖੋ ਵੱਖ ਸੜਕਾਂ ਤੋਂ ਹੁੰਦਾ ਹੋਇਆ ਕਰੀਬ ਚਾਰ ਵਜੇ 23ਵੀਂ ਸਟਰੀਟ ਅਤੇ ਮੈਡੀਸਨ ਐਵਨਿਊ ਉਤੇ ਪਾਰਕ ਵਿਚ ਅਰਦਾਸ ਉਪਰੰਤ ਸਮਾਪਤ ਹੋਇਆ।

ਨਗਰ ਕੀਰਤਨ ਦੀ ਸਮਾਪਤੀ 'ਤੇ ਇਥੇ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਬੰਧਕਾਂ ਦੀ ਅਗਵਾਈ ਹੇਠ ਸਟੇਜ ਸਜਾਈ ਗਈ ਸੀ ਜਿਥੋਂ ਪੰਥਕ ਆਗੂਆਂ ਡਾ. ਗੁਰਮੀਤ ਸਿੰਘ ਔਲਖ, ਗੰਗਾ ਸਿੰਘ ਢਿੱਲੋਂ, ਵ੍ਹਾਈਟ ਹਾਊਸ ਤੋਂ ਵਿਸ਼ੇਸ਼ ਸੁਨੇਹਾ ਲੈ ਕੇ ਪਹੁੰਚੇ ਹਰਪ੍ਰੀਤ ਸਿੰਘ, ਕਾਂਗਰਸਮੈਨ ਗਰੇਸ ਮਿਗ, ਰੇਸ਼ਮਾ, ਸਿਟੀ ਕੰਪਟਰੋਲਰ ਜੌਹਨ ਲਿਊ, ਬਿਲ ਡੀ ਵਿਲਾਸੀਓ, ਮਾਰਕ ਵੈਪਰਨ, ਟੋਨੀ ਅਵੇਲਾ ਤੋਂ ਇਲਾਵਾ ਵੱਖ ਵੱਖ ਗੁਰੂਘਰਾਂ ਦੇ ਮੁਖੀਆਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਿੱਖ ਪਰੇਡ ਦੀ ਦੇਖ ਰੇਖ ਕਰ ਰਹੇ ਸਿਟੀ ਦੇ ਅਧਿਕਾਰੀਆਂ ਨੇ ਇਹ ਵਿਸ਼ੇਸ਼ ਜ਼ਿਕਰ ਕੀਤਾ ਕਿ ਇਹ ਪਰੇਡ ਮੁੱਖ ਪਰੇਡਾਂ ਵਿਚ ਸ਼ਾਮਲ ਹੋ ਚੁਕੀ ਹੈ, ਇਸ ਲਈ ਇਹ ਥਾਂ ਥੋੜ੍ਹਾ ਹੈ ਅਤੇ ਅਗਲੇ ਸਾਲ ਤੋਂ ਇਸ ਦੀ ਥਾਂ ਬਦਲਣੀ ਚਾਹੀਦੀ ਹੈ।

ਇਸ ਵਾਰ ਦੀ ਸਿੱਖ ਪਰੇਡ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸਮਰਪਿਤ ਸੀ। ਪਾਰਕ ਵਿਚ ਸਜਾਈ ਗਈ ਸਟੇਜ ਤੋਂ ਵੱਖ ਵੱਖ ਪੰਥਕ ਬੁਲਾਰਿਆਂ ਨੇ ਉਨ੍ਹਾਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ। ਸੇਵਾ ਸੁਸਾਇਟੀ ਦੇ ਸੌ ਤੋਂ ਉਪਰ ਮੈਂਬਰਾਂ ਨੇ ਸਫਾਈ ਦਾ ਕਾਰਜ ਆਪਣੇ ਜ਼ਿਮੇ ਲਿਆ ਅਤੇ ਇਸ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਟੀ ਵੀ ਚੈਨਲ ਗੈਟ ਪੰਜਾਬੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਗੁਰਦੁਆਰਾ ਸਾਹਿਬ ਤੋਂ ਚੱਲਣ ਤੋਂ ਲੈ ਕੇ ਪਰੇਡ ਦੀ 6 ਵਜੇ ਤੱਕ ਅਮਰੀਕਾ, ਕੈਨੇਡਾ ਅਤੇ ਇੰਡੀਆ ਵਿਚ ਲਾਈਵ ਕਵਰੇਜ ਕੀਤੀ ਗਈ। ਪੀ ਟੀ ਸੀ ਅਤੇ ਗਲੋਬਲ ਪੰਜਾਬ ਨੇ ਵੀ ਇਸ ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ। ਪ੍ਰਬੰਧਕ ਕਮੇਟੀ ਵਲੋਂ ਗੈਟ ਪੰਜਾਬੀ ਟੀ ਵੀ ਚੈਨਲ ਦੇ ਪ੍ਰਬੰਧਕਾਂ ਦਾ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਨੇ ਸਹਿਯੋਗ ਲਈ ਸਮੁੱਚੇ ਮੀਡੀਆ ਦਾ ਧੰਨਵਾਦ ਕੀਤਾ।

ਮੀਡੀਆ ਰਿਪੋਰਟਾਂ ਅਨੁਸਾਰ ਇਸ ਨਗਰ ਕੀਰਤਨ ਵਿਚ 70 ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਏ। ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਚੇਅਰਮੈਨ ਮੋਹਨ ਸਿੰਘ ਖੱਟੜਾ, ਮੀਤ ਪ੍ਰਧਾਨ ਰਾਜਿੰਦਰ ਸਿੰਘ ਲਾਲੀ, ਸਕੱਤਰ ਕੁਲਦੀਪ ਸਿੰਘ ਢਿੱਲੋਂ ਅਤੇ ਹਰਬੰਸ ਸਿੰਘ ਢਿੱਲੋਂ ਨੇ ਸੰਗਤਾਂ ਅਤੇ ਸੇਵਾ ਕਰਨ ਵਾਲੇ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।


















ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

**DCL Trucking**
743 Legacy Blvd,
Greenwood, IN 46143

# ਓਨਰ ਅਪਰੇਟਰਾਂ ਦੀ ਲੋੜ ਹੈ



ਪੱਕੇ ਲੋਡ

Quick payment via Direct Deposit

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ

ਸੰਪਰਕ ਕਰੋ: ਪਰਮਿੰਦਰ
ਫੋਨ: 317-399-9800
e-mail: info@DCLTrucking.com

We work in all 48 States
24/7 Dispatch Available

# ਜ਼ਰਾਇਤੀ ਜ਼ਮੀਨ ‘ਤੇ ਜਾਇਦਾਦ ਟੈਕਸ ਨਹੀਂ ਲੱਗੇਗਾ

**ਨਵੀਂ ਦਿੱਲੀ:** ਲੋਕ ਸਭਾ ਨੇ ਇੱਕਾ-ਦੁੱਕਾ ਸੋਧਾਂ ਨਾਲ ਵਿੱਤੀ ਬਿੱਲ 2013-14 ਬਿਨਾਂ ਬਹਿਸ ਤੋਂ ਪਾਸ ਕਰ ਦਿੱਤਾ ਹੈ। ਵਿਰੋਧੀ ਪਾਰਟੀਆਂ ਨੇ ਕੋਲਾ ਘੁਟਾਲੇ ਦੀ ਜਾਂਚ ਬਾਰੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਤੋਂ ਸਦਨ ‘ਚੋਂ ਵਾਕਆਊਟ ਕੀਤਾ। ਵਿੱਤ ਬਿੱਲ ਵਿਚ ਕੁੱਲ 12 ਸੋਧਾਂ ਕੀਤੀਆਂ ਗਈਆਂ। ਇਨ੍ਹਾਂ ‘ਚੋਂ ਅਹਿਮ ਸੋਧ ਸ਼ਹਿਰੀ ਖੇਤਰ ਵਿਚ ਆਉਣ ਵਾਲੀ ਜ਼ਰਾਇਤੀ ਜ਼ਮੀਨ ‘ਤੇ ਜਾਇਦਾਦ ਟੈਕਸ ਲਾਉਣ ਸਬੰਧੀ ਸੀ। ਸੋਧੇ ਬਿੱਲ ਮੁਤਾਬਕ ਜ਼ਰਾਇਤੀ ਜ਼ਮੀਨ ‘ਤੇ ਹੁਣ ਕੋਈ ਜਾਇਦਾਦ ਟੈਕਸ ਨਹੀਂ ਲੱਗੇਗਾ।

ਯਾਦ ਰਹੇ ਕਿ ਸ਼ਹਿਰਾਂ ਤੋਂ ਅੱਠ ਕਿਲੋਮੀਟਰ ਦੇ ਘੇਰੇ ਵਿਚ ਆਉਣ ਵਾਲੀ ਵਾਹੀਯੋਗ ਜ਼ਮੀਨ ਉਪਰ ਇਕ ਫੀਸਦ ਜਾਇਦਾਦ ਟੈਕਸ ਲਾਉਣ ਦੀ ਤਜਵੀਜ਼ ਦਿੱਤੀ ਸੀ ਪਰ ਹੁਣ ਯੂ.ਪੀ.ਏ. ਸਰਕਾਰ ਵੱਲੋਂ ਖੇਤੀਯੋਗ ਜ਼ਮੀਨ ਉਪਰ ਕੋਈ ਜਾਇਦਾਦ ਟੈਕਸ ਨਹੀਂ ਲਾਇਆ ਜਾਵੇਗਾ। ਇਸ ਸਬੰਧੀ ਬਿੱਲ ਪਾਸ ਕਰ ਦਿੱਤਾ ਗਿਆ। ਵਿੱਤ ਬਿੱਲ ਪਾਸ ਹੋਣ ਨਾਲ ਬਜਟ ਅਮਲ ਪੂਰਾ ਹੋ ਗਿਆ ਹੈ ਜਿਸ ਦੀ ਸ਼ੁਰੂਆਤ 28 ਫਰਵਰੀ ਨੂੰ ਵਿੱਤ ਮੰਤਰੀ ਦੇ ਬਜਟ ਭਾਸ਼ਣ ਨਾਲ ਹੋਈ ਸੀ। ਹੁਣ ਇਹ ਬਿੱਲ ਰਾਜ ਸਭਾ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ ਅਤੇ ਅੰਤਮ ਪ੍ਰਵਾਨਗੀ ਰਾਸ਼ਟਰਪਤੀ ਵੱਲੋਂ ਦਿੱਤੀ ਜਾਵੇਗੀ। ਵਿੱਤ ਮੰਤਰੀ ਪੀ. ਚਿਦੰਬਰਮ ਨੇ ਐਸ.ਯੂ.ਵੀ. ਗੱਡੀਆਂ ‘ਤੇ ਟੈਕਸ ਵਧਾਉਣ ਦੀ ਤਜਵੀਜ਼ ਵੀ ਵਾਪਸ ਲੈ ਲਈ ਹੈ ਅਤੇ ਮਾਰੀਸ਼ਸ ਜਿਹੇ ਦੇਸ਼ਾਂ ਤੋਂ ਟੈਕਸ ਲਾਭ ਲਈ ਨਿਵੇਸ਼ਕਾਂ ਦੇ ਨਿਵਾਸ ਬਾਰੇ ਨੇਮ ਨਰਮ ਕਰ ਦਿੱਤੇ ਹਨ।

## ਸਿੱਖ ਕਲਚਰਲ ਸੁਸਾਇਟੀ ਦਾ ਖੇਡ ਮੇਲਾ ਮੁਲਤਵੀ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਲੋਂ 11, 12 ਮਈ ਨੂੰ ਸਮੋਕੀ ਪਾਰਕ ਵਿਚ ਕਰਵਾਇਆ ਜਾ ਰਿਹਾ ਕਬੱਡੀ ਟੂਰਨਾਮੈਂਟ ਅਤੇ ਖੇਡ ਮੇਲਾ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ।

ਸੁਸਾਇਟੀ ਦੇ ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਫੈਸਲਾ ਬੱਚਿਆਂ ਦੀਆਂ ਖੇਡਾਂ ਨੂੰ ਵੀ ਵੱਡੇ ਪੱਧਰ ਉਤੇ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਲਿਆ ਗਿਆ ਹੈ। ਇਸ ਸਮੇਂ ਬੱਚਿਆਂ ਨੂੰ ਛੁੱਟੀਆਂ ਨਹੀਂ ਹਨ ਅਤੇ ਦੂਜਾ ਸ਼੍ਰੋਮਣੀ ਕਮੇਟੀ ਵਲੋਂ ਭੇਜੀ ਜਾਣ ਵਾਲੀ ਕਬੱਡੀ ਟੀਮ ਦੇ ਵੀਜ਼ੇ ਵਿਚ ਦੇਰੀ ਹੋ ਰਹੀ ਹੈ। ਪ੍ਰਬੰਧਕਾਂ ਨੇ ਕਿਹਾ ਹੈ ਕਿ ਮੇਲੇ ਦੀ ਅਗਲੀ ਤਾਰੀਖ ਜਲਦ ਹੀ ਐਲਾਨੀ ਜਾਵੇਗੀ।

# ਲਾਹੌਰ ਜੇਲ੍ਹ ਵਿਚ ਬੰਦ ਸਰਬਜੀਤ ਦੀ ਹਾਲਤ ਬੇਹੱਦ ਨਾਜ਼ੁਕ

**ਲਾਹੌਰ:** ਸਥਾਨਕ ਕੋਟ ਲਖਪਤ ਜੇਲ੍ਹ ਦੀ ਕਾਲ ਕੋਠੜੀ ਵਿਚ ਬੰਦ ਭਾਰਤੀ ਨਾਗਰਿਕ ਸਰਬਜੀਤ ਸਿੰਘ ‘ਤੇ ਲੰਘੇ ਦਿਨੀਂ ਦੋ ਹੋਰ ਕੈਦੀਆਂ ਨੇ ਹਮਲਾ ਕਰ ਦਿੱਤਾ। ਉਸ ਦੇ ਸਿਰ ਦਾ ਹੰਗਾਮੀ ਅਪਰੇਸ਼ਨ ਕੀਤਾ ਗਿਆ ਜਿਸ ਤੋਂ ਬਾਅਦ ਉਸ ਦੀ ਹਾਲਤ ਨਾਜ਼ੁਕ ਬਣ ਹੋਈ ਹੈ। ਉਸ ‘ਤੇ ਇਹ ਹਮਲਾ ਉਦੋਂ ਹੋਇਆ ਜਦੋਂ ਉਸ ਨੂੰ ਜੇਲ੍ਹ ਵਿਚ ਇਕ ਸੈੱਲ ਤੋਂ ਦੂਜੇ ਵਿਚ ਲਿਜਾਇਆ ਜਾ ਰਿਹਾ ਸੀ। ਹਮਲੇ ਤੋਂ ਬਾਅਦ ਜੇਲ੍ਹ ਦੇ ਸੁਪਰਡੈਂਟ, ਸਹਾਇਕ ਸੁਪਰਡੈਂਟ ਤੇ ਸਰਬਜੀਤ ਦੀ ਰਾਖੀ ਲਈ ਤਾਇਨਾਤ ਗਾਰਡ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਉਧਰ, ਡੀਆਈਜੀ (ਜੇਲ੍ਹਾਂ) ਮਲਿਕ ਮੁਬਾਸ਼ਿਰ ਵੱਲੋਂ ਤਿਆਰ ਕੀਤੀ ਮੁਢਲੀ ਜਾਂਚ ਰਿਪੋਰਟ ਅਨੁਸਾਰ ਦੋਵੇਂ ਮੁੱਖ ਹਮਲਾਵਰ ਅਮੇਰ ਆਫਤਾਬ ਤੇ ਮੁਦੱਸਰ ਨੇ ਭਾਰਤੀ ਕੈਦੀ ਸਰਬਜੀਤ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਰਿਪੋਰਟ ਅਨੁਸਾਰ ਦੋਵੇਂ ਦੋਸ਼ੀ ਫਾਂਸੀ ਦੀ ਸਜ਼ਾ ਅਧੀਨ ਕੈਦ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਰਬਜੀਤ ਨੂੰ 1990 ਵਿਚ ਲਾਹੌਰ ਬੰਬ ਧਮਾਕੇ ਕਰਨ ਕਰਕੇ ਨਫਰਤ ਕਰਦੇ ਸਨ। ਉਨ੍ਹਾਂ ਨੇ ਪਹਿਲਾਂ ਹੀ ਚਮਚਿਆਂ ਨੂੰ ਚਾਕੂਆਂ ਵਾਂਗ ਤਿੱਖੇ ਕੀਤਾ ਹੋਇਆ ਸੀ। ਘਿਉ ਦੇ ਪੀਪੇ ਨੂੰ ਟੁਕੜੇ ਕਰਕੇ ਬਲੇਡਾਂ ਦੀ ਸ਼ਕਲ ਦਿੱਤੀ ਹੋਈ ਸੀ। ਇੱਟਾਂ ਵੀ ਪਹਿਲਾਂ ਇਕੱਠੀਆਂ ਕੀਤੀਆਂ ਹੋਈਆਂ ਸਨ। ਰਿਪੋਰਟ ਅਨੁਸਾਰ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਮੌਕਾ ਮਿਲਦਿਆਂ ਉਨ੍ਹਾਂ ਆਪਣੀ ਯੋਜਨਾ ਨੂੰ ‘ਆਸਾਨੀ’ ਨਾਲ ਨੇਪਰੇ ਚਾੜ੍ਹ ਦਿੱਤਾ। ਸੂਤਰਾਂ ਅਨੁਸਾਰ ਇਹ ਰਿਪੋਰਟ ਲਹਿੰਦੇ ਪੰਜਾਬ ਦੇ ਗ੍ਰਹਿ ਵਿਭਾਗ ਨੂੰ ਸੌਂਪ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਕੋਟ ਲਖਪਤ ਜੇਲ੍ਹ ਵਿਚ ਇਸ ਵੇਲੇ 17000 ਕੈਦੀ ਹਨ ਜਦਕਿ ਇਸ ਦੀ ਸਮਰੱਥਾ ਕੇਵਲ 4000 ਕੈਦੀਆਂ ਦੀ ਹੈ। ਪਹਿਲਾਂ ਵੀ ਜੇਲ੍ਹ ਵਿਚ ਕੈਦੀ ਇਕ ਦੂਜੇ ‘ਤੇ ਹਮਲੇ ਕਰਦੇ ਰਹਿੰਦੇ ਹਨ। ਅਫਜ਼ਲ ਗੁਰੂ ਨੂੰ ਫਾਂਸੀ ਲਾਏ ਜਾਣ ਮਗਰੋਂ ਜੇਲ੍ਹ ਵਿਚ ਸਰਬਜੀਤ ਦੀ ਸੁਰੱਖਿਆ ਵਧਾਈ ਗਈ ਸੀ। ਸਰਬਜੀਤ ਦਾ ਇਲਾਜ ਕਰ ਰਹੇ ਡਾਕਟਰਾਂ ਦਾ ਕਹਿਣਾ ਹੈ ਕਿ ਉਸ ਦੀ ਹਾਲਤ ਬਹੁਤ ਵਿਗੜ ਗਈ ਹੈ ਪਰ ਦਿਮਾਗੀ ਤੌਰ ‘ਤੇ ਉਸ ਨੂੰ ਮ੍ਰਿਤ ਨਹੀਂ ਐਲਾਨਿਆ ਗਿਆ।

ਸਰਬਜੀਤ ਦੀ ਭੈਣ ਬੀਬੀ ਦਲਬੀਰ ਕੌਰ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰ ਇਸ ਮਾਮਲੇ ਵਿਚ ਮਦਦਗਾਰ ਸਾਬਤ ਨਹੀਂ ਰਹੀ। ਉਨ੍ਹਾਂ ਵੱਲੋਂ ਸਰਬਜੀਤ ਦੀ ਸਥਿਤੀ ਬਾਰੇ ਪਰਿਵਾਰ ਨੂੰ ਤਸੱਲੀਬਖਸ਼ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਸਗੋਂ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਉਨ੍ਹਾਂ ਖਦਸ਼ਾ ਜ਼ਾਹਿਰ ਕੀਤਾ ਕਿ ਸਰਬਜੀਤ ਸਿੰਘ ਕੋਲੋਂ ਬੇਹੋਸ਼ੀ ਵਿਚ ਕੁਝ ਦਸਤਾਵੇਜ਼ਾਂ ‘ਤੇ ਅੰਗੂਠੇ ਲਵਾਏ ਹੋ ਸਕਦੇ ਹਨ ਕਿਉਂਕਿ ਉਸ ਦੇ ਇਕ ਅੰਗੂਠੇ ‘ਤੇ ਸਿਆਹੀ ਲੱਗੀ ਹੋਈ ਹੈ। ਉਨ੍ਹਾਂ ਜਦੋਂ ਇਸ ਬਾਰੇ ਡਾਕਟਰਾਂ ਕੋਲੋਂ ਪੁੱਛਿਆ ਤਾਂ ਉਨ੍ਹਾਂ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ।

## ਸਿੱਖ ਨੌਜਵਾਨਾਂ ਦੀ ਰਿਹਾਈ ਲਈ ਰਲ ਕੇ ਹੰਭਲਾ ਮਾਰਨ ਦੀ ਅਪੀਲ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ ਨੇ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਰਲ ਕੇ ਉਪਰਾਲੇ ਕੀਤੇ ਜਾਣ। ਅਕਾਲੀ ਦਲ-ਅੰਮ੍ਰਿਤਸਰ ਵਲੋਂ ਹਰ ਲੋੜੀਂਦਾ ਸਹਿਯੋਗ ਦਿੱਤਾ ਜਾਵੇਗਾ।

ਪਾਰਟੀ ਦੀ ਕੋਰ ਕਮੇਟੀ ਦੀ ਇਥੇ ਹੋਈ ਇਕ ਮੀਟਿੰਗ ਤੋਂ ਬਾਅਦ ਅਕਾਲੀ ਦਲ-ਅੰਮ੍ਰਿਤਸਰ (ਅਮਰੀਕਾ) ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਇਕ ਬਿਆਨ ਵਿਚ ਦੱਸਿਆ ਕਿ ਪਾਰਟੀ ਦੇ ਕੈਲੀਫੋਰਨੀਆ ਅਤੇ ਸ਼ਿਕਾਗੋ ਯੂਨਿਟਾਂ ਨੂੰ ਭੰਗ ਕਰ ਦਿੱਤਾ ਗਿਆ ਹੈ। ਇਕ ਮਹੀਨੇ ਦੇ ਅੰਦਰ ਅੰਦਰ ਕੈਲੀਫੋਰਨੀਆ, ਸ਼ਿਕਾਗੋ, ਕੈਨਟਕੀ ਅਤੇ ਓਹਾਇਓ ਸਟੇਟਾਂ ਲਈ ਨਵੇਂ ਯੂਨਿਟ ਬਣਾਏ ਜਾਣਗੇ। ਹੋਰ ਜਾਣਕਾਰੀ ਲਈ ਸ. ਕੁਲਾਰ ਨਾਲ ਫੋਨ 917-434-2483 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਾਊਸਫੈੱਡ ਦਾ ਸਾਹ ਟੁੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੁਰਾਣੇ ਅਤੇ ਅਹਿਮ ਅਦਾਰੇ ਹਾਊਸਫੈੱਡ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਫੈਸਲੇ ਨਾਲ ਹਾਊਸਫੈੱਡ ਦੇ 400 ਦੇ ਕਰੀਬ ਮੁਲਾਜ਼ਮ ਅਤੇ ਇਸ ਨਾਲ ਸਬੰਧਤ ਸੁਸਾਇਟੀਆਂ ਦੇ ਕਾਮੇ ਇਕ ਵਾਰ ਵਿਹਲੇ ਹੋ ਜਾਣਗੇ। ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਸਹਿਕਾਰੀ ਵਿਭਾਗ ਦੇ ਇੰਚਾਰਜ ਵੀ ਹਨ, ਨੇ ਉੱਚ ਪੱਧਰੀ ਮੀਟਿੰਗ ਵਿਚ ਕੀਤਾ।

ਸਹਿਕਾਰੀ ਸਭਾਵਾਂ ਪੰਜਾਬ ਦੇ ਸੰਯੁਕਤ ਰਜਿਸਟਰਾਰ (ਯੋਜਨਾ) ਨੇ ਮੀਟਿੰਗ ਦੇ ਫੈਸਲੇ 15 ਦਿਨਾਂ ਵਿਚ ਲਾਗੂ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਿਸ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ, ਉਸ ਵਿਚ ਬਾਕਾਇਦਾ ਕਿਹਾ ਗਿਆ ਕਿ ਹੁਣ ਅਦਾਰੇ ਨੂੰ ਜਾਰੀ ਰੱਖਣ ਦੀ ਕੋਈ ਜ਼ਰੂਰਤ ਨਹੀਂ ਹੈ, ਕਿਉਂਕਿ ਰਾਜ ਦੀਆਂ ਹੋਰ ਏਜੰਸੀਆਂ ਵੀ ਹਾਊਸਫੈੱਡ ਵਾਲਾ ਕੰਮ ਹੀ ਕਰ ਰਹੀਆਂ ਹਨ।

ਹੁਣ ਹਾਊਸਫੈੱਡ ਨੂੰ ਐਸ.ਏ.ਡੀ.ਬੀ. ਵਿਚ ਰਲਾਉਣ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਇਹ ਵਿਚਾਰ ਵੀ ਕੀਤੀ ਜਾ ਰਹੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜਿਹੜੇ ਕਰਮਚਾਰੀ ਇਸ ਵੇਲੇ ਹਾਊਸਫੈੱਡ ਵਿਚ ਕੰਮ ਕਰ ਰਹੇ ਹਨ, ਉਨ੍ਹਾਂ ਵਿਚੋਂ ਘੱਟ ਤੋਂ ਘੱਟ ਕਰਮਚਾਰੀਆਂ ਦੀ ਹੀ ਛਾਂਟੀ ਕਰਨੀ ਪਵੇ।

ਯਾਦ ਰਹੇ ਕਿ ਪਹਿਲਾਂ ਸਰਕਾਰ ਕੇਵਲ ਘਾਟੇ ਵਿਚ ਜਾ ਰਹੇ ਅਰਧ-ਸਰਕਾਰੀ ਅਦਾਰਿਆਂ ਨੂੰ ਬੰਦ ਕਰਨ ਤੱਕ ਸੀਮਤ ਸੀ ਪਰ ਹੁਣ ਸਰਕਾਰ ਨੇ ਮੁਨਾਫੇ ਵਿਚ ਜਾ ਰਹੇ ਹਾਊਸਫੈੱਡ ਨੂੰ ਵੀ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ। ਹਾਊਸਫੈੱਡ ਤਕਰੀਬਨ ਚਾਰ ਦਹਾਕੇ ਪਹਿਲਾਂ ਹੋਂਦ ਵਿੱਚ ਆਇਆ ਸੀ। ਅਦਾਰੇ ਵਿਚ ਨਿਗਰਾਨ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰਾਂ, ਉਪ ਮੰਡਲ ਇੰਜੀਨੀਅਰਾਂ, ਜੂਨੀਅਰ ਇੰਜੀਨੀਅਰਾਂ ਅਤੇ ਕਲੈਰੀਕਲ ਸਟਾਫ ਸਮੇਤ ਦਰਜਾ-4 ਦੇ 400 ਦੇ ਕਰੀਬ ਮੁਲਾਜ਼ਮ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਸ ਅਦਾਰੇ ਨਾਲ ਜੁੜੀਆਂ ਹਾਊਸਫੈੱਡ ਸੁਸਾਇਟੀਆਂ ਦੇ ਵੱਖਰੇ ਕਾਮੇ ਹਨ। ਇਹ ਅਦਾਰਾ ਦਹਾਕਿਆਂ ਤੋਂ ਮਕਾਨ ਬਣਾਉਣ ਲਈ ਕਰਜ਼ੇ ਦੇਣ ਦਾ ਕੰਮ ਕਰਦਾ ਆ ਰਿਹਾ ਹੈ।

## ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੀ ਨਿਖੇਧੀ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੇ ਦਿੱਲੀ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੀ ਸਖਤ ਨਿਖੇਧੀ ਕੀਤੀ ਹੈ। ਸੁਸਾਇਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤੀ ਹਾਕਮਾਂ ਵਲੋਂ ਸੌੜੀ ਸੋਚ ਕਾਰਨ ਇਕ ਪਾਸੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜਿਹੇ ਨਿਰਦੋਸ਼ ਸਿੱਖਾਂ ਨੂੰ ਫਾਂਸੀ ਚੜ੍ਹਾਇਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਸਿੱਖਾਂ ਦੇ ਕਾਤਲਾਂ ਨੂੰ ਬਰੀ ਕੀਤਾ ਜਾ ਰਿਹਾ ਹੈ। ਵਰਤੇ ਜਾ ਰਹੇ ਇਨ੍ਹਾਂ ਦੋਹਰੇ ਮਾਪਦੰਡਾਂ ਕਰਕੇ ਭਾਰਤੀ ਨਿਆਂਪਾਲਿਕਾ ਵਿਚ ਸਿੱਖ ਭਾਈਚਾਰੇ ਦਾ ਵਿਸ਼ਵਾਸ ਉਠ ਰਿਹਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਵਿਦੇਸ਼ਾਂ ਵਿਚ ਵਸਦੇ ਸਿੱਖ ਭਾਰਤ ਵਿਚ ਵਾਪਰਦੀ ਹਰ ਘਟਨਾ ਪ੍ਰਤੀ ਸੁਚੇਤ ਹਨ ਅਤੇ ਅਜਿਹੇ ਫੈਸਲਿਆਂ ਨਾਲ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਵਧ ਰਹੀ ਹੈ। ਸੁਸਾਇਟੀ ਨੇ ਕਿਹਾ ਹੈ ਕਿ ਸਮੂਹ ਸਿੱਖ ਭਾਈਚਾਰੇ ਦੀ ਇਹ ਸਾਂਝੀ ਆਵਾਜ਼ ਹੈ ਕਿ ਪ੍ਰੋ. ਭੁੱਲਰ ਅਤੇ ਜੇਲ੍ਹਾਂ ਵਿਚ ਬੰਦ ਹੋਰ ਸਿੱਖਾਂ ਨੂੰ ਰਿਹਾ ਕੀਤਾ ਜਾਵੇ ਅਤੇ ਸਿੱਖਾਂ ਦੇ ਕਾਤਲ ਸੱਜਣ ਕੁਮਾਰ ਅਤੇ ਹੋਰਨਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

# ਬਾਮਸੇਫ ਇੰਟਰਨੈਸ਼ਨਲ ਨੇ ਡਾ. ਅੰਬੇਦਕਰ ਦਾ ਜਨਮ ਦਿਨ ਮਨਾਇਆ



**ਸੈਕਰਾਮੈਂਟੋ (ਬਿਊਰੋ):** ਬਾਮਸੇਫ ਇੰਟਰਨੈਸ਼ਨਲ, ਕੈਲੀਫੋਰਨੀਆ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ 122ਵਾਂ ਜਨਮ ਦਿਨ ਲੰਘੇ ਸਨਿਚਰਵਾਰ ਇਥੇ ਮਨਾਇਆ ਗਿਆ ਜਿਸ ਵਿਚ ਕੈਲੀਫੋਰਨੀਆ ਦੀਆਂ ਸਭ ਗੁਰੂ ਰਵਿਦਾਸ ਸਭਾਵਾਂ ਅਤੇ ਭਾਰਤੀ ਬਹੁਜਨ ਸਮਾਜ ਦੇ ਨੁਮਾਇੰਦੇ ਪਰਿਵਾਰਾਂ ਸਮੇਤ ਸ਼ਾਮਲ ਹੋਏ। ਸਿੱਖ ਰਿਸਰਚ ਇੰਸਟੀਚਿਊਟ ਵਲੋਂ ਹਰਿੰਦਰ ਸਿੰਘ ਨਿਊ ਜਰਸੀ ਤੋਂ ਇਸ ਸਮਾਗਮ ਵਿਚ ਸ਼ਰੀਕ ਹੋਣ ਲਈ ਉਚੇਚੇ ਪਹੁੰਚੇ। ਗੁਰਦੁਆਰਾ ਸਟਾਕਟਨ ਤੋਂ ਮਨਜੀਤ ਸਿੰਘ ਉਪਲ ਅਤੇ ਗੁਰਦੁਆਰਾ ਸਾਹਿਬ ਬਰਾਡਸ਼ਾਹ ਦੇ ਮੁਖ ਸੇਵਾਦਾਰ ਗੁਰਪ੍ਰੀਤ ਸਿੰਘ ਚਾਹਲ ਆਪਣੇ ਸਾਥੀਆਂ ਸਮੇਤ ਸ਼ਰੀਕ ਹੋਏ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਜਨ ਸਿੰਘ ਭਿੰਡਰ ਨੇ ਸਰੋਤਿਆਂ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਭਾਰਤੀ ਹਿੰਦੂਵਾਦ ਡਾ. ਅੰਬੇਦਕਰ ਅਤੇ ਗਾਂਧੀ ਦੀ ਸੋਚ ਨੂੰ ਇਕਮਿਕ ਕਰਨ ਵਿਚ ਲੱਗਾ ਹੋਇਆ ਹੈ ਜਦੋਂਕਿ ਅਸਲੀਅਤ ਇਹ ਹੈ ਕਿ ਡਾ. ਅੰਬੇਦਕਰ ਸਮੂਹ ਭਾਰਤੀ ਲੋਕਾਂ ਦਾ ਭਲਾ ਚਾਹੁੰਦੇ ਸਨ, ਦੂਜੇ ਪਾਸੇ ਗਾਂਧੀ ਸਿਰਫ ਹਿੰਦੂਵਾਦ ਨੂੰ ਬਚਾਉਣ ਵਿਚ ਲੱਗਾ ਹੋਇਆ ਸੀ।

ਬਾਮਸੇਫ ਦੇ ਇੰਟਰਨੈਸ਼ਨਲ ਕੋ-ਆਰਡੀਨੇਟਰ ਐਮ ਆਰ ਪਾਲ ਨੇ ਡਾ. ਅੰਬੇਦਕਰ ਦੀ ਸਮਾਜ ਪ੍ਰਤੀ ਦੇਣ ਨੂੰ ਉਜਾਗਰ ਕਰਦਿਆਂ ਕਿਹਾ ਕਿ ਉਹ ਚਾਹੁੰਦੇ ਸਨ ਕਿ ਹਿੰਦੂਵਾਦ ਵਲੋਂ ਛੇ ਹਜਾਰ ਜਾਤਾਂ ਵਿਚ ਵੰਡੇ ਗਏ ਬਹੁਜਨ ਸਮਾਜ ਨੂੰ ਇਕ ਪਲੇਫਾਰਮ ‘ਤੇ ਇਕੱਠੇ ਹੋ ਕੇ ਆਪਣੀ ਆਜਾਦੀ ਵਾਸਤੇ ਸੰਘਰਸ਼ ਕਰਨਾ ਚਾਹੀਦਾ ਹੈ। ਸਿੱਖ ਰਿਸਰਚ ਇੰਸਟੀਚਿਊਟ ਦੇ ਨੁਮਾਇੰਦੇ ਹਰਿੰਦਰ ਸਿੰਘ ਨੇ ਬਾਬਾ ਸਾਹਿਬ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੀ ਸਿੱਖ ਸੰਦਰਭ ਵਿਚ ਗੱਲ ਕਰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਅਤੇ ਬਾਬਾ ਸਾਹਿਬ ਦੀ ਸੋਚ ਇਕ ਹੀ ਹਨ। ਉਨ੍ਹਾਂ ਇਸ ਗੱਲ ‘ਤੇ ਦੁਖ ਪ੍ਰਗਟ ਕੀਤਾ ਕਿ ਜਦੋਂ ਡਾ. ਅੰਬੇਦਕਰ ਬਹੁਜਨ ਸਮਾਜ ਦੇ ਸਿੱਖ ਧਰਮ ਵਿਚ ਸ਼ਾਮਲ ਹੋਣ ਦੀ ਗੱਲ ਕਰ ਰਹੇ ਸਨ ਤਾਂ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਖੋਟੀ ਨੀਅਤ ਅਤੇ ਮਨੂਵਾਦੀ ਸੌੜੀ ਸੋਚ ਨੇ ਅਜਿਹਾ ਨਾ ਹੋਣ ਦਿਤਾ। ਖੁਦ ਤੰਗੀਆਂ-ਤੁਰਸ਼ੀਆਂ ਅਤੇ ਲੰਬੇ ਸੰਘਰਸ਼ ਦੀ ਜ਼ਿੰਦਗੀ ਕੱਟ ਕੇ ਬਾਬਾ ਸਾਹਿਬ ਸਾਨੂੰ ਸਹੀ ਰਾਸਤਾ ਦਿਖਾ ਗਏ। ਅਜ ਸਾਨੂੰ ਸਭ ਨੂੰ ਜਾਤ-ਪਾਤ ਤੋਂ ਉਪਰ ਉਠ ਕੇ ਚਲਣ ਦੀ ਲੋੜ ਹੈ। ਹੰਸ ਰਾਜ ਕਾਜਲਾ ਨੇ ਵਿਦਿਅਕ ਪੜ੍ਹਾਈ ਉਪਰ ਜੋਰ ਦਿਤਾ।

ਇਸ ਮੌਕੇ ਇੰਡੋ ਯੂ ਐਸ ਡਾਇਲਾਗ ਅਤੇ ਅੰਬੇਦਕਰ ਟਾਈਮਜ਼ ਦੇ ਬਾਬਾ ਸਾਹਿਬ ਦੇ ਜਨਮ ਦਿਨ ‘ਤੇ ਕੱਢੇ ਗਏ ਵਿਸ਼ੇਸ਼ ਅੰਕ ਰਿਲੀਜ਼ ਕੀਤੇ ਗਏ। ਇੰਡੋ ਯੂ ਐਸ ਡਾਇਲਾਗ ਦੇ ਸੰਪਾਦਕ ਕੁਲਦੀਪ ਸਿੰਘ ਧਾਲੀਵਾਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਸਹੀ ਇਰਾਦੇ ਨਾਲ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨਾ ਚਾਹੀਦਾ ਹੈ ਤਦ ਹੀ ਅਸੀਂ ਬਾਬਾ ਸਾਹਿਬ ਦੀ ਸੋਚ ‘ਤੇ ਪਹਿਰਾ ਦੇ ਸਕਾਂਗੇ। ਸਮਾਗਮ ਨੂੰ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਸੰਬੋਧਨ ਕੀਤਾ।




## ਚੀਨ ਲੱਦਾਖ ਵਿਚ ਇਕ ਕਦਮ ਹੋਰ ਵਧਿਆ

**ਨਵੀਂ ਦਿੱਲੀ:** ਭਾਰਤ ਵੱਲੋਂ ਕੀਤੇ ਗਏ ਇਤਰਾਜ਼ਾਂ ਦੇ ਬਾਵਜੂਦ ਚੀਨੀ ਫੌਜਾਂ ਨੇ ਲੱਦਾਖ ਖਿੱਤੇ ਦੇ ਦੌਲਤ ਬੇਗ ਓਲਡੀ (ਡੀਓਬੀ) ਖਿੱਤੇ ਵਿਚ ਆਪਣੀ ਘੁਸਪੈਠ ਨੂੰ ਪੱਕੀ ਮੋਰਚਾਬੰਦੀ ਦਾ ਰੂਪ ਦੇਣ ਦਾ ਅਮਲ ਜਾਰੀ ਰੱਖਿਆ। ਇਸ ਨੇ ਉੱਥੇ ਇਕ ਹੋਰ ਟੈਂਟ ਗੱਡ ਲਿਆ ਹੈ ਜਿਸ ਸਦਕਾ ਉਸ ਦੇ ਅਜਿਹੇ ਟੈਂਟ ਦੀ ਗਿਣਤੀ ਪੰਜ ਹੋ ਗਈ ਹੈ। ਚੀਨ ਇਸ ਆਧਾਰ ‘ਤੇ ਇਸ ਘੁਸਪੈਠ ਨੂੰ ਜਾਇਜ਼ ਦੱਸ ਰਿਹਾ ਹੈ ਕਿ ਦੋਵਾਂ ਦਰਮਿਆਨ ਸਰਹੱਦ ਜਾਂ ਅਸਲ ਕੰਟਰੋਲ ਰੇਖਾ ਦੀ ਸਪਸ਼ਟ ਨਿਸ਼ਾਨਦੇਹੀ ਨਹੀਂ ਹੋਈ। ਉਸ ਨੇ ਸ਼ਰਤ ਵੀ ਰੱਖੀ ਹੈ ਕਿ ਜੇ ਭਾਰਤੀ ਫੌਜ ਕੁਝ ਅਹਿਮ ਸਰਹੱਦੀ ਥਾਵਾਂ ਤੋਂ ਆਪਣੇ ਬੰਕਰ ਹਟਾ ਲਵੇ ਤਾਂ ਚੀਨੀ ਫੌਜੀ ਵੀ 19 ਅਪਰੈਲ ਤੋਂ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ ‘ਤੇ ਪਰਤ ਜਾਣਗੇ।

ਇਸ ਦੇ ਨਾਲ ਹੀ ਦੇਪਸਾਂਗ ਵਾਦੀ ਵਿਚ ਘੁਸਪੈਠ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਟਿੱਪਣੀਆਂ ਦਾ ਚੀਨ ਨੇ ਨੋਟਿਸ ਲਿਆ ਹੈ। ਚੀਨ ਨੇ ਕਿਹਾ ਹੈ ਕਿ ਉਹ ਸਰਹੱਦ ਉਤੇ ਸ਼ਾਂਤੀ ਬਰਕਰਾਰ ਰੱਖਣ ਲਈ ਮਤਭੇਦ ਸੁਲਝਾਉਣ ਬਾਰੇ ਭਾਰਤ ਨਾਲ ਮਿਲ ਕੇ ਕੰਮ ਕਰਨ ਦਾ ਇੱਛੁਕ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵੇਂ ਦੇਸ਼ ਸਰਹੱਦੀ ਮਾਮਲਿਆਂ ਬਾਰੇ ਵਿਚਾਰ-ਵਟਾਂਦਰੇ ਦੇ ਮੌਜੂਦਾ ਢਾਂਚੇ ਰਾਹੀਂ ਤਾਲਮੇਲ ਕਰ ਰਹੇ ਹਨ।

ਇਸੇ ਦੌਰਾਨ ਭਾਜਪਾ ਦੇ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੂੰ ਆਪਣਾ 9 ਮਈ ਦਾ ਚੀਨ ਦੌਰਾ ਰੱਦ ਕਰ ਦੇਣਾ ਚਾਹੀਦਾ ਹੈ।

# ਪੰਜਾਬ ਸਰਕਾਰ ਵੱਲੋਂ ਕੇਂਦਰੀ ਫੰਡਾਂ ਵਿਚ ਵੱਡਾ ਘਾਲਾਮਾਲਾ

## ਮਜ਼ਦੂਰਾਂ ਲਈ ਆਏ ਫੰਡ ਲੈਪਟਾਪ ਤੇ ਸੋਫਿਆਂ 'ਤੇ ਖਰਚੇ




**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਯਕੀਨੀ ਐਕਟ (ਮਨਰੇਗਾ) ਦੀ ਸਕੀਮ ਤਹਿਤ ਹਾਸਲ ਹੋਏ ਫੰਡਾਂ ਵਿਚ ਵੱਡਾ ਘਾਲਾਮਾਲਾ ਕੀਤਾ ਹੈ ਤੇ ਫੰਡ ਸਕੀਮ ਤਹਿਤ ਖਰਚਣ ਦੀ ਥਾਂ ਲੈਪਟਾਪ, ਸੋਫਾ ਸੈਟ ਖਰੀਦ ਕੇ ਤੇ ਰੈਸਟ ਹਾਊਸ ਦੀ ਮੁਰੰਮਤ ਕਰਵਾਉਣ 'ਤੇ ਖਰਚ ਦਿੱਤੇ। ਇਹ ਖੁਲਾਸਾ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪ੍ਰੀਖਕ (ਕੈਗ) ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਿਪੋਰਟ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਪੰਜਾਬ ਸਰਕਾਰ ਨੇ ਚਾਰ ਜ਼ਿਲ੍ਹਿਆਂ ਵਿਚ 1.21 ਕਰੋੜ ਰੁਪਏ ਅਜਿਹੇ ਕੰਮਾਂ ਉਪਰ ਖਰਚੇ ਹਨ ਜੋ ਸਕੀਮ ਅਧੀਨ ਆਉਂਦੇ ਹੀ ਨਹੀਂ।

ਕੈਗ ਨੇ 31 ਮਾਰਚ, 2012 ਤੱਕ ਤਿਆਰ ਕੀਤੀ ਰਿਪੋਰਟ ਵਿਚ ਉਂਗਲੀ ਉਠਾਈ ਹੈ ਕਿ ਪੰਜਾਬ ਸਰਕਾਰ ਨੇ ਜਿਥੇ ਕੁੱਲ 22 ਜ਼ਿਲ੍ਹਿਆਂ ਵਿਚੋਂ ਸੱਤ ਜ਼ਿਲ੍ਹਿਆਂ ਦੇ 'ਜ਼ਿਲ੍ਹਾ ਪ੍ਰੋਸਪੈਕਟਿਵ ਪਲਾਨ' ਨਹੀਂ ਬਣਾਏ, ਉਥੇ ਜਿਹੜੇ ਜ਼ਿਲ੍ਹਿਆਂ ਵਿਚ ਇਹ ਪਲਾਨ ਬਣਾਏ ਵੀ ਗਏ ਹਨ, ਉਨ੍ਹਾਂ ਨੂੰ ਮਨਜ਼ੂਰੀ ਹੀ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਰਾਜ ਵਿਚ ਸਾਲ 2007-12 ਦੌਰਾਨ ਇਕ ਸਾਲ ਵਿਚ ਪ੍ਰਤੀ ਵਿਅਕਤੀ ਨੂੰ 100 ਦਿਨਾਂ ਦਾ ਯਕੀਨਨ ਕੰਮ ਦੇਣ ਦੀ ਥਾਂ ਔਸਤਨ 25 ਤੋਂ 39 ਦਿਨਾਂ ਦਾ ਕੰਮ ਹੀ ਦਿਵਾਇਆ ਗਿਆ। ਰਾਜ ਦੇ ਛੇ ਜ਼ਿਲ੍ਹਿਆਂ ਵਿਚ ਰਜਿਸਟਰਡ ਵਿਅਕਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਦਰ ਜਿਥੇ ਦੋ ਤੋਂ 79 ਫੀਸਦ ਹੈ, ਉਥੇ ਰਜਿਸਟਰਡ ਵਿਅਕਤੀਆਂ ਨੂੰ 100 ਦਿਨ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਦਰ 0 ਤੋਂ ਅੱਠ ਫੀਸਦੀ ਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਛੇ ਜ਼ਿਲ੍ਹਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਮਜ਼ਦੂਰੀ ਮਿਲਣ ਵਿਚ 790 ਦਿਨ ਦੀ ਦੇਰੀ ਹੋਈ ਹੈ ਤੇ ਇਨ੍ਹਾਂ ਮਜ਼ਦੂਰਾਂ ਨੂੰ ਦੇਰੀ ਦਾ ਕੋਈ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਰਿਪੋਰਟ ਮੁਤਾਬਕ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਮਨਰੇਗਾ ਸਟਾਫ ਦੀ ਵੱਡੀ ਘਾਟ ਹੈ। ਲੇਖਾ ਪ੍ਰੀਖਿਆ ਜਾਂਚ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਰਕਾਰ ਨੇ ਲੋਕਾਂ ਨੂੰ ਢੁਕਵੇਂ ਤਰੀਕੇ ਨਾਲ ਇਸ ਸਕੀਮ ਤੋਂ ਜਾਣੂ ਹੀ ਨਹੀਂ ਕਰਵਾਇਆ। ਭਾਰਤ ਸਰਕਾਰ ਵੱਲੋਂ 3 ਜ਼ਿਲ੍ਹਿਆਂ ਬਰਨਾਲਾ, ਫਿਰੋਜ਼ਪੁਰ ਤੇ ਮੁਕਤਸਰ 'ਚ ਸਿੱਖਿਆ ਤੇ ਸੰਚਾਰ ਕਿਰਿਆ ਲਈ 2007-08 ਦੌਰਾਨ 7-7 ਲੱਖ ਰੁਪਏ ਦਿੱਤੇ ਸਨ ਪਰ ਇਸ ਦੀ ਵਰਤੋਂ ਲਈ ਕੋਈ ਯੋਜਨਾ ਹੀ ਨਹੀਂ ਬਣਾਈ ਗਈ। ਰਿਪੋਰਟ ਮੁਤਾਬਕ ਮਨਰੇਗਾ ਤਹਿਤ ਪੰਜਾਬ ਨੂੰ ਸਾਲ 2007-12 ਦੌਰਾਨ ਕੁੱਲ 868.82 ਕਰੋੜ ਰੁਪਏ ਦਿੱਤੇ ਗਏ ਸਨ ਜਿਨ੍ਹਾਂ ਵਿਚੋਂ ਕੇਵਲ 569.31 ਕਰੋੜ ਰੁਪਏ ਹੀ ਖਰਚ ਹੋਏ ਹਨ। ਪੜਤਾਲ ਦੌਰਾਨ ਪੰਜਾਬ ਦੇ ਹਿੱਸੇ ਤੋਂ ਘੱਟ ਅਦਾਇਗੀ ਕਰਨ, ਫੰਡਾਂ ਦਾ ਹੇਰ-ਫੇਰ ਕਰਨ ਤੇ ਮਸਟ ਰੋਲਾਂ ਵਿਚ ਬੇਨਿਯਮੀਆਂ ਕਰਨ ਦੇ ਤੱਥ ਵੀ ਸਾਹਮਣੇ ਆਏ ਹਨ ਜਿਸ ਤਹਿਤ ਇਸ ਸਕੀਮ ਅਧੀਨ ਮਿਲੇ 39.61 ਲੱਖ ਰੁਪਏ ਲੈਪਟਾਪ ਤੇ ਸੋਫੇ ਖਰੀਦਣ ਤੇ ਰੈਸਟ ਹਾਊਸ ਦੀ ਮੁਰੰਮਤ ਦੇ ਕੰਮਾਂ 'ਤੇ ਖਰਚੇ ਗਏ ਹਨ ਜਦਕਿ ਇਹ ਕੰਮ ਮਨਰੇਗਾ ਤਹਿਤ ਆਉਂਦੇ ਹੀ ਨਹੀਂ ਹਨ।

## ਸੁਖਬੀਰ ਦੇ ਪ੍ਰਸ਼ਾਸਕੀ ਸੁਧਾਰਾਂ ਦੀ ਨਿਕਲੀ ਫੂਕ



**ਚੰਡੀਗੜ੍ਹ:** ਪੰਜਾਬੀਆਂ ਨੂੰ ਬਿਨਾ ਖੱਜਲ-ਖੁਆਰੀ ਤੋਂ ਸਮੇਂ ਸਿਰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਸ਼ਾਸਨ ਵੱਲੋਂ ਕੀਤਾ ਯਤਨਾਂ ਤੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਫਾ ਹਨ। ਪ੍ਰਸ਼ਾਸਕੀ ਸੁਧਾਰਾਂ 'ਤੇ ਅਮਲ ਬਾਰੇ ਜਾਇਜ਼ਾ ਕਮੇਟੀ ਦੀ ਬੈਠਕ ਦੌਰਾਨ ਸ. ਬਾਦਲ ਨੇ ਕਿਹਾ ਕਿ ਸੇਵਾਵਾਂ ਪ੍ਰਦਾਨ ਕਰਨ ਬਾਰੇ ਪੇਸ਼ ਕੀਤੀ ਸਰਕਾਰੀ ਰਿਪੋਰਟ ਤੋਂ ਉਹ ਸੰਤੁਸ਼ਟ ਨਹੀਂ। ਉਨ੍ਹਾਂ ਕਿਹਾ ਕਿ ਸੇਵਾਵਾਂ ਲਈ 89 ਲੱਖ ਬੇਨਤੀਆਂ ਵਿਚੋਂ 33000 'ਤੇ ਹੀ ਗੌਰ ਕੀਤੀ ਗਈ ਹੈ ਪਰ ਇਸ ਬਾਰੇ ਪਹਿਲੀ ਅਪੀਲਕਰਤਾ ਅਥਾਰਟੀ ਕੋਲ ਸਿਰਫ 612 ਅਪੀਲਾਂ ਹੋਈਆਂ ਜਿਸ ਤੋਂ ਪਤਾ ਲੱਗਦਾ ਹੈ ਕਿ ਅਧਿਕਾਰੀਆਂ ਤੇ ਜਨਤਾ ਵਿਚ ਸਪਸ਼ਟ ਅਸੰਪਰਕ ਹੈ। ਸ. ਬਾਦਲ ਨੇ ਹੈਰਾਨੀ ਪ੍ਰਗਟਾਈ ਕਿ 568 ਅਪੀਲਾਂ ਵਿਚੋਂ ਸਿਰਫ ਨੌਂ ਅਪੀਲਾਂ ਹੀ ਦੂਸਰੀ ਅਪੀਲ ਕਰਤਾ ਅਥਾਰਿਟੀ ਕੋਲ ਦਰਜ ਹੋਈਆਂ ਤੇ ਹੁਣ ਤੱਕ ਸਿਰਫ ਪੰਜ ਮੁਲਾਜ਼ਮਾਂ ਨੂੰ ਦੰਡ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਿਆਂ ਵੱਲੋਂ ਪੇਸ਼ ਕੀਤੀ ਗਈ ਇਸ ਤਸਵੀਰ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹਨ ਤੇ ਸੇਵਾਵਾਂ ਪ੍ਰਦਾਨ ਕਰਨ ਬਾਰੇ ਸਿਰਫ ਥਰਡ ਪਾਰਟੀ ਆਡਿਟ ਹੀ ਸਪਸ਼ਟ ਤਸਵੀਰ ਪੇਸ਼ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਕੀ ਸੁਧਾਰ ਹੇਠ ਨਾਗਰਿਕ ਸੇਵਾ ਕੇਂਦਰ ਹਰੇਕ ਪੰਜ ਹਜ਼ਾਰ ਦਿਹਾਤੀ ਆਬਾਦੀ ਤੇ ਸ਼ਹਿਰੀ ਵਾਰਡ ਲਈ ਮਾਰਚ 2014 ਤੱਕ ਸਥਾਪਤ ਕਰ ਦਿੱਤਾ ਜਾਵੇਗਾ।

## ਭੱਠਲ ਤੋਂ ਸਰਕਾਰੀ ਰਿਹਾਇਸ਼ ਖਾਲੀ ਕਰਾਉਣ ਦਾ ਹੁਕਮ

**ਚੰਡੀਗੜ੍ਹ:** ਅਹੁਦੇ ਦੀ ਮਿਆਦ ਖਤਮ ਹੋਣ ਪਿੱਛੋਂ ਵੀ ਸਰਕਾਰੀ ਮਕਾਨਾਂ ਵਿਚ ਡੇਰੇ ਲਾਈ ਬੈਠੇ ਸਰਕਾਰੀ ਅਧਿਕਾਰੀਆਂ ਤੇ ਸਿਆਸਤਦਾਨਾਂ ਖਿਲਾਫ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਸਾਫ ਕਰ ਦਿੱਤਾ ਕਿ ਜਿਹੜੇ ਸਰਕਾਰੀ ਅਧਿਕਾਰੀ ਤੇ ਹੋਰ ਲੋਕ ਉਨ੍ਹਾਂ ਨੂੰ ਪਹਿਲਾਂ ਅਲਾਟ ਸਰਕਾਰੀ ਰਿਹਾਇਸ਼ਾਂ ਵਿਚ ਠਹਿਰਨ ਦੇ ਹੱਕਦਾਰ ਨਹੀਂ ਰਹਿਣਗੇ, ਉਨ੍ਹਾਂ ਨੂੰ ਫੌਰੀ ਇਨ੍ਹਾਂ ਨੂੰ ਖਾਲੀ ਕਰਨਾ ਪਵੇਗਾ।

ਇਨ੍ਹਾਂ ਹੁਕਮਾਂ ਦੀ ਸਾਬਕਾ ਮੁੱਖ ਮੰਤਰੀਆਂ ਬੀਬੀ ਰਜਿੰਦਰ ਕੌਰ ਭੱਠਲ ਤੇ ਸੁਰਜੀਤ ਸਿੰਘ ਬਰਨਾਲਾ ਦੇ ਮਾਮਲਿਆਂ ਕਾਰਨ ਅਹਿਮੀਅਤ ਹੋਰ ਵੀ ਵੱਧ ਸਮਝੀ ਜਾ ਰਹੀ ਹੈ। ਸਰਕਾਰ ਨੇ ਪਿਛਲੀ ਪੇਸ਼ੀ ਮੌਕੇ ਅਦਾਲਤ ਵਿਚ ਕਿਹਾ ਸੀ ਕਿ ਇਨ੍ਹਾਂ ਦੋਵੇਂ ਆਗੂਆਂ ਨੇ ਸਰਕਾਰੀ ਰਿਹਾਇਸ਼ਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਅਦਾਲਤ ਨੇ ਪੰਜਾਬ ਤੇ ਹਰਿਆਣਾ ਸਰਕਾਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਸਰਕਾਰੀ ਮਕਾਨਾਂ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਰੱਖਣ ਵਾਲੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਸੇਵਾ ਮੁਕਤ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਰੋਕ ਲਈਆਂ ਜਾਣ।

ਅਦਾਲਤ ਨੇ ਕਿਹਾ ਕਿ ਗ਼ੈਰ-ਕਾਨੂੰਨੀ ਕਾਬਜ਼ਕਾਰਾਂ ਨੂੰ 15 ਦਿਨਾਂ ਵਿਚ ਮਕਾਨ ਖਾਲੀ ਕਰਨ ਦਾ ਨੋਟਿਸ ਦਿੱਤਾ ਜਾਵੇ ਤੇ ਖਾਲੀ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਖ਼ਿਲਾਫ਼ ਛੇ ਹਫਤਿਆਂ ਵਿਚ ਕਾਰਵਾਈ ਮੁਕੰਮਲ ਕੀਤੀ ਜਾਵੇ। ਅਦਾਲਤ ਨੇ ਇਹ ਹੁਕਮ ਇਕ ਲੋਕ ਹਿੱਤ ਪਟੀਸ਼ਨ ਦੇ ਆਧਾਰ 'ਤੇ ਸੁਣਾਇਆ। ਇਸ ਪਟੀਸ਼ਨ ਵਿਚ ਚੰਡੀਗੜ੍ਹ ਦੇ ਅਹਿਮ ਸੈਕਟਰਾਂ ਵਿਚ ਨਾਮੀ ਸਿਆਸਤਦਾਨਾਂ, ਸਾਬਕਾ ਮੰਤਰੀਆਂ ਤੇ ਰਿਟਾਇਰਡ ਅਫਸਰਸ਼ਾਹਾਂ ਵੱਲੋਂ ਸਰਕਾਰੀ ਰਿਹਾਇਸ਼ਾਂ ਨੂੰ ਖਾਲੀ ਨਾ ਕਰਨ ਦਾ ਮਾਮਲਾ ਉਠਾਇਆ ਗਿਆ ਹੈ।

## ਭਗੌੜੇ ਕੈਦੀ ਪੁਲਿਸ ਮੁਕਾਬਲੇ ਵਿਚ ਹਲਾਕ

**ਬਠਿੰਡਾ:** ਪੁਲਿਸ ਨੇ 25 ਅਪਰੈਲ ਨੂੰ ਇਕ ਹੌਲਦਾਰ ਦਾ ਕਤਲ ਕਰ ਕੇ ਭੱਜੇ ਬਠਿੰਡਾ ਜੇਲ੍ਹ ਦੇ ਤਿੰਨ ਕੈਦੀਆਂ ਵਿਚੋਂ ਦੋ ਨੂੰ ਮੁਕਾਬਲੇ ਦੌਰਾਨ ਮਾਰ ਮੁਕਾਇਆ ਹੈ ਜਦੋਂਕਿ ਉਨ੍ਹਾਂ ਦਾ ਤੀਜਾ ਸਾਥੀ ਫਰਾਰ ਹੈ। ਪੁਲਿਸ ਮੁਤਾਬਕ ਪਿੰਡ ਬਹਿਨੀਵਾਲ ਕੋਲ ਨਾਕਾ ਲਾਇਆ ਹੋਇਆ ਸੀ। ਜਦੋਂ ਨਾਕੇ 'ਤੇ ਮੌਜੂਦ ਪੁਲਿਸ ਨੇ ਤਿੰਨ ਮੋਟਰਸਾਈਕਲ ਸਵਾਰਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਅੱਗਿਓਂ ਉਨ੍ਹਾਂ ਗੋਲੀ ਚਲਾ ਦਿੱਤੀ। ਤਕਰੀਬਨ ਡੇਢ ਘੰਟਾ ਦੋਵਾਂ ਪਾਸਿਓਂ ਰੁਕ-ਰੁਕ ਕੇ ਗੋਲਾਬਾਰੀ ਹੋਈ।

ਫਾਇਰਿੰਗ ਦੇ ਬੰਦ ਹੋਣ ਮਗਰੋਂ ਜਦੋਂ ਪੁਲਿਸ ਨੇ ਤਲਾਸ਼ੀ ਲਈ ਤਾਂ ਦੋ ਲਾਸ਼ਾਂ ਮਿਲੀਆਂ ਜਿਨ੍ਹਾਂ ਦੀ ਪਛਾਣ ਕੁਲਵਿੰਦਰ ਸਿੰਘ ਤੇ ਨਾਹਰ ਸਿੰਘ ਵਾਸੀ ਜੈ ਸਿੰਘ ਵਾਲਾ ਵਜੋਂ ਹੋਈ ਜਦੋਂ ਕਿ ਮੌਕੇ ਤੋਂ ਬਚ ਨਿਕਲਣ ਵਾਲਾ ਜਸਵਿੰਦਰ ਸਿੰਘ ਸੀ। ਪੁਲਿਸ ਨੂੰ ਮੌਕੇ ਤੋਂ 25 ਅਪਰੈਲ ਨੂੰ ਮੁਲਾਜ਼ਮਾਂ ਕੋਲੋਂ ਖੋਹੀ ਐਸਐਲਆਰ ਤੇ ਇਕ 32 ਬੋਰ ਦਾ ਪਿਸਤੌਲ ਬਰਾਮਦ ਹੋਇਆ। 25 ਅਪਰੈਲ ਦੀ ਸ਼ਾਮ ਨੂੰ ਕੈਦੀ ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਨਾਹਰ ਸਿੰਘ ਨੂੰ ਜਦੋਂ ਪੰਚਕੂਲਾ ਤੋਂ ਪੇਸ਼ੀ ਭੁਗਤਾਉਣ ਮਗਰੋਂ ਬਠਿੰਡਾ ਪੁਲਿਸ ਵਾਪਸ ਲਿਆ ਰਹੀ ਸੀ ਤਾਂ ਉਨ੍ਹਾਂ ਨੇ ਪਿੰਡ ਮਾਈਸਰਖਾਨਾ ਕੋਲ ਮੁਲਾਜ਼ਮਾਂ ਦੀਆਂ ਅੱਖਾਂ ਵਿਚ ਮਿਰਚਾਂ ਪਾ ਕੇ ਉਨ੍ਹਾਂ ਤੋਂ ਸਰਕਾਰੀ ਐਸਐਲਆਰ ਖੋਹ ਲਈ। ਮਗਰੋਂ ਪੁਲਿਸ ਪਾਰਟੀ 'ਤੇ ਹਮਲਾ ਕਰਕੇ ਹੌਲਦਾਰ ਅਵਤਾਰ ਸਿੰਘ ਨੂੰ ਹਲਾਕ ਕਰ ਦਿੱਤਾ ਸੀ। ਵਾਰਦਾਤ ਪਿੱਛੋਂ ਇਹ ਤਿੰਨੋਂ ਸਰਕਾਰੀ ਅਸਲਾ ਲੈ ਕੇ ਫਰਾਰ ਹੋ ਗਏ ਸਨ। ਸਾਲ 2006 ਤੋਂ ਸਰਗਰਮ ਇਹ ਤਿੰਨੋਂ ਕੈਦੀ ਅੰਤਰਰਾਜੀ ਗਰੋਹ ਦੇ ਮੈਂਬਰ ਸਨ ਤੇ ਇਨ੍ਹਾਂ ਵਿਚੋਂ ਕੈਦੀ ਜਸਵਿੰਦਰ ਸਿੰਘ ਤੇ ਕੁਲਵਿੰਦਰ ਸਿੰਘ ਉਪਰ ਪੰਜਾਬ, ਰਾਜਸਥਾਨ ਵਿਚ 15-15 ਤੇ ਨਾਹਰ ਸਿੰਘ 'ਤੇ 13 ਕੇਸ ਦਰਜ ਹਨ। ਉਧਰ, ਮਾਰੇ ਗਏ ਨੌਜਵਾਨ ਕੁਲਵਿੰਦਰ ਸਿੰਘ ਦੇ ਪਰਿਵਾਰ ਨੇ ਪੁਲਿਸ ਮੁਕਾਬਲੇ ਨੂੰ ਫਰਜ਼ੀ ਦੱਸਿਆ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਅਪਰਾਧੀਆਂ ਨੂੰ ਚਾਹੇ ਕਾਨੂੰਨ ਫਾਂਸੀ ਦੀ ਸਜ਼ਾ ਦੇ ਦਿੰਦਾ ਪਰ ਇਸ ਤਰ੍ਹਾਂ ਫਰਜ਼ੀ ਮੁਕਾਬਲੇ ਵਿਚ ਮਾਰਨ ਦਾ ਪੁਲਿਸ ਨੂੰ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਵੱਲੋਂ ਇਹ ਮੁਕਾਬਲਾ ਸਹੀ ਹੈ ਤਾਂ ਤੀਜਾ ਜਸਵਿੰਦਰ ਸਿੰਘ ਕਿਵੇਂ ਬਚ ਗਿਆ ਤੇ ਉਸ ਨੇ ਫਰਾਰ ਹੋਣ ਲਈ ਮੋਟਰਸਾਈਕਲ ਕਿਥੋਂ ਲਿਆ। ਉਨ੍ਹਾਂ ਸ਼ੰਕਾ ਜ਼ਾਹਰ ਕਰਦਿਆਂ ਕਿਹਾ ਕਿ ਜਸਵਿੰਦਰ ਸਿੰਘ ਫਰਾਰ ਨਹੀਂ ਹੋਇਆ ਸਗੋਂ ਪੁਲਿਸ ਦੀ ਹਿਰਾਸਤ ਵਿਚ ਹੀ ਹੈ ਤੇ ਉਸ ਨੂੰ ਮਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

**ਪਰਿਵਾਰਕ ਮੈਂਬਰਾਂ ਵੱਲੋਂ ਫਰਜ਼ੀ ਮੁਕਾਬਲੇ ਦਾ ਦੋਸ਼**

## ਨਸ਼ੇੜੀ ਨੇ ਪਿਉ ਨੂੰ ਕੁੱਟ-ਕੁੱਟ ਕੇ ਮਾਰਿਆ

**ਰਾਮਪੁਰਾ ਫੂਲ:** ਨਸ਼ੇ ਲਈ ਪੈਸੇ ਨਾ ਦੇਣ 'ਤੇ ਇਕ ਨਸ਼ੇੜੀ ਪੁੱਤ ਨੇ ਆਪਣੇ ਪਿਉ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਰਮੇਸ਼ ਕੁਮਾਰ ਪੁੱਤਰ ਕਾਲੀ ਰਾਮ ਰਾਮਪੁਰਾ ਫੂਲ ਦੀ ਮਹਿਰਾਜ ਬਸਤੀ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ। ਉਹ ਸ਼ਹਿਰ ਵਿਚ ਬੋਕਰਾਂ ਬਣਾਉਣ ਦਾ ਕੰਮ ਕਰਦਾ ਸੀ ਤੇ ਉਸ ਦੇ ਨਾਲ ਉਸ ਦਾ ਬੇਟਾ ਅਨੁਜ ਕੁਮਾਰ ਅਨੂ ਵੀ ਰਹਿੰਦਾ ਸੀ। ਅਨੁਜ ਕੁਮਾਰ ਸ਼ਰਾਬ ਦੇ ਪੈਸੇ ਲਈ ਉਸ ਦਾ ਅਕਸਰ ਆਪਣੇ ਪਿਤਾ ਨਾਲ ਝਗੜਾ ਹੁੰਦਾ ਰਹਿੰਦਾ ਸੀ। ਘਟਨਾ ਵਾਲੇ ਦਿਨ ਸ਼ਰਾਬ ਲਈ ਪੈਸੇ ਦੇਣ ਤੋਂ ਨਾ ਕਰਨ 'ਤੇ ਅਨੁਜ ਨੇ ਪਿਤਾ ਨੂੰ ਬੇਰਹਿਮੀ ਨਾਲ ਕੁੱਟਿਆ ਤੇ ਬਾਅਦ ਵਿਚ ਰੌਲਾ ਪਾ ਦਿੱਤਾ ਕਿ ਉਸ ਦੇ ਪਿਤਾ ਨੂੰ ਆਵਾਰਾ ਢੱਠੇ ਨੇ ਜ਼ਖ਼ਮੀ ਕਰ ਦਿੱਤਾ ਹੈ। ਰਮੇਸ਼ ਕੁਮਾਰ ਨੂੰ ਗੁਆਂਢੀਆਂ ਨੇ ਸਥਾਨਕ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਜਿਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

## ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਕੋਲ ਉਠਾਇਆ ਕਾਲੀ ਵੇਈਂ ਦਾ ਮੁੱਦਾ



**ਨਵੀਂ ਦਿੱਲੀ:** ਸ੍ਰੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਕਾਲੀ ਵੇਈਂ ਦੇ ਪਲੀਤ ਹੋ ਰਹੇ ਪਾਣੀ ਦੇ ਮੁੱਦੇ ਨੂੰ ਲੈ ਕੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਇਸ ਪਾਸੇ ਧਿਆਨ ਦਵਾਇਆ ਹੈ। ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨੂੰ ਕਾਲੀ ਵੇਈਂ ਦੀ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਇਸ ਵੇਈਂ ਨੂੰ ਪੰਜਾਬ ਸਰਕਾਰ ਨੇ ਪਵਿੱਤਰ ਐਲਾਨਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਇਸ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਸੁਲਤਾਨਪੁਰ ਲੋਧੀ ਆਉਣ ਦਾ ਸੱਦਾ ਵੀ ਦਿੱਤਾ।

ਸੰਤ ਸੀਚੇਵਾਲ ਨੇ ਦੱਸਿਆ ਕਿ ਉਕਤ ਮੁਲਾਕਾਤ ਦਾ ਮਕਸਦ ਪੰਜਾਬ ਦੇ ਗੰਧਲੇ ਹੋ ਰਹੇ ਪਾਣੀਆਂ ਦਾ ਮਸਲਾ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਉਣਾ ਸੀ। ਮੀਟਿੰਗ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਦਾ ਧਿਆਨ ਉਸ ਅਧੂਰੇ ਪ੍ਰਾਜੈਕਟ ਵੱਲ ਦਿਵਾਇਆ ਜਿਸ ਤਹਿਤ 2200 ਕਰੋੜ ਰੁਪਏ ਦੀ ਵਿਸ਼ੇਸ਼ ਗਰਾਂਟ ਨਾਲ ਪੰਜਾਬ ਦੇ ਦਰਿਆਵਾਂ ਨੂੰ 30 ਨਵੰਬਰ 2011 ਤੱਕ ਸਾਫ ਕਰਨ ਦਾ ਟੀਚਾ ਮਿਥਿਆ ਗਿਆ ਸੀ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਪੰਜਾਬ ਦੇ ਦਰਿਆਵਾਂ ਵਿਚ ਪੈ ਰਹੇ ਜ਼ਹਿਰੀਲੇ ਪਾਣੀਆਂ ਤੋਂ ਕਾਫੀ ਚਿੰਤਤ ਹਨ ਤੇ ਦਰਿਆਵਾਂ ਨੂੰ ਸਾਫ ਕਰਨ ਦੇ ਪ੍ਰਾਜੈਕਟ ਵਿਚ ਹੋ ਰਹੀ ਦੇਰੀ ਦੇ ਕਾਰਨਾਂ ਬਾਰੇ ਪਤਾ ਲਗਾਉਣਗੇ।

ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨੂੰ ਜਾਣਕਾਰੀ ਦਿੱਤੀ ਕਿ ਕਾਲਾ ਸੰਘਿਆ ਡਰੇਨ, ਬੁੱਢਾ ਨਾਲਾ, ਚਿੱਟੀ ਵੇਈਂ ਸਮੇਤ ਕਈ ਡਰੇਨਾਂ ਦੀਆਂ ਹੋਰ ਡਰੇਨਾਂ ਕਿਵੇਂ ਜ਼ਹਿਰ ਦੇ ਨਾਲੇ ਬਣ ਕੇ ਵਗ ਰਹੀਆਂ ਹਨ। ਇਸ ਮੌਕੇ ਜਲੰਧਰ ਤੋਂ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇ.ਪੀ ਨੇ ਸੰਤ ਸੀਚੇਵਾਲ ਵੱਲੋਂ ਉਠਾਇਆ ਮੁੱਦਿਆਂ ਦੀ ਪ੍ਰੋੜਤਾ ਕਰਦਿਆਂ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੂੰ ਦੱਸਿਆ ਕਿ ਕਾਲਾ ਸੰਘਿਆ ਡਰੇਨ ਦਾ ਮਾਮਲਾ ਬੜਾ ਗੰਭੀਰ ਬਣਿਆ ਹੋਇਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵੱਲ ਉਚੇਚਾ ਧਿਆਨ ਦੇਣ। ਉਨ੍ਹਾਂ ਕਿਹਾ ਕਿ ਜੇ ਇਸ ਪ੍ਰਦੂਸ਼ਣ ਨੂੰ ਰੋਕਿਆ ਨਾ ਗਿਆ ਤਾਂ ਹੋਰ ਵੀ ਵੱਧ ਨੁਕਸਾਨ ਹੋਣਾ ਹੈ।

# ਪੰਜਾਬ ਵਿਚ ਕਾਇਮ ਹੋਵੇਗਾ ਸਿੱਖ ਸਰਕਟ

**ਅੰਮ੍ਰਿਤਸਰ:** ਕੇਂਦਰੀ ਸੈਰ ਸਪਾਟਾ ਮੰਤਰਾਲੇ ਨੇ 12ਵੀਂ ਪੰਜ ਸਾਲਾ ਯੋਜਨਾ ਤਹਿਤ ਪੰਜਾਬ ਵਿਚ ਸਿੱਖ ਸਰਕਟ ਕਾਇਮ ਕਰਨ ਦੀ ਯੋਜਨਾ ਨੂੰ ਹਰੀ ਝੰਡੀ ਦਿੱਤੀ ਹੈ। ਇਹ ਜਾਣਕਾਰੀ ਪੰਜਾਬ ਦੇ ਸੈਰ ਸਪਾਟਾ ਵਿਭਾਗ ਦੀ ਪ੍ਰਮੁੱਖ ਸਕੱਤਰ ਗੀਤਿਕਾ ਕੱਲ੍ਹਾ ਨੇ ਦਿੱਤੀ। ਸ੍ਰੀਮਤੀ ਕੱਲ੍ਹਾ ਨੇ ਦੱਸਿਆ ਕਿ ਸਿੱਖ ਇਤਿਹਾਸ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦਾ ਸਿੱਖ ਸਰਕਟ 250 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ ਜਿਸ ਤਹਿਤ ਸ੍ਰੀ ਬੇਰ ਸਾਹਿਬ ਗੁਰਦੁਆਰਾ ਸੁਲਤਾਨਪੁਰ ਲੋਧੀ, ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਡੇਰਾ ਬਾਬਾ ਨਾਨਕ, ਗੁਰਦੁਆਰਾ ਕਰਤਾਰਪੁਰ ਸਾਹਿਬ, ਕਰਤਾਰਪੁਰ(ਜਲੰਧਰ) ਤੇ ਅੰਮ੍ਰਿਤਸਰ ਸਮੇਤ ਪੰਜਾਬ ਦੀਆਂ ਵੱਖ-ਵੱਖ ਇਤਿਹਾਸਕ ਥਾਵਾਂ ਵਿਚ ਸਿੱਖ ਸਰਕਟ ਦਾ ਵਿਕਾਸ ਕੀਤਾ ਜਾਵੇਗਾ।

ਇਥੇ ਯਾਤਰੂ ਸੂਚਨਾ ਕੇਂਦਰ, ਮਲਟੀ ਮੀਡੀਆ ਮਿਊਜ਼ੀਅਮ ਤੇ ਵਧੀਆ ਪਖਾਨੇ ਤੇ ਹੋਰ ਯਾਤਰੂ ਸਹੂਲਤਾਂ ਸਥਾਪਤ ਹੋਣਗੀਆਂ। ਇਸ ਬਾਰੇ ਸ੍ਰੀਮਤੀ ਕੱਲ੍ਹਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨਾਲ ਵੀ ਮੀਟਿੰਗ ਕੀਤੀ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਸਿੱਖ ਸਰਕਟ ਦੀ ਸਥਾਪਨਾ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦੀ ਥਾਂ ਮੁਹੱਈਆ ਕੀਤੀ ਜਾਵੇਗੀ ਜਿਥੇ ਯਾਤਰੂ ਸਹੂਲਤਾਂ ਲਈ ਇਹ ਕੇਂਦਰ ਸਥਾਪਤ ਹੋਣਗੇ। ਇਨ੍ਹਾਂ ਕੇਂਦਰਾਂ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਵੱਲੋਂ ਹੀ ਕੀਤਾ ਜਾਵੇਗਾ।

ਪ੍ਰਮੁੱਖ ਸਕੱਤਰ ਨੇ ਦੱਸਿਆ ਕਿ ਇਸ ਸਰਕਟ ਵਿਚ ਸਭ ਤੋਂ ਜ਼ਿਆਦਾ ਕੰਮ, ਤਕਰੀਬਨ 130 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ ਵਿਖੇ ਹੋਵੇਗਾ। ਸਿੱਖ ਸਰਕਟ ਵਿਕਾਸ ਪ੍ਰਾਜੈਕਟ ਤਹਿਤ ਹਾਲਗੇਟ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਰਸਤੇ ਨੂੰ ਸੰਵਾਰਿਆ ਜਾਵੇਗਾ। ਇਸ ਰਸਤੇ ਨੂੰ ਹਜਰਤ ਗੰਜ ਲਖਨਊ ਦੀ ਤਰਜ਼ 'ਤੇ ਇਕਸਾਰ ਦਿੱਖ ਦਿੱਤੀ ਜਾਵੇਗੀ। ਰਸਤੇ ਵਿਚ ਆਉਂਦੀਆਂ ਵੱਖ-ਵੱਖ ਕਿਸਮ ਦੀਆਂ ਤਾਰਾਂ ਜ਼ਮੀਨਦੋਜ਼ ਕੀਤੀਆਂ ਜਾਣਗੀਆਂ, ਸਟੌਰਮ ਸੀਵਰ ਬਣਾਇਆ ਜਾਵੇਗਾ, ਰਾਹਗੀਰਾਂ ਦੇ ਚੱਲਣ ਵਾਸਤੇ ਵਧੀਆ ਫੁੱਟਪਾਥਾਂ, ਵਧੀਆ ਸਾਈਨ ਬੋਰਡ ਲਾ ਕੇ ਰਸਤੇ ਦੀ ਦਿੱਖ ਨੂੰ ਸੰਵਾਰਿਆ ਜਾਵੇਗਾ।

ਇਸ ਤੋਂ ਇਲਾਵਾ ਸਿੱਖ ਇਤਿਹਾਸ ਦੇ ਬਹਾਦਰੀ ਦੇ ਪੱਖ ਨੂੰ ਉਜਾਗਰ ਕਰਨ ਲਈ ਕਿਲ੍ਹਾ ਗੋਬਿੰਦਗੜ੍ਹ ਵਿਖੇ ਮਿਊਜ਼ੀਅਮ ਬਣਾਇਆ ਜਾਵੇਗਾ, ਸਿੱਖ ਇਤਿਹਾਸ ਨਾਲ ਸਬੰਧਤ ਇਮਾਰਤ ਨਿਰਮਾਣ ਕਲਾ (ਆਰਕੀਟੈਕਚਰ) ਨੂੰ ਰੂਪਮਾਨ ਕਰਦੀਆਂ ਇਮਾਰਤਾਂ ਦੀ ਦਿੱਖ ਸੰਵਾਰੀ ਜਾਵੇਗੀ, ਰਾਮਬਾਗ ਗੇਟ, ਸਮਰ ਪੈਲਸ ਤੇ ਰਾਮ ਬਾਗ ਨੂੰ ਅਪਗ੍ਰੇਡ ਕੀਤਾ ਜਾਵੇਗਾ। ਅਟਾਰੀ ਬਾਰਡਰ ਵਿਖੇ ਯਾਤਰੂ ਸਵਾਗਤੀ ਸੈਂਟਰ ਤੇ ਬਹੁਮੰਜ਼ਿਲਾ ਪਾਰਕਿੰਗ ਬਣਾਈ ਜਾਵੇਗੀ।

ਅਟਾਰੀ ਵਿਖੇ ਹੀ ਈਕੋ ਟੂਰਿਜਮ ਨੂੰ ਉਤਸ਼ਾਹਤ ਕਰਨ ਲਈ ਇਕ ਵਿਸ਼ੇਸ਼ ਬਾਗ ਤਿਆਰ ਕਰਵਾਇਆ ਜਾਵੇਗਾ। ਵਿਰਾਸਤੀ ਪਿੰਡ ਵਿਖੇ ਦਸਤਕਲਾ ਕੇਂਦਰ, ਇਕ ਕਨਵੈਨਸ਼ਨ ਸੈਂਟਰ ਤੇ ਆਡੀਟੋਰੀਅਮ ਤੇ 40 ਖੂਹ ਇਲਾਕੇ ਵਿੱਚ ਮਨੋਰੰਜਨ ਪਾਰਕ ਤੇ ਲੇਜ਼ਰ ਸ਼ੋਅ ਦਾ ਪ੍ਰਬੰਧ ਕਰਨ ਦੀ ਵੀ ਯੋਜਨਾ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਨਾਲ ਸਬੰਧਤ ਸਾਰੇ ਕੰਮਾਂ ਦੀ ਡੀ.ਪੀ.ਆਰ. (ਡਿਟੇਲ ਪ੍ਰਾਜੈਕਟ ਰਿਪੋਰਟ) ਜਲਦੀ ਹੀ ਤਿਆਰ ਕਰਵਾ ਲਈ ਜਾਵੇਗੀ ਤੇ ਜੁਲਾਈ-ਅਗਸਤ ਦੇ ਮਹੀਨੇ ਵਿਚ ਟੈਂਡਰ ਕੀਤੇ ਜਾਣਗੇ।

## ਹਾਈ ਕੋਰਟ ਵੱਲੋਂ ਗਾਇਕ ਹਨੀ ਸਿੰਘ ਤਲਬ

**ਚੰਡੀਗੜ੍ਹ:** ਲੱਚਰਤਾ ਭਰੇ ਗੀਤ ਗਾਉਣ ਬਦਲੇ ਵਿਵਾਦਾਂ ਵਿਚ ਘਿਰੇ ਹੋਏ ਪੰਜਾਬੀ ਪੌਪ ਤੇ ਹਿੰਦੀ ਫਿਲਮੀ ਗਾਇਕ ਯੋ ਯੋ ਹਨੀ ਸਿੰਘ ਨੂੰ ਉਸ ਵੱਲੋਂ ਗਾਏ ਦੱਸੇ ਜਾਂਦੇ ਗੀਤ 'ਮੈਂ ਹੂੰ ਬਲਾਤਕਾਰੀ' ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਲਬ ਕਰ ਲਿਆ ਹੈ।

ਨਵਾਂ ਸ਼ਹਿਰ ਆਧਾਰਤ ਇਕ ਐਨਜੀਓ 'ਹੈਲਪ' ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਦੌਰਾਨ ਅਦਾਲਤ ਇਸ ਗੀਤ ਦੇ ਬੋਲ ਸੁਣ ਕੇ ਹੈਰਾਨ ਰਹਿ ਗਈ। ਅਦਾਲਤ ਨੇ ਹਨੀ ਸਿੰਘ ਨੂੰ 14 ਮਈ ਨੂੰ ਜ਼ਾਤੀ ਤੌਰ 'ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

*punjabtimesusa.com*

## ਖਾੜਕੂ ਲਹੌਰੀਆ ਦੀ ਅਗਲੀ ਪੇਸ਼ੀ ਅੱਠ ਨੂੰ

**ਖੰਨਾ:** ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਖਾੜਕੂ ਆਗੂ ਦਿਆ ਸਿੰਘ ਲਹੌਰੀਆ ਦੀ ਅਗਲੀ ਪੇਸ਼ੀ ਇਕ ਸਥਾਨਕ ਅਦਾਲਤ ਨੇ 8 ਮਈ ਦੀ ਪਈ ਹੈ। ਇਸ ਮੌਕੇ ਖੰਨਾ ਅਦਾਲਤ ਪੁਲਿਸ ਛਾਉਣੀ ਬਣ ਗਈ ਜਿਥੇ ਸ. ਲਹੌਰੀਆ ਨੂੰ ਬੰਦ ਗੱਡੀ ਵਿਚ ਦਿੱਲੀ ਤੋਂ ਲਿਆਂਦਾ ਗਿਆ। ਉਨ੍ਹਾਂ ਨੂੰ ਖੰਨੇ ਹੋਈ ਡਕੈਤੀ ਸਬੰਧੀ ਪੇਸ਼ ਕੀਤਾ ਗਿਆ। ਅਦਾਲਤ ਦੀ ਇਜਾਜ਼ਤ ਨਾਲ ਉਨ੍ਹਾਂ ਦੀ ਪਤਨੀ ਕੰਵਲਜੀਤ ਕੌਰ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ।

## ਡੇਰਾ ਸਿਰਸਾ ਮੁਖੀ ਦਾ ਕੇਸ ਕੀਤਾ ਹੋਰ ਬੈਂਚ ਹਵਾਲੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਪਰਮਜੀਤ ਸਿੰਘ ਦੇ ਬੈਂਚ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਕੇਸ ਹੋਰ ਬੈਂਚ ਨੂੰ ਸੌਂਪਣ ਲਈ ਕਾਰਜਕਾਰੀ ਮੁੱਖ ਜੱਜ ਕੋਲ ਭੇਜਿਆ ਗਿਆ ਹੈ। ਇਸ ਕੇਸ ਵਿਚ ਅਜੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਨਹੀਂ ਕੀਤਾ ਗਿਆ ਹੈ। ਡੇਰਾ ਮੁਖੀ ਨੇ ਆਪਣੀ ਅਰਜ਼ੀ ਰਾਹੀ ਚੀਫ਼ ਜੁਡੀਸ਼ਲ ਮੈਜਿਸਟਰੇਟ ਬਠਿੰਡਾ ਦੇ ਦੋ ਅਪਰੈਲ 2012 ਅਤੇ ਵਧੀਕ ਸੈਸ਼ਨ ਜੱਜ ਦੇ 8 ਫਰਵਰੀ 2013 ਦੇ ਹੁਕਮਾਂ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਸੀ ਜਿਨ੍ਹਾਂ ਤਹਿਤ ਉਸ ਵਿਰੁਧ 2007 ਵਿਚ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ ਬਠਿੰਡਾ ਪੁਲਿਸ ਵੱਲੋਂ ਦਰਜ ਮੁਕੱਦਮੇ ਦਾ ਅਦਾਲਤ ਵੱਲੋਂ ਨੋਟਿਸ ਲੈਂਦੇ ਹੋਏ ਡੇਰਾ ਮੁਖੀ ਨੂੰ ਪੇਸ਼ੀ ਲਈ 10 ਮਈ 2012 ਨੂੰ ਤਲਬ ਕੀਤਾ ਗਿਆ ਸੀ।

# ਬਾਦਲ ਵੱਲੋਂ ਹਰ ਸਾਲ 125 ਖਿਡਾਰੀਆਂ ਨੂੰ ਨੌਕਰੀ ਦੇਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਾਲ 2005 ਤੋਂ 2010 ਲਈ ਚੁਣੇ ਗਏ 67 ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਖਿਡਾਰੀਆਂ ਨੂੰ ਇਹ ਐਵਾਰਡ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਿੱਤੇ ਜੋ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਐਵਾਰਡ ਪ੍ਰਾਪਤ ਕਰਨ ਵਾਲੇ ਖਿਡਾਰੀ ਨੂੰ ਦੋ ਲੱਖ ਰੁਪਏ ਦਾ ਚੈੱਕ, ਮਹਾਰਾਜਾ ਰਣਜੀਤ ਸਿੰਘ ਜੀ ਦੀ ਟਰਾਫੀ, ਇਕ ਬਲੇਜ਼ਰ ਸਮੇਤ ਪਾਕਿਟ, ਇਕ ਟਾਈ ਤੇ ਸਕਰੋਲ ਆਫ਼ ਆਨਰ ਭੇਟ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਇਸ ਐਵਾਰਡ ਲਈ ਦਿੱਤੀ ਜਾਣ ਵਾਲੀ ਇਨਾਮੀ ਰਾਸ਼ੀ ਇਕ ਲੱਖ ਤੋਂ ਵਧਾ ਕੇ ਦੋ ਲੱਖ ਰੁਪਏ ਕੀਤੀ ਹੈ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਸੂਬਾ ਸਰਕਾਰ ਨੇ ਹਾਲ ਹੀ ਵਿਚ ਏਸ਼ੀਆ ਤੇ ਰਾਸ਼ਟਰ ਮੰਡਲ ਖੇਡਾਂ ਵਿਚ ਤਗਮਾ ਜੇਤੂ 10 ਖਿਡਾਰੀਆਂ ਨੂੰ ਗਰੁੱਪ-ਏ ਦੀ ਨੌਕਰੀ ਦਿੱਤੀ ਹੈ। ਸਾਰੇ ਖਿਡਾਰੀਆਂ ਨੂੰ ਡੀਐਸਪੀ ਲਾਇਆ ਗਿਆ ਤੇ ਹਾਲ ਹੀ ਵਿਚ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ 10 ਕਰੋੜ ਰੁਪਏ ਦੀ ਨਕਦ ਰਾਸ਼ੀ ਵੰਡੀ ਜਿਸ ਵਿਚ ਉਲੰਪਿਕ ਚੈਂਪੀਅਨ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੇ ਭਾਰਤ ਨੂੰ ਵਿਸ਼ਵ ਕੱਪ ਜਿਤਾਉਣ ਵਾਲੇ ਕ੍ਰਿਕਟਰ ਯੁਵਰਾਜ ਸਿੰਘ ਨੂੰ ਇਕ-ਇਕ ਕਰੋੜ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।

ਸਮਾਗਮ ਦੀ ਪ੍ਰਧਾਨਗੀ ਕਰਦਿਆ ਉੱਪ ਮੁੱਖ ਮੰਤਰੀ ਤੇ ਸੂਬੇ ਦੇ ਖੇਡ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਨੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ ਤੱਕ ਲਿਜਾਣ ਲਈ ਵਿਸ਼ਵ ਪੱਧਰੀ ਖੇਡਾਂ ਦਾ ਬੁਨਿਆਦੀ ਢਾਂਚਾ ਤਿਆਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਖੇਡਾਂ ਦੇ ਬਜਟ ਲਈ 100 ਕਰੋੜ ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਖਿਡਾਰੀਆਂ ਲਈ ਹਰ ਸਾਲ 100 ਅਸਾਮੀਆਂ ਵੱਖਰੇ ਤੌਰ 'ਤੇ ਪ੍ਰਵਾਨ ਕਰਨ ਦੀ ਮੁੱਖ ਮੰਤਰੀ ਨੂੰ ਅਪੀਲ ਕੀਤੀ ਜਿਸ 'ਤੇ ਮੁੱਖ ਮੰਤਰੀ ਨੇ ਐਵਾਰਡ ਵੰਡ ਸਮਾਰੋਹ ਉਪਰੰਤ ਖਿਡਾਰੀਆਂ ਪ੍ਰਤੀ ਇਨ੍ਹਾਂ ਅਸਾਮੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਭਾਵੇਂ ਹਰ ਮਹਿਕਮੇ ਦੀਆਂ ਅਸਾਮੀਆਂ ਵਿਚ ਕੁਝ ਖਿਡਾਰੀਆਂ ਲਈ ਵੀ ਰਾਖਵੀਆਂ ਹੁੰਦੀਆਂ ਹਨ ਪਰ ਇਸ ਨਾਲ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਦੀ ਪੂਰਤੀ ਨਹੀਂ ਹੁੰਦੀ ਜਿਸ ਕਰਕੇ ਹੁਣ ਹਰ ਸਾਲ ਖਿਡਾਰੀਆਂ ਲਈ ਵੱਖਰੇ ਤੌਰ 'ਤੇ 125 ਅਸਾਮੀਆਂ ਪ੍ਰਵਾਨ ਕੀਤੀਆਂ ਜਾਇਆ ਕਰਨਗੀਆਂ।

## ਆਮਿਰ ਖਾਨ ਟਾਈਮ ਦੇ ਕਵਰ ਪੇਜ਼ 'ਤੇ ਛਾਇਆ

**ਨਵੀਂ ਦਿੱਲੀ:** ਸਮਾਜਿਕ ਭਲਾਈ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੇ ਅਭਿਨੇਤਾ



ਆਮਿਰ ਖਾਨ, ਦੇਸ਼ ਦੇ ਵਿੱਤ ਮੰਤਰੀ ਪੀ. ਚਿੰਦਬਰਮ ਤੇ ਮਨੁੱਖੀ ਅਧਿਕਾਰ ਵਰਕਰ ਵ੍ਰਿੰਦਾ ਗਰੋਵਰ ਨੂੰ ਅਮਰੀਕਾ ਦੇ ਮਸ਼ਹੂਰ ਰਸਾਲੇ ਟਾਈਮ ਨੇ ਦੁਨੀਆ ਦੇ 100 ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ। ਰਸਾਲੇ ਨੇ ਆਮਿਰ ਨੂੰ ਆਪਣੇ ਕਵਰ ਪੇਜ਼ 'ਤੇ ਜਗ੍ਹਾ ਦਿੱਤੀ ਹੈ। ਟਾਈਮ ਨੇ ਸੂਚੀ ਨੂੰ ਪੰਜ ਹਿੱਸਿਆਂ ਆਸਧਾਰਨ ਵਿਅਕਤੀ, ਨੇਤਾ, ਕਲਾਕਾਰ, ਪ੍ਰਵਰਤਕ ਤੇ ਪ੍ਰਤੀਕ ਵਿਚ ਵੰਡਿਆ ਹੈ। ਰਸਾਲੇ ਨੇ ਪੀ. ਚਿੰਦਬਰਮ ਨੂੰ ਅਸਧਾਰਨ ਵਿਅਕਤੀ ਦੀ ਸ਼੍ਰੇਣੀ ਵਿਚ ਰੱਖਿਆ ਜਦਕਿ ਆਮਿਰ ਖਾਨ ਨੂੰ ਪ੍ਰਵਰਤਕ ਸ਼੍ਰੇਣੀ ਵਿਚ ਰੱਖਿਆ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No minimums

**Call Paul at 1-800-705-3863**

**Transportation Funding Group, Inc.**

Minneapolis , MN 55426

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵੰਬਰ 84 ਦਾ ਸਿੱਖ ਕਤਲੇਆਮ: ਸੱਜਣ ਕੁਮਾਰ ਬਰੀ

*(ਸਫਾ ਇਕ ਦੀ ਬਾਕੀ)*

ਸਨ। ਇਨ੍ਹਾਂ ਵਿਚੋਂ 442 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਤੇ 2706 ਨੂੰ ਬਰੀ ਕਰ ਦਿੱਤਾ ਗਿਆ।

ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਖ਼ਿਲਾਫ਼ ਪੁਖਤਾ ਸਬੂਤ ਅਤੇ ਗਵਾਹ ਹੋਣ ਕਾਰਨ ਸਿੱਖਾਂ ਨੂੰ ਆਸ ਸੀ ਕਿ ਅਦਾਲਤ ਉਸ ਨੂੰ ਸਖ਼ਤ ਸਜ਼ਾ ਸੁਣਾਏਗੀ ਪਰ ਕਾਨੂੰਨੀ ਚੋਰ-ਮੋਰੀਆਂ ਦੀ ਲਾਹਾ ਲੈਂਦਿਆਂ ਸੱਜਣ ਕੁਮਾਰ ਵੀ ਬਚ ਗਿਆ। ਜ਼ਿਲ੍ਹਾ ਤੇ ਸੈਸ਼ਨ ਜੱਜ ਜੇ.ਆਰ. ਆਰੀਅਨ ਵੱਲੋਂ 30 ਅਪਰੈਲ ਨੂੰ ਦਿੱਤੇ ਗਏ ਫੈਸਲੇ ਵਿਚ ਸਾਬਕਾ ਵਿਧਾਇਕ ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਨੂੰ ਸਿੱਖ ਕਤਲੇਆਮ ਵਿਚ ਹਿੱਸਾ ਲੈਣ ਦਾ ਦੋਸ਼ੀ ਕਰਾਰ ਦਿੱਤਾ ਜਦਕਿ ਬਾਕੀ ਤਿੰਨ ਮੁਲਜ਼ਮਾਂ ਸਾਬਕਾ ਕੌਂਸਲਰ ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਨੂੰ ਕਤਲ ਦੇ ਦੋਸ਼ੀ ਪਾਇਆ ਗਿਆ। ਇਸ ਲਈ ਇਨ੍ਹਾਂ ਤਿੰਨ ਦੋਸ਼ੀਆਂ ਨੂੰ ਤੁਰੰਤ ਨਿਆਂਇਕ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਸਜ਼ਾ ਦਾ ਫੈਸਲਾ ਕਰਨ ਲਈ ਛੇ ਮਈ ਦੀ ਤਾਰੀਖ ਮਿਥ ਦਿੱਤੀ ਗਈ। ਇਸੇ ਮਾਮਲੇ ਦੇ ਦੋ ਹੋਰ ਮੁਲਜ਼ਮਾਂ ਸੰਤੋਸ਼ ਰਾਣੀ ਤੇ ਮਹਾਂ ਸਿੰਘ ਦਾ ਦੇਹਾਂਤ ਹੋ ਚੁੱਕਾ ਹੈ।

ਇਹ ਮੁਕੱਦਮਾ ਜਗਦੀਸ਼ ਕੌਰ ਦੇ ਪਤੀ ਕਿਹਰ ਸਿੰਘ ਤੇ ਪੁੱਤਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਇਕ ਹੋਰ ਪੀੜਤ ਜਗਸ਼ੇਰ ਸਿੰਘ ਦੇ ਤਿੰਨ ਭਰਾਵਾਂ ਰਘੁਵੇਂਦਰ ਸਿੰਘ, ਨਰਿੰਦਰ ਪਾਲ ਸਿੰਘ ਤੇ ਕੁਲਦੀਪ ਸਿੰਘ ਦੇ ਕਤਲਾਂ ਨਾਲ ਸਬੰਧਤ ਸੀ। ਇਹ ਪੰਜੇ ਕਤਲ ਇਕ ਤੇ ਦੋ ਨਵੰਬਰ 1984 ਦੀ ਰਾਤ ਨੂੰ ਹੋਏ ਸਨ। 24 ਅਕਤੂਬਰ 2005 ਨੂੰ ਨਾਨਾਵਤੀ ਕਮਿਸ਼ਨ ਵੱਲੋਂ ਕੀਤੀ ਗਈ ਸਿਫਾਰਸ਼ ਉਪਰੰਤ ਇਹ ਕੇਸ ਸੀ.ਬੀ.ਆਈ. ਵੱਲੋਂ ਦਰਜ ਕੀਤਾ ਗਿਆ ਸੀ। ਦਿੱਲੀ ਹਾਈ ਕੋਰਟ ਨੇ 8 ਫਰਵਰੀ 2010 ਨੂੰ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਆਰ.ਐਸ. ਚੀਮਾ ਨੂੰ ਮੁਕੱਦਮੇ ਦੀ ਪੈਰਵੀ ਲਈ ਮਨੋਨੀਤ ਕੀਤਾ ਤੇ ਮੁਕੱਦਮੇ ਦੀ ਸੁਣਵਾਈ ਰੋਜ਼ਾਨਾ ਕਰਨ ਦਾ ਨਿਰਦੇਸ਼ ਦਿੱਤਾ ਸੀ।

ਇਸੇ ਮਾਮਲੇ ਵਿਚ 15 ਫਰਵਰੀ ਨੂੰ ਸੱਜਣ ਕੁਮਾਰ ਦੀ ਅਗਾਊਂ ਜ਼ਮਾਨਤ ਦੀ ਦਰਖਾਸਤ 15 ਫਰਵਰੀ 2010 ਨੂੰ ਰੱਦ ਹੋ ਗਈ ਸੀ ਤੇ 17 ਫਰਵਰੀ 2010 ਨੂੰ ਸੱਜਣ ਕੁਮਾਰ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਗਏ ਸਨ ਪਰ 26 ਫਰਵਰੀ, 2010 ਨੂੰ ਹਾਈ ਕੋਰਟ ਵੱਲੋਂ ਸੱਜਣ ਕੁਮਾਰ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਗਈ। ਮਾਮਲੇ ਦੀ ਸੁਣਵਾਈ ਦੌਰਾਨ ਸ਼ਿਕਾਇਤ ਤੇ ਬਚਾਅ ਧਿਰ ਵੱਲੋਂ 9 ਜਨਵਰੀ 2012 ਤੱਕ ਆਪੋ-ਆਪਣੇ ਪੱਖ ਵਿਚ 17-17 ਗਵਾਹ ਪੇਸ਼ ਕੀਤੇ ਗਏ। ਅਪਰੈਲ 2012 ਵਿਚ ਸਰਕਾਰੀ ਵਕੀਲਾਂ ਨੇ ਮਾਮਲੇ 'ਤੇ ਬਹਿਸ ਸ਼ੁਰੂ ਕੀਤੀ ਜਦਕਿ ਬਚਾਅ ਪੱਖ ਨੇ ਆਪਣੀਆਂ ਦਲੀਲਾਂ ਜਨਵਰੀ 2013 ਤੋਂ ਦੇਣੀਆਂ ਅਰੰਭ ਕੀਤੀਆਂ।

ਇਸ ਮਾਮਲੇ ਦਾ ਫੈਸਲਾ 16 ਅਪਰੈਲ ਨੂੰ ਸੁਰੱਖਿਅਤ ਰੱਖ ਲਿਆ ਗਿਆ ਸੀ ਜਿਸ ਦਾ ਐਲਾਨ 30 ਅਪਰੈਲ ਨੂੰ ਕੀਤਾ ਗਿਆ। ਅਦਾਲਤ ਦੇ ਇਸ ਫੈਸਲੇ ਦਾ ਪੀੜਤਾਂ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਤੁਰੰਤ ਤਿੱਖਾ ਵਿਰੋਧ ਕੀਤਾ ਗਿਆ। ਆਪਣੇ ਪਤੀ ਕਿਹਰ ਸਿੰਘ ਤੇ ਪੁੱਤਰ ਗੁਰਪ੍ਰੀਤ ਸਿੰਘ ਦੇ ਕਤਲ ਦੇ ਸਬੰਧ ਵਿਚ ਮੁਕੱਦਮੇ ਦੀ ਸ਼ਿਕਾਇਤਕਰਤਾ ਜਗਦੀਸ਼ ਕੌਰ ਅਦਾਲਤ ਦੇ ਕਮਰੇ ਦੇ ਅੰਦਰ ਹੀ ਇਹ ਕਹਿ ਕੇ ਧਰਨੇ 'ਤੇ ਬੈਠ ਗਈ ਕਿ ਜਦ ਤਕ ਉਸ ਨੂੰ ਇਨਸਾਫ ਨਹੀਂ ਮਿਲੇਗਾ, ਉਹ ਉਥੋਂ ਨਹੀਂ ਜਾਏਗੀ।

### ਫੈਸਲੇ ਨੂੰ ਚੁਣੌਤੀ ਦਿਆਂਗੇ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਉਚ ਅਦਾਲਤ ਵਿਚ ਚੁਣੌਤੀ ਦੇਵੇਗਾ। ਉਨ੍ਹਾਂ ਨੇ 1984 ਦੇ ਕਤਲੇਆਮ ਨਾਲ ਜੁੜੇ ਕੇਸਾਂ ਦੀ ਤਫਤੀਸ਼ ਲਈ ਅਦਾਲਤੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਕਾਇਮ ਕੀਤੇ ਜਾਣ ਦੀ ਮੰਗ ਕੀਤੀ।

## ਸਿੱਖ ਜਥੇਬੰਦੀਆਂ ਵਿਚ ਵਿਆਪਕ ਰੋਸ

*(ਸਫਾ ਇਕ ਦੀ ਬਾਕੀ)*

ਅਦਾਲਤ ਦੇ ਇਸ ਫੈਸਲੇ ਨਾਲ ਸਿੱਖ ਭਾਈਚਾਰੇ ਵਿਚ ਇੱਕ ਵਾਰ ਫਿਰ ਦੇਸ਼ ਦੀ ਨਿਆਂਪ੍ਰਣਾਲੀ ਪ੍ਰਤੀ ਸ਼ੰਕੇ ਖੜ੍ਹੇ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਅਦਾਲਤ ਦੇ ਫੈਸਲੇ 'ਤੇ ਵਿਰੋਧ ਤੇ ਰੋਸ ਪ੍ਰਗਟ ਕੀਤਾ ਗਿਆ ਹੈ। ਦਲ ਦੇ ਪ੍ਰਧਾਨ ਤੇ ਸਾਬਕਾ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਆਖ਼ਰ ਉਹੀ ਹੋਇਆ ਜਿਸ ਦਾ ਖ਼ਦਸ਼ਾ ਸੀ।

ਉਨ੍ਹਾਂ ਨੇ ਇਸ ਬਾਰੇ ਪੰਥ ਹਿਤੈਸ਼ੀਆਂ ਕੌਮ ਦੇ ਦਾਨਿਸ਼ਵਰਾਂ ਨੂੰ ਗੰਭੀਰਤਾ ਨਾਲ ਗੌਰ ਕਰਨ ਦੀ ਅਪੀਲ ਕੀਤੀ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਦਾਲਤ ਦੇ ਫ਼ੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਸ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਜੱਜਾਂ ਤੋਂ ਕਰਾਉਣ ਦੀ ਮੰਗ ਕੀਤੀ ਹੈ। ਅਕਾਲ ਪੁਰਖ ਕੀ ਫੌਜ ਸਿੱਖ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਇਸ ਫ਼ੈਸਲੇ ਦਾ ਤਿੱਖਾ ਵਿਰੋਧ ਕਰਦਿਆਂ ਆਖਿਆ ਕਿ ਇਸ ਫ਼ੈਸਲੇ ਨੇ ਸਿੱਖਾਂ ਨੂੰ ਇਕ ਵਾਰ ਮੁੜ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਮਨਜਿੰਦਰ ਸਿੰਘ ਸਿਰਸਾ, ਉਂਕਾਰ ਸਿੰਘ ਥਾਪਰ, ਅਵਤਾਰ ਸਿੰਘ ਹਿਤ, ਕੁਲਦੀਪ ਸਿੰਘ ਭੋਗਲ, ਹਰਮੀਤ ਸਿੰਘ ਕਾਲਕਾ ਤੇ ਹੋਰ ਅਕਾਲੀ ਆਗੂਆਂ ਨੇ ਕਿਹਾ ਕਿ ਪੀੜਤ ਸਿੱਖਾਂ ਨੂੰ ਪੂਰੀ ਉਮੀਦ ਸੀ ਕਿ ਇਸ ਮਾਮਲੇ ਵਿਚ ਸੱਜਣ ਕੁਮਾਰ ਦੇ ਵਿਰੁਧ ਫੈਸਲਾ ਸੁਣਾਇਆ ਜਾਵੇਗਾ ਪਰ ਅਦਾਲਤ ਦੇ ਫ਼ੈਸਲੇ ਨੇ ਸਿੱਖਾਂ ਨੂੰ ਨਿਰਾਸ਼ ਕਰ ਦਿੱਤਾ ਹੈ। ਅਦਾਲਤ ਦੇ ਫ਼ੈਸਲੇ ਤੋਂ ਖ਼ਫ਼ਾ ਆਗੂਆਂ ਨੇ ਦਾਅਵਾ ਕੀਤਾ ਕਿ ਇਹ ਸਾਬਤ ਹੋ ਗਿਆ ਹੈ ਕਿ ਸਿਰਫ ਸੀ.ਬੀ.ਆਈ. ਹੀ ਨਹੀਂ, ਬਲਕਿ ਛੋਟੀਆਂ ਅਦਾਲਤਾਂ ਵੀ ਪੂਰੀ ਤਰ੍ਹਾਂ ਕਾਂਗਰਸ ਦੇ ਦਬਾਅ ਵਿਚ ਕੰਮ ਕਰ ਰਹੀਆਂ ਹਨ।

## ਪੀਰ ਮੁਹੰਮਦ ਨੇ ਜੱਜ ਵੱਲ ਜੁੱਤੀ ਸੁੱਟੀ

**ਨਵੀਂ ਦਿੱਲੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ 1984 ਦੇ ਸਿੱਖ ਕਤਲੇਆਮ ਦੋਸ਼ਾਂ ਵਿਚੋਂ ਬਰੀ ਕਰਨ 'ਤੇ ਰੋਸ ਵਜੋਂ ਜੱਜ ਜੇ.ਆਰ. ਆਰੀਅਨ ਵੱਲ ਜੁੱਤੀ ਵਗ੍ਹਾ ਕੇ ਮਾਰੀ। ਜੱਜ ਨੇ ਜਿਵੇਂ ਹੀ ਕਾਂਗਰਸੀ ਆਗੂ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਤਾਂ ਪੀਰ ਮੁਹੰਮਦ ਨੇ ਆਪਣੀ ਜੁੱਤੀ ਜੱਜ ਵੱਲ ਵਗ੍ਹਾ ਮਾਰੀ। ਉਨ੍ਹਾਂ ਨੂੰ ਇਸ ਅਪਰਾਧ 'ਤੇ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਵਿਰੁਧ ਧਾਰਾ 186, 353 ਆਈ.ਪੀ.ਸੀ. ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਸ. ਪੀਰ ਮੁਹੰਮਦ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਵੱਲ ਜੁੱਤੀ ਸੁੱਟਣ ਦਾ ਕੋਈ ਪਛਤਾਵਾ ਨਹੀਂ ਸਗੋਂ ਉਨ੍ਹਾਂ ਇਸ ਕਾਰਵਾਈ ਰਾਹੀਂ ਸਿੱਖ ਕਤਲੇਆਮ ਦੀਆਂ ਸੈਂਕੜੇ ਪੀੜਤ ਵਿਧਵਾਵਾਂ, ਬੇਪੱਤ ਕੀਤੀਆਂ ਗਈਆਂ ਮਾਂਵਾਂ ਤੇ ਭੈਣਾਂ ਤੇ ਪਿਛਲੇ 29 ਸਾਲਾਂ ਤੋਂ ਇਨਸਾਫ਼ ਨੂੰ ਉਡੀਕ ਰਹੀ ਸਮੁੱਚੀ ਸਿੱਖ ਕੌਮ ਦੀਆਂ ਜ਼ਖ਼ਮੀ ਭਾਵਨਾਵਾਂ ਤੇ ਪੀੜਤ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ।

# ਸ਼ਹੀਦੀ ਯਾਦਗਾਰ ਬਾਰੇ ਵਿਵਾਦ ਭਖਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੀ ਯਾਦਗਾਰ 'ਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਂ ਉਕਰਨ ਤੋਂ ਕੁਝ ਹਿੰਦੂ ਜਥੇਬੰਦੀਆਂ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਖਫ਼ਾ ਹੈ। ਭਾਜਪਾ ਆਗੂਆਂ ਨੇ ਇਹ ਮੁੱਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਉਠਾਇਆ ਹੈ। ਭਾਜਪਾ ਆਗੂਆਂ ਬਲਰਾਮਜੀ ਦਾਸ ਟੰਡਨ, ਕਮਲ ਸ਼ਰਮਾ, ਮਦਨ ਮੋਹਨ ਮਿੱਤਲ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਪੰਜਾਬ ਵਿਧਾਨ ਸਭਾ ਵਿਚ ਭਰੋਸਾ ਦਿਵਾ ਚੁੱਕੇ ਹਨ ਕਿ ਯਾਦਗਾਰ ਵਜੋਂ ਸਿਰਫ ਗੁਰਦੁਆਰੇ ਦੀ ਉਸਾਰੀ ਹੀ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਭਾਜਪਾ ਆਗੂਆਂ ਦੀ ਗੱਲਬਾਤ ਸੁਣੀ ਤੇ ਕਿਹਾ ਕਿ ਉਹ ਤਾਂ ਆਪ ਇਸ ਬਾਰੇ ਫਿਕਰਮੰਦ ਹਨ।

ਦੂਜੇ ਪਾਸੇ, ਬੇਸ਼ੱਕ ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਖਾਮੋਸ਼ ਹਨ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦਮਦਮੀ ਟਕਸਾਲ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਯਾਦਗਾਰ ਦਾ ਨਾਂ ਗੁਰਦੁਆਰਾ ਸ਼ਹੀਦੀ ਯਾਦਗਾਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਰੱਖੇ ਜਾਣ ਕਾਰਨ ਪੈਦਾ ਹੋਏ ਵਿਵਾਦ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮੱਲ ਸਿੰਘ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਗੱਲਬਾਤ ਕਰ ਕੇ ਹੱਲ ਕਰਨਗੇ ਜਦੋਂਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਦੋਵੇਂ ਪਾਸੇ ਤਾਲਮੇਲ ਕਰਨਗੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਯਾਦਗਾਰ ਵਿਖੇ ਦਮਦਮੀ ਟਕਸਾਲ ਵੱਲੋਂ ਸੰਗਤਾਂ

### ਸ਼੍ਰੋਮਣੀ ਕਮੇਟੀ ਵੀ ਦਮਦਮੀ ਟਕਸਾਲ ਤੋਂ ਖਫ਼ਾ

ਦੇ ਅਖੰਡ ਪਾਠ ਬੁੱਕ ਕਰਨ 'ਤੇ ਰੋਕ ਲਾ ਦਿੱਤੀ ਹੈ। ਇਸੇ ਦੌਰਾਨ ਦਲ ਖਾਲਸਾ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਮੁੱਦੇ 'ਤੇ ਅਪਨਾਏ ਗਏ ਨਾਂਹਪੱਖੀ ਰਵੱਈਏ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਬਾਰੇ ਆਪਣੇ ਹੀ ਪਾਸ ਕੀਤੇ ਮਤੇ ਤੋਂ ਭਗੌਤੀ ਹੋ ਰਹੀ ਹੈ। ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਸਖਤ ਲਹਿਜ਼ੇ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸਰਾਸਰ ਗਲਤ ਬਿਆਨੀ ਕਰ ਰਹੇ ਹਨ ਕਿ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਉਨ੍ਹਾਂ ਨੂੰ ਹਨੇਰੇ ਵਿਚ ਰੱਖਿਆ ਹੈ।

ਜ਼ਿਕਰਯੋਗ ਹੈ ਕਿ ਜੂਨ 1984 ਵਿਚ ਦਰਬਾਰ ਸਾਹਿਬ ਕੰਪਲੈਕਸ 'ਤੇ ਫੌਜੀ ਹਮਲੇ ਵਿਚ ਸ਼ਹੀਦ ਹੋਏ ਸੈਂਕੜੇ ਸ਼ਰਧਾਲੂਆਂ ਦੀ ਯਾਦ ਵਿਚ ਤਕਰੀਬਨ 29 ਸਾਲਾਂ ਬਾਅਦ ਬਣ ਕੇ ਤਿਆਰ ਹੋਈ ਯਾਦਗਾਰ 'ਗੁਰਦੁਆਰਾ ਸ਼ਹੀਦੀ ਯਾਦਗਾਰ' ਨੂੰ ਗੁਰਮਤਿ ਮਰਿਆਦਾ ਅਨੁਸਾਰ ਕੌਮ ਨੂੰ ਸਮਰਪਿਤ ਕੀਤਾ ਗਿਆ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਯਾਦਗਾਰ ਦੀ ਸਾਂਭ ਸੰਭਾਲ ਤੇ ਪ੍ਰਬੰਧਾਂ ਲਈ ਇਸ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪੀਆਂ। ਇਸ ਦੇ ਮੁੱਖ ਦੁਆਰ ਉਪਰ ਯਾਦਗਾਰ ਦੇ ਨਾਂ ਹੇਠਾਂ ਸੰਤ ਭਿੰਡਰਾਂਵਾਲਿਆਂ ਦਾ ਨਾਂ ਲਿਖਿਆ ਹੋਇਆ ਹੈ ਜਦੋਂਕਿ ਪਰਿਕਰਮਾ ਰਸਤੇ ਯਾਦਗਾਰ ਵਿਖੇ ਜਾਣ ਲਈ ਪੌੜੀਆਂ ਚੜ੍ਹਨ ਸਮੇਂ ਦੋਵੇਂ ਪਾਸੇ ਯਾਦਗਾਰ ਦੇ ਨਾਂ ਬਾਰੇ ਪੱਥਰ ਲਾਏ ਗਏ ਹਨ ਜਿਨ੍ਹਾਂ ਉਪਰ ਸੰਤ ਭਿੰਡਰਾਂਵਾਲੇ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਭਾਈ ਅਮਰੀਕ ਸਿੰਘ, ਭਾਈ ਸ਼ਬੇਗ ਸਿੰਘ, ਬਾਬਾ ਠਾਹਰਾ ਸਿੰਘ ਦੇ ਨਾਂ ਲਿਖੇ ਹੋਏ ਹਨ। ਬਾਕੀ ਸ਼ਹੀਦਾਂ ਨੂੰ ਸਮੂਹ ਸ਼ਹੀਦਾਂ ਦਾ ਦਰਜਾ ਦਿੱਤਾ ਗਿਆ ਹੈ।

ਇਹ ਯਾਦਗਾਰ ਦੋ ਮੰਜ਼ਿਲਾ ਇਮਾਰਤ ਦੇ ਰੂਪ ਵਿਚ ਹੈ ਜਿਸ ਦਾ ਇਕ ਹਿੱਸਾ ਜ਼ਮੀਨਦੋਜ਼ ਹੈ ਜਿਸ ਵਿਚ ਫਿਲਹਾਲ ਕੰਮ ਜਾਰੀ ਹੈ ਜਦੋਂ ਕਿ ਇਸ ਦੇ ਉਪਰ ਯਾਦਗਾਰ ਦੇ ਰੂਪ ਵਿਚ ਗੁਰਦੁਆਰੇ ਦੀ ਅੱਠ-ਕੋਨੀ ਇਮਾਰਤ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਇਹ ਯਾਦਗਾਰ ਸਿਰਫ ਇਕ ਗੁਰਦੁਆਰੇ ਦੇ ਰੂਪ ਵਿਚ ਹੀ ਰਹੇਗੀ ਤੇ ਸਾਕਾ ਨੀਲਾ ਤਾਰਾ ਨਾਲ ਸਬੰਧਤ ਹੋਰ ਯਾਦਾਂ ਦਾ ਇਥੇ ਪ੍ਰਦਰਸ਼ਨ ਕਰਨ ਬਾਰੇ ਫਿਲਹਾਲ ਕੋਈ ਪ੍ਰੋਗਰਾਮ ਨਹੀਂ। ਇਸ ਯਾਦਗਾਰ ਰੂਪੀ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ। ਯਾਦਗਾਰ ਦੀ ਇਮਾਰਤ ਦੀ ਸੇਵਾ ਕਰਵਾਉਣ ਲਈ ਸ਼੍ਰੋਮਣੀ ਕਮੇਟੀ, ਪੰਜ ਤਖ਼ਤ ਸਾਹਿਬਾਨ ਤੇ ਸਮੂਹ ਸਿੱਖ ਸਭਾਵਾਂ ਤੇ ਸੁਸਾਇਟੀਆਂ ਵੱਲੋਂ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਯਾਦਗਾਰ ਕੌਮੀ ਸਵੈਮਾਣ ਦਾ ਪ੍ਰਤੀਕ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਧਰਮ ਤੇ ਵਿਚ ਪ੍ਰਪੱਕ ਹੋਣਗੀਆਂ। ਅਕਾਲ ਤਖ਼ਤ ਨੇੜੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬ ਕੋਲ ਜਿੱਥੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹਾਦਤ ਹੋਈ ਸੀ, ਉਸਾਰੀ ਗਈ ਇਸ ਯਾਦਗਾਰ ਦੇ ਮੁਕੰਮਲ ਹੋਣ 'ਤੇ ਅਖੰਡ ਪਾਠ ਦੇ ਭੋਗ ਪਾਏ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# Matrimonials

## ਵਰ ਦੀ ਲੋੜ ਹੈ

ਰਾਮਗੜ੍ਹੀਆ ਸਿੱਖ ਬੀ ਏ ਪਾਸ ਅਮਰੀਕਾ ਵਿਚ ਜੌਬ ਕਰਦੀ ਲੜਕੀ, 30, 5'-2" ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 347-653-5790,ਈਮੇਲ: prince.kular@yahoo.com

U.S citizen boy sought for Ramdasia Sikh girl 25 , 5'-3" smart looking Physical Therapist living in Punjab. Whole family is in the U.S. Send bio-data/ photograph to jasdev13@gmail.com or call: 630-379-8202 *-16.4*

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

## ਕੰਨਿਆ ਦੀ ਲੋੜ ਹੈ

US/Canadian citizen girl sought for Jatt Sikh Sandhu, computer engineer, non drinking, vegetarian boy 23, 5'-9", on visitor visa. Cont: 775-378-6005, Email: sandhu9090@gmail.com

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426

# ਅਮਰੀਕੀ ਹਵਾਈ ਅੱਡੇ 'ਤੇ ਯੂ ਪੀ ਦੇ ਮੰਤਰੀ ਆਜ਼ਮ ਖਾਨ ਨਾਲ ਬਦਸਲੂਕੀ

**ਵਾਸ਼ਿੰਗਟਨ:** ਬੋਸਟਨ 'ਚ ਲੋਗਾਨ ਅੰਤਰ-ਰਾਸ਼ਟਰੀ ਹਵਾਈ ਅੱਡੇ 'ਤੇ ਉਤਰ ਪ੍ਰਦੇਸ਼ ਦੇ ਮੰਤਰੀ ਆਜ਼ਮ ਖਾਨ ਕੋਲੋਂ ਪੁੱਛਗਿੱਛ ਕੀਤੇ ਜਾਣ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤੀ ਦੂਤਾਵਾਸ ਨੇ ਇਸ ਮੁੱਦੇ ਨੂੰ ਅਮਰੀਕੀ ਵਿਦੇਸ਼ ਵਿਭਾਗ ਸਾਹਮਣੇ ਚੁੱਕਿਆ ਹੈ। ਬੋਸਟਨ ਹਵਾਈ ਅੱਡੇ 'ਤੇ ਪੁੱਛਗਿਛ ਲਈ ਉਨ੍ਹਾਂ ਨੂੰ 10 ਮਿੰਟ ਤੱਕ ਰੋਕਿਆ ਗਿਆ। ਆਜ਼ਮ ਖਾਨ ਨੇ ਕਿਹਾ ਕਿ ਮੁਸਲਮਾਨ ਹੋਣ ਕਰ ਕੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ ਹੈ। ਇਸੇ ਦੌਰਾਨ ਆਜ਼ਮ ਖ਼ਾਨ ਨੇ ਦੋਸ਼ ਲਗਾਇਆ ਹੈ ਕਿ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਹੀ ਉਨ੍ਹਾਂ ਨੂੰ ਭਾਰਤ ਤੋਂ ਬਾਹਰ ਬਦਨਾਮ ਕਰਨ ਲਈ ਇਹ ਸਾਜ਼ਿਸ਼ ਰਚੀ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਪਰਤਣ ਤੇ ਉਨ੍ਹਾਂ ਅਤੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦਾ ਪੱਖ ਸੁਣਨ ਮਗਰੋਂ ਸਮਾਜਵਾਦੀ ਪਾਰਟੀ ਦੇ ਨੇਤਾ ਮੁਲਾਇਮ ਸਿੰਘ ਯਾਦਵ ਕੇਂਦਰ ਦੀ ਯੂਪੀਏ ਸਰਕਾਰ ਨੂੰ ਸਮਰਥਨ ਜਾਰੀ ਰੱਖਣ ਬਾਰੇ ਵਿਚਾਰ ਕਰਨਗੇ।

ਉਧਰ, ਆਜ਼ਮ ਖਾਨ ਨੂੰ 'ਬੰਦੀ' ਬਣਾਏ ਜਾਣ ਤੋਂ ਨਾਰਾਜ਼ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਨਿਊਯਾਰਕ 'ਚ ਭਰਾਤੀ ਕੌਂਸਲਖਾਨੇ ਵੱਲੋਂ ਉਨ੍ਹਾਂ ਦੇ ਸਵਾਗਤ ਲਈ ਰੱਖੇ ਸਮਾਗਮ 'ਚ ਸ਼ਾਮਲ ਨਾ ਹੋਣ ਕਾਰਨ ਇਸ ਨੂੰ ਰੱਦ ਕਰ ਦਿੱਤਾ ਗਿਆ।

# 84 ਕਤਲੇਆਮ ਦੀ ਯਾਦਗਾਰ ਉਸਾਰਨ ਦਾ ਐਲਾਨ

**ਚੰਡੀਗੜ੍ਹ:** ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਚ ਨਵੰਬਰ 1984 ਦੇ ਕਤਲੇਆਮ ਦੀ ਯਾਦਗਾਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਦਿੱਲੀ ਸਰਕਾਰ ਨੂੰ ਅਪੀਲ ਵੀ ਕੀਤੀ ਹੈ ਕਿ ਉਹ ਯਾਦਗਾਰ ਬਣਾਉਣ ਲਈ ਸਰਕਾਰੀ ਪੱਧਰ 'ਤੇ ਢੁਕਵੀਂ ਥਾਂ ਦੇਵੇ। ਇਸ ਜ਼ਮੀਨ ਦੀ ਦਿੱਲੀ ਕਮੇਟੀ ਵੱਲੋਂ ਕੀਮਤ ਅਦਾ ਕੀਤੀ ਜਾਵੇਗੀ।

ਜੇਕਰ ਦਿੱਲੀ ਸਰਕਾਰ ਵੱਲੋਂ ਕੋਈ ਥਾਂ ਨਾ ਦਿੱਤੀ ਗਈ ਤਾਂ ਫਿਰ ਦਿੱਲੀ ਕਮੇਟੀ ਆਪਣੀਆਂ ਜ਼ਮੀਨਾਂ ਵਿਚ ਕਿਸੇ ਇਕ 'ਤੇ ਯਾਦਗਾਰ ਬਣਾਉਣ ਲਈ ਕੰਮ ਸ਼ੁਰੂ ਕਰੇਗੀ। ਅਗਲੇ ਸਾਲ ਵਿਚ ਯਾਦਗਾਰ ਬਣਾਉਣ ਦਾ ਕੰਮ ਅਰੰਭ ਕਰ ਦਿੱਤਾ ਜਾਵੇਗਾ। ਇਹ ਯਾਦਗਾਰ ਵੀ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਾਂਗ ਇਕ ਗੁਰਦੁਆਰੇ ਦੇ ਰੂਪ ਵਿਚ ਹੋਵੇਗੀ ਜਿਥੇ ਲੋਕ ਆ ਕੇ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਯਾਦ ਕਰ ਸਕਣਗੇ। ਉਨ੍ਹਾਂ ਆਖਿਆ ਕਿ ਜੇ ਦਿੱਲੀ ਸਰਕਾਰ ਵੱਲੋਂ ਥਾਂ ਨਾ ਮਿਲੀ ਤਾਂ ਫਿਰ ਗੁਰਦੁਆਰਾ ਬਾਲਾ ਸਾਹਿਬ ਨੇੜੇ ਇਹ ਯਾਦਗਾਰ ਬਣਾਉਣ ਬਾਰੇ ਵਿਚਾਰ ਕੀਤਾ ਜਾਵੇਗਾ।

# ਕਿਸਾਨ ਦਾ ਕਤਲ ਕਰਕੇ ਲਾਸ਼ ਨੂੰ ਗਲੀਆਂ ਵਿਚ ਘਸੀਟਿਆ

**ਟੋਹਾਣਾ:** ਹਰਿਆਣਾ ਦੇ ਪਿੰਡ ਸ਼ੀਸ਼ਵਾਲਾ ਵਿਚ ਤਿੰਨ ਵਿਅਕਤੀਆਂ ਨੇ ਬੇਰਹਿਮੀ ਵਿਖਾਉਂਦਿਆਂ ਇਕ ਕਿਸਾਨ ਦੀ ਹੱਤਿਆ ਕਰਕੇ ਉਸ ਦੀ ਲਾਸ਼ ਨੂੰ ਮੋਟਰਸਾਈਕਲ ਪਿੱਛੇ ਨੂੜ ਕੇ ਗਲੀਆਂ ਵਿਚੋਂ ਘਸੀਟਿਆ ਤੇ ਪਿੰਡੋਂ ਬਾਹਰ ਬਿਜਲੀ ਘਰ ਦੇ ਨਜ਼ਦੀਕ ਝਾੜੀਆਂ ਵਿਚ ਸੁੱਟ ਦਿੱਤਾ। ਉਸ ਦੀ ਸ਼ਾਦੀਸ਼ੁਦਾ ਬੇਟੀ ਤੇ ਨੌਂ ਸਾਲਾ ਦੋਹਤੇ ਨੂੰ ਕੁਹਾੜੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ।

ਮਿਲੀ ਜਾਣਕਾਰੀ ਮੁਤਾਬਕ ਦੇਰ ਰਾਤ ਨੂੰ ਕਿਸਾਨ ਸੁਰਜੀਤ ਸਿਘ ਦੇ ਘਰ ਦਾ ਅਣਪਛਾਤੇ ਵਿਅਕਤੀਆਂ ਨੇ ਦਰਵਾਜ਼ਾ ਖੜਕਾਇਆ। ਸੁਰਜੀਤ ਸਿੰਘ ਦੇ ਦੋਹਤੇ ਸੰਦੇਸ਼ ਨੇ ਦਰਵਾਜ਼ਾ ਖੋਲ੍ਹਿਆ ਤਾਂ ਤੇਜ਼ਧਾਰ ਹਥਿਆਰਾਂ ਨਾਲ ਲੈਸ ਤਿੰਨ ਵਿਅਕਤੀ ਸੁਰਜੀਤ ਦੇ ਕਮਰੇ ਵਿਚ ਦਾਖਲ ਹੋਏ ਤੇ ਉਸ ਨੂੰ ਥਾਈਂ ਢੇਰ ਕਰ ਦਿੱਤਾ। ਸੁਰਜੀਤ ਦੀ ਸ਼ਾਦੀਸ਼ੁਦਾ ਬੇਟੀ ਸੁਮਨ (28) ਪਿਤਾ ਦੇ ਬਚਾਅ ਲਈ ਅੱਗੇ ਆਈ ਤਾਂ ਹਥਿਆਰਬੰਦ ਵਿਅਕਤੀ ਉਸ 'ਤੇ ਟੁੱਟ ਪਏ। ਉਨ੍ਹਾਂ ਲੜਕੀ ਤੇ ਦੋਹਤੇ ਨੂੰ ਕੁਹਾੜੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ।

ਉਨ੍ਹਾਂ ਤੜਫ ਰਹੇ ਸੁਰਜੀਤ ਨੂੰ ਮੋਟਰਸਾਈਕਲ ਪਿੱਛੇ ਰੱਸੇ ਨਾਲ ਬੰਨ੍ਹ ਕੇ ਗਲੀਆਂ ਵਿਚੋਂ ਘਸੀਟਿਆ ਤੇ ਬਿਜਲੀ ਘਰ ਦੇ ਨਾਲ ਝਾੜੀਆਂ ਵਿਚ ਸੁੱਟ ਗਏ। ਵਾਰਦਾਤ ਨੂੰ ਅੰਜ਼ਾਮ ਦੇਣ ਵਾਲਿਆਂ ਦਾ ਇੰਨਾ ਭੈਅ ਫੈਲ ਗਿਆ ਕਿ ਸੁਮਨ ਤੇ ਸੰਦੇਸ਼ ਕਈ ਘੰਟੇ ਮਕਾਨ ਅੰਦਰ ਖੂਨ ਨਾਲ ਲਥਪਥ ਪਏ ਰਹੇ, ਕਿਸੇ ਨੇ ਉਨ੍ਹਾਂ ਦੀ ਸੰਭਾਲ ਨਾ ਕੀਤੀ। ਸਰਪੰਚ ਵੱਲੋਂ ਸੂਚਨਾ ਦੇਣ 'ਤੇ ਕਰੀਬ ਤਿੰਨ ਘੰਟਿਆਂ ਬਾਅਦ ਪੁਲਿਸ ਨੇ ਜ਼ਖ਼ਮੀ ਮਾਂ, ਪੁੱਤਰ ਨੂੰ ਹਸਪਤਾਲ ਪਹੁੰਚਾਇਆ।

ਪੁਲਿਸ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਮਾਮਲਾ ਸ਼ਾਦੀਸ਼ੁਦਾ ਔਰਤ ਸੁਮਨ ਨਾਲ ਜੁੜਿਆ ਹੋਇਆ ਹੈ। ਉਸ ਦੀ ਸ਼ਾਦੀ ਪਿੰਡ ਮਹਿਲਗਰਾਂ ਦੇ ਰਾਜ ਕੁਮਾਰ ਨਾਲ ਹੋਈ ਸੀ ਤੇ ਉਸ ਵਿਆਹ ਦੇ ਦੋ ਬੱਚੇ ਵੀ ਹਨ। ਪਤੀ ਨਾਲ ਨਾਰਾਜ਼ਗੀ ਚਲਦੇ ਉਹ ਆਪਣੇ ਪਿਤਾ ਕੋਲ ਰਹਿੰਦੀ ਸੀ। ਪੁਲਿਸ ਮੁਤਾਬਕ ਦੋ ਸਤੰਬਰ 2012 ਨੂੰ ਸੁਮਨ ਨੂੰ ਅਗਵਾ ਕਰਕੇ ਲਿਜਾਣ ਦਾ ਮਾਮਲੇ ਵਿਚ ਸੁਰਜੀਤ ਨੇ ਤਿੰਨ ਆਦਮੀਆਂ ਸੋਮਵੀਰ, ਉਸ ਦੇ ਭਰਾ ਰਮੇਸ਼ ਤੇ ਚੂਲੀ ਕਲਾਂ ਦੇ ਅਜੀਤ ਵਿਰੁੱਧ ਕੇਸ ਦਰਜ ਕਰਵਾਇਆ ਸੀ।

OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665

Drivers & Owner Operators Wanted
ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ
ਸ਼ਿਕਾਗੋ ਦੀ ਇਕ ਟਰੱਕਿੰਗ ਕੰਪਨੀ ਨੇਸ਼ਨਵਾਈਡ ਟਰਾਂਸ ਇੰਕ ਨੂੰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ। ਅਸੀਂ ਡਰਾਈਵਰਾਂ ਨੂੰ 43 ਸੈਂਟ ਪ੍ਰਤੀ ਮੀਲ ਦਿੰਦੇ ਹਾਂ। ਪ੍ਰਤੀ ਮੀਲ ਰੇਟ ਤਜ਼ਰਬੇ ਉਤੇ ਆਧਾਰਤ ਹੈ। ਅਸੀਂ ਲੇਅਓਵਰ ਅਤੇ ਡਿਟੈਨਸ਼ਨ ਲਈ ਵੀ ਪੈਸੇ ਦਿੰਦੇ ਹਾਂ। ਕੰਪਨੀ ਸਮੇਂ ਸਿਰ ਡਿਲਿਵਰੀਆਂ ਕਰਨ, ਪ੍ਰਤੀ ਮੀਲ ਹਫਤਾਵਾਰੀ ਔਸਤ ਅਤੇ ਸੇਫ ਡਰਾਈਵਿੰਗ ਲਈ ਬੋਨਸ ਵੀ ਅਦਾ ਕਰਦੀ ਹੈ। ਇਸ ਤੋਂ ਇਲਾਵਾ ਡਰਾਈਵਰ ਰੈਫਰ ਕਰਨ ਲਈ ਵੀ ਬੋਨਸ ਦਿੰਦੀ ਹੈ।
ਅਸੀਂ ਟਰੱਕਿੰਗ ਇੰਡਸਟਰੀ ਵਿਚ ਪਹਿਲ ਕਰਦਿਆਂ ਸਾਰੇ ਓਨਰ ਅਪਰੇਟਰਾਂ ਨੂੰ ਪਹਿਲਾਂ ਅਦਾਇਗੀ ਦੀ ਆਪਸ਼ਨ ਵੀ ਦਿੰਦੇ ਹਾਂ, ਜਬਰਨ ਡਿਸਪੈਚ ਨਹੀਂ ਕਰਦੇ ਅਤੇ ਸੌਖਾਲੇ ਡਰਾਈਵਿੰਗ ਸਕੈਜੂਅਲ ਦਿੰਦੇ ਹਾਂ।
ਸਾਨੂੰ ਓਵਰ ਦਾ ਰੋਡ, ਰੀਜਨਲ ਅਤੇ ਲੋਕਲ ਡਰਾਈਵਰ ਤੋਂ ਇਲਾਵਾ ਅਨੁਭਵੀ ਡਿਸਪੈਚਰਾਂ ਦੀ ਜ਼ਰੂਰਤ ਹੈ। ਸਾਡੇ ਪਾਸ ਬਹੁਤ ਤਰ੍ਹਾਂ ਦੇ ਪੱਕੇ ਰੂਟ ਹਨ ਜਿਨ੍ਹਾਂ ਵਿਚ ਲੰਮੇ ਰੂਟ ਅਤੇ ਰੀਜਨਲ ਰੂਟ ਸ਼ਾਮਲ ਹਨ। ਅਸੀਂ ਸਾਰੇ ਓਨਰ ਅਪਰੇਟਰਾਂ ਨੂੰ ਟਰੱਕ ਅਤੇ ਟਰੇਲਰ ਲੀਜ਼ ਦੀ ਆਪਸ਼ਨ, ਕੰਪਨੀ ਦੀ ਵਰਕਸ਼ਾਪ ਵਿਚ ਸਰਵਿਸ, ਪਾਰਕਿੰਗ ਅਤੇ ਪੇਸ਼ੇਵਰ ਬਿਜਨਸ ਸਪੋਰਟ ਵੀ ਦਿੰਦੇ ਹਾਂ।
ਨੇਸ਼ਨਵਾਈਡ ਟਰਾਂਸ ਇੰਕ ਅਜਿਹੇ ਮੌਜੂਦਾ ਅਤੇ ਸਾਬਕਾ ਡਰਾਈਵਰਾਂ ਦੀ ਮਾਲਕੀ ਅਤੇ ਉਨ੍ਹਾਂ ਵਲੋਂ ਚਲਾਈ ਜਾਂਦੀ ਕੰਪਨੀ ਹੈ ਜੋ ਕੰਪਨੀ ਦੇ ਹਿਤਾਂ ਨੂੰ ਪਹਿਲ ਦਿੰਦੇ ਹਨ। ਸਾਡੀ ਕੰਪਨੀ ਅਜਿਹੇ ਤਰੀਕੇ ਨਾਲ ਚਲਦੀ ਹੈ ਕਿ ਤੁਸੀਂ ਗੱਡੀ ਚਲਾਉਂਦਿਆਂ ਵੱਧ ਤੋਂ ਵੱਧ ਪੈਸੇ ਕਮਾ ਸਕੋ।

If you're interested in joining our growing family, please call (24/7)
ਹੋਰ ਜਾਣਕਾਰੀ ਲਈ ਕਾਲ ਕਰੋ
(815) 439-9369

# ਭੁੱਲਰ ਦੀ ਫਾਂਸੀ ਦੇ ਹੱਕ ਵਿਚ ਨਹੀਂ ਜਰਮਨ ਸਰਕਾਰ



**ਹੈਦਰਾਬਾਦ:** ਜਰਮਨੀ ਨੇ ਕਿਹਾ ਹੈ ਕਿ ਉਹ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਣੇ ਹੋਰਾਂ ਨੂੰ ਫਾਂਸੀ ਲਾਏ ਜਾਣ ਦੇ ਖ਼ਿਲਾਫ਼ ਹੈ ਕਿਉਂਕਿ ਇਸ ਨਾਲ ਨਿਆਂ ਦਾ ਮਕਸਦ ਪੂਰਾ ਨਹੀਂ ਹੋਵੇਗਾ। ਭਾਰਤ ਵਿਚ ਜਰਮਨੀ ਦੇ ਰਾਜਦੂਤ ਮਾਈਕਲ ਸਟੀਨਰ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਸੂਲੀ ਤੌਰ 'ਤੇ ਸਜ਼ਾ-ਏ-ਮੌਤ ਦੇ ਖ਼ਿਲਾਫ਼ ਹੈ ਤੇ ਇਸ ਵਿਚ ਪ੍ਰੋ. ਭੁੱਲਰ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ ਦਾ ਵਿਰੋਧ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜਰਮਨੀ ਦੀ ਇਸ ਸੋਚ ਬਾਰੇ ਭਾਰਤ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।

ਜ਼ਿਕਰਯੋਗ ਕਿ ਪ੍ਰੋ. ਭੁੱਲਰ ਨੂੰ ਸਤੰਬਰ 1993 ਵਿਚ ਨਵੀਂ ਦਿੱਲੀ ਵਿਚ ਬੰਬ ਧਮਾਕੇ ਦੇ ਕੇਸ ਸਬੰਧੀ ਇਹ ਸਜ਼ਾ ਸੁਣਾਈ ਗਈ ਸੀ ਜਿਸ ਵਿਚ ਨੌਂ ਵਿਅਕਤੀ ਮਾਰੇ ਗਏ ਸਨ। ਪ੍ਰੋ. ਭੁੱਲਰ ਬਰਾਸਤਾ ਜਰਮਨੀ, ਕੈਨੇਡਾ ਜਾਣ ਦੀ ਕੋਸ਼ਿਸ਼ ਦੌਰਾਨ ਦਸੰਬਰ 1994 ਵਿਚ ਜਰਮਨੀ ਵਿਚ ਗ੍ਰਿਫਤਾਰ ਹੋ ਗਿਆ ਸੀ। ਉਸ ਨੇ ਭਾਵੇਂ ਉਥੇ ਸ਼ਰਨ ਦੀ ਅਰਜ਼ੀ ਦਿੱਤੀ ਸੀ ਪਰ ਉਸ ਨੂੰ ਜਨਵਰੀ, 1995 ਵਿਚ ਭਾਰਤ ਹਵਾਲੇ ਕਰ ਦਿੱਤਾ ਗਿਆ।

ਖਾਸ ਤੌਰ 'ਤੇ ਪ੍ਰੋ. ਭੁੱਲਰ ਦੇ ਕੇਸ ਬਾਰੇ ਪੁੱਛੇ ਜਾਣ 'ਤੇ ਰਾਜਦੂਤ ਮਾਈਕਲ ਸਟੀਨਰ ਨੇ ਕਿਹਾ ਕਿ ਜਰਮਨੀ ਕਿਸੇ ਵਿਸ਼ੇਸ਼ ਕੇਸ ਬਾਰੇ ਗੱਲ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਉਹ ਕੋਈ ਬੇਨਤੀ ਨਹੀਂ ਕਰ ਰਹੇ। ਉਨ੍ਹਾਂ ਦੇ ਖਿਆਲ ਵਿਚ ਸਾਰੀ ਪੁਜ਼ੀਸ਼ਨ ਬਿਲਕੁਲ ਸਾਫ ਹੈ ਤੇ ਇਹ ਸਜ਼ਾ-ਏ-ਮੌਤ ਦੇ ਸਾਰੇ ਕੇਸਾਂ ਉਤੇ ਲਾਗੂ ਹੁੰਦੀ ਹੈ।

ਉਧਰ, ਦਿੱਲੀ ਸਰਕਾਰ ਨੇ ਮਾਨਸਿਕ ਇਲਾਜ ਕਰਵਾ ਰਹੇ ਪ੍ਰੋ. ਭੁੱਲਰ ਦੀ ਮੈਡੀਕਲ ਜਾਂਚ ਲਈ ਤਿੰਨ ਮੈਂਬਰੀ ਮੈਡੀਕਲ ਬੋਰਡ ਬਣਾਇਆ ਹੈ। ਤਿਹਾੜ ਜੇਲ੍ਹ ਪ੍ਰਸ਼ਾਸਨ ਦੀ ਅਪੀਲ ਦੇ ਮੱਦੇਨਜ਼ਰ ਦਿੱਲੀ ਸਰਕਾਰ ਵੱਲੋਂ ਬਣਾਏ ਗਏ ਇਸ ਮੈਡੀਕਲ ਬੋਰਡ ਵਿਚ ਏਮਜ਼ ਦੇ ਮਨੋਚਿਕਿਤਸਾ ਵਿਭਾਗ ਦੇ ਪ੍ਰੋ. ਡਾ. ਐਸ.ਕੇ ਖੰਡੇਲਵਾਲ, ਜੀ.ਬੀ ਪੰਤ ਹਸਪਤਾਲ ਦੇ ਡਾ. ਆਰ.ਸੀ ਜਿਲੋਹ ਤੇ ਲੋਕਨਾਇਕ ਹਸਪਤਾਲ ਦੇ ਮੈਡੀਸਨ ਵਿਭਾਗ ਦੇ ਡਾ. ਐਮ.ਕੇ ਡਾਗਾ ਸ਼ਾਮਲ ਹਨ। ਮਿਲੀ ਜਾਣਕਾਰੀ ਮੁਤਾਬਕ ਉਕਤ ਮੈਡੀਕਲ ਬੋਰਡ ਦੇ ਡਾਕਟਰਾਂ ਨੇ ਹਸਪਤਾਲ ਵਿਚ ਮਾਨਸਿਕ ਇਲਾਜ ਕਰਵਾ ਰਹੇ ਪ੍ਰੋ. ਭੁੱਲਰ ਦੀ ਸਿਹਤ ਦੀ ਮੁੱਢਲੀ ਜਾਂਚ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਤੇ ਪ੍ਰੋ. ਭੁੱਲਰ ਨੂੰ ਫਾਂਸੀ ਹੋਵੇਗੀ ਜਾਂ ਨਹੀਂ ਇਹ ਮੈਡੀਕਲ ਬੋਰਡ ਦੀ ਰਿਪੋਰਟ 'ਤੇ ਨਿਰਭਰ ਕਰੇਗਾ।

# ਸੁਪਰੀਮ ਕੋਰਟ ਨੇ ਫਿਲਮ 'ਸਾਡਾ ਹੱਕ' ਤੋਂ ਰੋਕ ਹਟਾਈ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਵਿਚ 1980ਵਿਆਂ ਵਿਚ ਚੱਲੀ ਖਾਲਿਸਤਾਨ ਲਹਿਰ 'ਤੇ ਆਧਾਰਤ ਫਿਲਮ 'ਸਾਡਾ ਹੱਕ' ਨੂੰ ਪੰਜਾਬ, ਚੰਡੀਗੜ੍ਹ ਤੇ ਦਿੱਲੀ ਵਿਚ ਦਿਖਾਏ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸੀਨੀਅਰ ਵਕੀਲਾਂ ਦੀ ਚਾਰ ਮੈਂਬਰੀ ਕਮੇਟੀ ਨੇ ਇਸ ਤੋਂ ਪਹਿਲਾਂ ਅਦਾਲਤੀ ਕੰਪਲੈਕਸ ਵਿਚ ਵਿਸ਼ੇਸ਼ ਸਕਰੀਨਿੰਗ ਦੌਰਾਨ ਇਹ ਫਿਲਮ ਦੇਖੀ ਤੇ ਫਿਰ ਇਸ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਸਿਫਾਰਸ਼ ਕੀਤੀ। ਚੀਫ ਜਸਟਿਸ ਅਲਤਮਸ ਕਬੀਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਸੀਬੀਐਫਸੀ (ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ) ਨੂੰ ਇਸ ਫਿਲਮ ਦਾ ਵਰਗੀਕਰਨ 'ਯੂ' ਤੋਂ ਬਦਲ ਕੇ 'ਏ' (ਕੇਵਲ ਬਾਲਗਾਂ ਲਈ) ਕਰਨ ਲਈ ਕਿਹਾ।

ਬੈਂਚ ਨੇ ਫਿਲਮ ਨਿਰਮਾਤਾਵਾਂ ਤੇ ਵਿਤਕਰਾਂ ਨੂੰ ਕਿਹਾ ਹੈ ਕਿ ਉਹ ਵਿਵਾਦਗ੍ਰਸਤ ਪ੍ਰਮੋਸ਼ਨਲ ਗੀਤ 'ਬਾਗੀ' ਕਿਸੇ ਵੀ ਰੂਪ ਵਿਚ ਨਾ ਵਰਤਣ। ਨਿਰਮਾਤਾ ਅਦਾਲਤ ਦੀਆਂ ਸਾਰੀਆਂ ਸ਼ਰਤਾਂ ਨਾਲ ਸਹਿਮਤ ਹੋ ਗਏ। ਇਸ ਫਿਲਮ 'ਤੇ ਅਮਨ-ਕਾਨੂੰਨ ਭੰਗ ਹੋਣ ਦੇ ਡਰੋਂ ਪਾਬੰਦੀ ਲਾਈ ਗਈ ਸੀ ਪਰ ਚਾਰ ਮੈਂਬਰੀ ਕਮੇਟੀ ਇਸ ਨਾਲ ਸਹਿਮਤ ਨਹੀਂ ਹੋਈ। ਸੁਪਰੀਮ ਕੋਰਟ ਨੇ ਸੀਬੀਐਫ ਨੂੰ 29 ਅਪਰੈਲ ਤਕ ਸਾਰੀਆਂ ਕਾਰਵਾਈਆਂ ਪੂਰੀਆਂ ਕਰਨ ਲਈ ਕਿਹਾ ਹੈ ਕਿਉਂਕਿ ਦੇਸ਼ ਦੇ ਹੋਰ ਹਿੱਸਿਆਂ ਵਿਚ ਇਹ ਫਿਲਮ ਚੱਲ ਰਹੀ ਹੈ। ਇਸ ਦੌਰਾਨ ਫਿਲਮ ਦੇ ਨਿਰਮਾਤਾ ਤੇ ਕਲਾਕਾਰ ਕੁਲਜਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਭਾਰਤ ਨੂੰ ਛੱਡ ਕੇ ਹੋਰ ਮੁਲਕਾਂ ਯੂ.ਕੇ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਹਾਂਗ ਕਾਂਗ, ਇਟਲੀ ਵਿਚ ਜਿਥੇ ਵੀ ਇਹ ਫਿਲਮ ਲੱਗੀ ਹੈ ਤੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਪਹਿਲੀ ਅਜਿਹੀ ਪੰਜਾਬੀ ਫਿਲਮ ਹੈ ਜੋ ਵਿਦੇਸ਼ਾਂ ਵਿਚ ਬਲਾਕ ਬਸਟਰ ਰਹੀ ਹੈ।

## ਸ਼ਿੰਗਾਰ ਸਿਨੇਮਾ ਬੰਬ ਕਾਂਡ ਦੇ ਦੋਸ਼ੀ ਦੀ ਜੇਲ੍ਹ ਵਿਚ ਮੌਤ

**ਨਾਭਾ:** ਸ਼ਿੰਗਾਰ ਸਿਨੇਮਾ ਬੰਬ ਕਾਂਡ ਦੇ ਦੋਸ਼ ਵਿਚ ਸਜ਼ਾ ਕੱਟ ਰਹੇ ਕੈਦੀ ਸੰਦੀਪ ਸਿੰਘ ਦੀ ਉੱਚ ਸੁਰੱਖਿਆ ਜੇਲ੍ਹ ਨਾਭਾ ਵਿਚ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਅਚਾਨਕ ਤਬੀਅਤ ਖਰਾਬ ਹੋ ਜਾਣ ਕਾਰਨ ਉਸ ਨੂੰ ਸਿਵਲ ਹਸਪਤਾਲ ਨਾਭਾ ਲਿਜਾਇਆ ਜਾ ਰਿਹਾ ਸੀ ਪਰ ਰਸਤੇ ਵਿਚ ਹੀ ਉਸ ਨੇ ਦਮ ਤੋੜ ਦਿੱਤਾ। ਸੰਦੀਪ ਸਿੰਘ (35) ਪੁੱਤਰ ਹਰਿੰਦਰ ਸਿੰਘ, ਵਾਸੀ ਪਿੰਡ ਘੁਮਾਣ ਜ਼ਿਲ੍ਹਾ ਲੁਧਿਆਣਾ, ਨਾਭਾ ਜੇਲ੍ਹ ਵਿਚ ਧਾਰਾ 302, 307 ਅਧੀਨ ਸਜ਼ਾ ਕੱਟ ਰਿਹਾ ਸੀ। ਇਸ ਕੈਦੀ ਨੇ ਪੰਜ ਸਾਲ ਦੀ ਸਜ਼ਾ ਪੂਰੀ ਕਰ ਲਈ ਸੀ ਤੇ ਜੁਰਮਾਨੇ ਬਦਲੇ ਕੀਤੀ ਬਾਕੀ ਸਜ਼ਾ ਅਜੇ ਭੁਗਤ ਰਿਹਾ ਸੀ। ਉਹ ਜੇਲ੍ਹ ਦੀਆਂ ਚੱਕੀਆਂ ਵਿਚ ਨਜ਼ਰਬੰਦ ਸੀ। ਜੇਲ੍ਹ ਸੁਪਰਡੈਂਟ ਗੁਰਪਾਲ ਸਿੰਘ ਸਰੋਆ ਮੁਤਾਬਕ ਇਸ ਕੈਦੀ ਦੇ ਦਿਲ ਵਿਚ ਛੇਕ ਹੋਣ ਕਾਰਨ ਇਸ ਦਾ ਇਲਾਜ ਪੀਜੀਆਈ ਚੰਡੀਗੜ੍ਹ ਵਿਚ ਚੱਲਦਾ ਸੀ।ਉਹ ਠੀਕ-ਠਾਕ ਸੀ ਪਰ ਅਚਾਨਕ ਉਸ ਦੀ ਸਿਹਤ ਖਰਾਬ ਹੋ ਗਈ ਜਿਸ ਕਾਰਨ ਜੇਲ੍ਹ ਮੁਲਾਜ਼ਮਾਂ ਨੇ ਉਸ ਨੂੰ ਜੇਲ੍ਹ ਅੰਦਰ ਬਣੇ ਹਸਪਤਾਲ ਵਿਚ ਦਾਖ਼ਲ ਕਰਵਾਇਆ। ਹਾਲਤ ਜ਼ਿਆਦਾ ਖ਼ਰਾਬ ਹੋ ਜਾਣ ਕਾਰਨ ਉਸ ਨੂੰ ਸਿਵਲ ਹਸਪਤਾਲ ਨਾਭਾ ਲਿਜਾਇਆ ਗਿਆ ਪਰ ਰਸਤੇ ਵਿਚ ਜਾਂਦੇ ਸਮੇਂ ਉਸ ਦੀ ਮੌਤ ਹੋ ਗਈ।

# ਪੰਜਾਬ ਵਿਚ ਝੁੱਗੀ ਵਾਸੀਆਂ ਦੇ ਵੀ ਸ਼ਾਹੀ ਠਾਠ!



**ਚੰਡੀਗੜ੍ਹ:** ਆਮ ਕਰਕੇ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਮਾੜੇ ਆਰਥਿਕ ਹਾਲਾਤ ਕਾਰਨ ਤਰਸ ਦਾ ਪਾਤਰ ਸਮਝਿਆ ਜਾਂਦਾ ਹੈ ਪਰ ਪੰਜਾਬ ਦੇ ਤਾਜ਼ਾ ਮਰਦਮ ਸ਼ੁਮਾਰੀ ਅੰਕੜਿਆਂ ਨੇ ਇਸ ਸੋਚ ਨੂੰ ਪਲਟ ਦਿੱਤਾ ਹੈ। ਅੰਕੜੇ ਦੱਸਦੇ ਹਨ ਕਿ ਪੰਜਾਬ ਦੀਆਂ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਪਰਿਵਾਰਾਂ ਦਾ ਰਹਿਣ-ਸਹਿਣ ਵੱਡੇ ਸ਼ਹਿਰਾਂ ਦੀਆਂ ਕਲੋਨੀਆਂ ਵਿਚ ਰਹਿੰਦੇ ਗਰੀਬ ਪਰਿਵਾਰਾਂ ਨਾਲੋਂ ਕਿਤੇ ਬਿਹਤਰ ਹੈ।

ਸੂਬੇ ਦੇ 71 ਸ਼ਹਿਰਾਂ ਵਿਚ ਬਣੀਆਂ ਝੁੱਗੀਆਂ ਵਿਚ ਰਹਿੰਦੇ ਬਹੁਗਿਣਤੀ ਪਰਿਵਾਰ, ਚਾਰ ਪਹੀਆ, ਦੋ ਪਹੀਆ ਵਾਹਨ, ਗੈਸ ਕੁਨੈਕਸ਼ਨ, ਟੈਲੀਵਿਜ਼ਨ, ਬਿਜਲੀ ਕੁਨੈਕਸ਼ਨ, ਪਾਣੀ ਦਾ ਕੁਨੈਕਸ਼ਨ, ਪਖਾਨੇ ਤੇ ਹੋਰ ਲੋੜੀਂਦੀਆਂ ਸਹੂਲਤਾਂ ਲੈ ਰਹੇ ਹਨ। ਮਰਦਮ ਸ਼ੁਮਾਰੀ ਵਿਭਾਗ ਦੀ ਡਾਇਰੈਕਟਰ ਸੀਮਾ ਜੈਨ ਦਾ ਕਹਿਣਾ ਹੈ ਕਿ ਝੁੱਗੀ-ਝੌਂਪੜੀ ਵਿਚ ਰਹਿੰਦੇ ਪਰਿਵਾਰਾਂ ਵੱਲੋਂ ਹਾਸਲ ਕੀਤੀਆਂ ਜਾ ਰਹੀਆਂ ਸਹੂਲਤਾਂ ਤੇ ਉਨ੍ਹਾਂ ਦੇ ਰਹਿਣ-ਸਹਿਣ ਬਾਰੇ ਅੰਕੜੇ ਪਹਿਲੀ ਵਾਰੀ ਇਕੱਤਰ ਕੀਤੇ ਗਏ ਹਨ।

ਇਸ ਤੋਂ ਪਹਿਲਾਂ ਇਨ੍ਹਾਂ ਪਰਿਵਾਰਾਂ ਦੀ ਗਿਣਤੀ ਬਾਰੇ ਹੀ ਮਰਦਮ ਸ਼ੁਮਾਰੀ ਹੁੰਦੀ ਸੀ। ਇਨ੍ਹਾਂ ਅੰਕੜਿਆਂ ਮੁਤਾਬਕ 143 ਸ਼ਹਿਰਾਂ ਵਿਚੋਂ 71 ਸ਼ਹਿਰਾਂ ਵਿਚ ਝੁੱਗੀਆਂ-ਝੌਂਪੜੀਆਂ ਵਿਚ ਗਰੀਬ ਰਹਿੰਦੇ ਹਨ। ਸੂਬੇ ਦੇ 23 ਜ਼ਿਲ੍ਹਿਆਂ ਵਿਚੋਂ ਸਿਰਫ਼ ਦੋ ਜ਼ਿਲ੍ਹੇ ਬਰਨਾਲਾ ਤੇ ਨਵਾਂ ਸ਼ਹਿਰ ਅਜਿਹੇ ਹਨ ਜਿਥੇ ਕੋਈ ਵੀ ਝੌਂਪੜ ਪੱਟੀ ਨਹੀਂ ਹੈ। ਅੰਕੜਿਆਂ ਮੁਤਾਬਕ ਸੂਬੇ ਦੀ ਕੁੱਲ ਵਸੋਂ ਦਾ 14.2 ਫੀਸਦੀ ਹਿੱਸਾ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦਾ ਹੈ। ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ 82.6 ਫੀਸਦੀ ਪਰਿਵਾਰ ਟੈਲੀਵਿਜ਼ਨ ਦੀ ਸਹੂਲਤ ਲੈ ਰਹੇ ਹਨ ਜਦੋਂਕਿ ਸ਼ਹਿਰਾਂ ਵਿਚ ਕੁੱਲ 87.7 ਫੀਸਦੀ ਪਰਿਵਾਰਾਂ ਕੋਲ ਟੈਲੀਵਿਜ਼ਨ ਹੈ। ਦੋ ਪਹੀਆ ਵਾਹਨਾਂ ਦੀ ਗੱਲ ਕਰੀਏ ਤਾਂ ਝੁੱਗੀ-ਝੌਂਪੜੀ ਵਿਚ ਰਹਿੰਦੇ 35 ਫੀਸਦੀ ਪਰਿਵਾਰਾਂ ਨੇ ਸਕੂਟਰ ਜਾਂ ਮੋਟਰਸਾਈਕਲ ਦੀ ਸਹੂਲਤ ਲਈ ਹੋਈ ਹੈ। ਇਸੇ ਤਰ੍ਹਾਂ 7.3 ਫੀਸਦੀ ਪਰਿਵਾਰਾਂ ਕੋਲ ਤਾਂ ਕਾਰ ਜਾਂ ਜੀਪ ਦੀ ਸਹੂਲਤ ਵੀ ਹੈ। ਲੁਧਿਆਣਾ ਸ਼ਹਿਰ ਦੀਆਂ ਝੁੱਗੀਆਂ ਵਿਚ ਤਾਂ ਹਰ ਦਸਵੇਂ ਪਰਿਵਾਰ ਕੋਲ ਚਾਰ ਪਹੀਆ ਵਾਹਨ ਦੀ ਸਹੂਲਤ ਹੈ ਤੇ ਦੋ ਪਹੀਆ ਵਾਹਨ 42.1 ਫੀਸਦੀ ਪਰਿਵਾਰਾਂ ਕੋਲ ਹਨ। ਵੱਡੇ ਸ਼ਹਿਰਾਂ ਵਿਚੋਂ ਅੰਮ੍ਰਿਤਸਰ ਦੀਆਂ ਝੁੱਗੀਆਂ ਵਾਲਿਆਂ ਕੋਲ ਇਹ ਸਹੂਲਤ ਔਸਤ ਨਾਲੋਂ ਵੀ ਘੱਟ 5.3 ਫੀਸਦੀ ਹੈ। ਪੰਜਾਬ ਦੀਆਂ ਝੁੱਗੀਆਂ ਝੌਂਪੜੀਆਂ ਵਿਚ ਰਹਿੰਦੇ ਪਰਿਵਾਰ ਕੰਪਿਊਟਰ ਜਾਂ ਲੈਪਟਾਪ ਦੀ ਸਹੂਲਤ ਲੈਣ ਵਿਚ ਵੀ ਪਿਛਾਂਹ ਨਹੀਂ ਹਨ। ਸ਼ਹਿਰਾਂ ਵਿਚ ਜੇਕਰ 10.5 ਫੀਸਦੀ ਪਰਿਵਾਰਾਂ ਕੋਲ ਕੰਪਿਊਟਰ ਹੈ ਤਾਂ ਝੁੱਗੀਆਂ ਦੇ ਸੱਤ ਫੀਸਦੀ ਪਰਿਵਾਰਾਂ ਕੋਲ ਕੰਪਿਊਟਰ ਦੀ ਸਹੂਲਤ ਹੈ।

# ਜੇਲ੍ਹਾਂ ਵਿਚ ਲੋੜੋਂ ਵੱਧ ਰਾਸ਼ਨ ਦੀ ਸਪਲਾਈ



**ਚੰਡੀਗੜ੍ਹ :** ਪੰਜਾਬ ਦੀਆਂ ਜੇਲ੍ਹਾਂ ਵਿਚ ਲੋੜ ਨਾਲੋਂ ਕਿਤੇ ਵੱਧ ਰਾਸ਼ਨ ਖਰੀਦਿਆ ਜਾਂਦਾ ਹੈ। ਇਹ ਖੁਲਾਸਾ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪ੍ਰੀਖਕ (ਕੈਗ) ਨੇ ਆਪਣੀ ਰਿਪੋਰਟ

**ਕੈਗ ਨੇ ਉਠਾਇਆ ਸਵਾਲ**

ਵਿਚ ਕੀਤਾ ਹੈ। ਰਿਪੋਰਟ ਮੁਤਾਬਕ ਪੰਜਾਬ ਦੀਆਂ ਜੇਲ੍ਹਾਂ ਵਿਚ ਲੋੜ ਤੋਂ ਵੱਧ ਰਾਸ਼ਨ ਖਰੀਦਣ ਉਪਰ 1.17 ਕਰੋੜ ਰੁਪਏ ਖਰਚੇ ਗਏ ਹਨ ਤੇ ਜੇਲ੍ਹਾਂ ਵਿਚ ਯੋਗ ਸਿਹਤ ਸਹੂਲਤਾਂ ਨਾ ਹੋਣ ਕਾਰਨ ਕੈਦੀਆਂ ਦਾ ਜੇਲ੍ਹਾਂ ਤੋਂ ਬਾਹਰ ਇਲਾਜ ਕਰਵਾਉਣ ਉਪਰ 1.44 ਕਰੋੜ ਰੁਪਏ ਖਰਚ ਆਏ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਫਰੀਦਕੋਟ ਜੇਲ੍ਹ ਵਿਚ ਕੈਦੀਆਂ ਤੇ ਜੇਲ੍ਹ ਸਟਾਫ ਵਿਚਕਾਰ ਪੈਦਾ ਹੋਏ ਟਕਰਾਅ ਕਾਰਨ ਸਰਕਾਰ ਜੇਲ੍ਹਾਂ ਦੇ ਸੁਧਾਰ ਲਈ ਵੱਡੇ ਦਾਅਵੇ ਕਰ ਰਹੀ ਹੈ।

ਰਿਪੋਰਟ ਅਨੁਸਾਰ ਜੇਲ੍ਹਾਂ ਵਿਚ ਕੈਦੀਆਂ ਲਈ 5057 ਕੁਇੰਟਲ ਛੋਲੇ ਖਰੀਦੇ ਗਏ ਹਨ ਜਦਕਿ ਮਾਪਦੰਡਾਂ ਮੁਤਾਬਕ ਲੋੜੀਂਦੀ ਮਾਤਰਾ 3566 ਕੁਇੰਟਲ ਸੀ। ਸਾਬਤ ਮਸਰ 1763 ਕੁਇੰਟਲ ਖਰੀਦੇ ਹਨ ਜੋ ਤੈਅ ਮਾਪਦੰਡਾਂ ਤੋਂ 416 ਕੁਇੰਟਲ ਵੱਧ ਹਨ। ਸਾਬਤ ਹਲਦੀ 133 ਕੁਇੰਟਲ ਖਰੀਦੀ ਗਈ ਹੈ ਜਦਕਿ ਲੋੜ 102 ਕੁਇੰਟਲ ਦੀ ਸੀ। ਸਾਬਤ ਲਾਲ ਮਿਰਚ 133 ਕੁਇੰਟਲ ਖਰੀਦੀ ਗਈ ਜਦਕਿ ਲੋੜੀਂਦੀ 103 ਕੁਇੰਟਲ ਸੀ। ਇਸੇ ਤਰ੍ਹਾਂ ਸਾਬਤ ਧਨੀਆਂ 127 ਕੁਇੰਟਲ ਖਰੀਦਿਆ ਹੈ ਜਦਕਿ ਲੋੜ ਸਿਰਫ 95 ਕੁਇੰਟਲ ਦੀ ਸੀ। ਨਹਾਉਣ-ਧੋਣ ਦੀਆਂ ਵਸਤਾਂ ਵਿਚ ਸਾਬਣ, ਟੁੱਥ ਬਰੱਸ਼ ਤੇ ਪੇਸਟ ਵੀ ਲੋੜ ਤੋਂ ਕਿਤੇ ਵੱਧ ਖਰੀਦੇ ਗਏ ਹਨ। ਇਸ ਤਰ੍ਹਾਂ ਜੇਲ੍ਹ ਪ੍ਰਸ਼ਾਸਨ ਵੱਲੋਂ ਸਾਲ 2011-12 ਦੌਰਾਨ 1.17 ਕਰੋੜ ਰੁਪਏ ਦੀ ਕੀਮਤ ਦੀਆਂ ਖਾਦ ਤੇ ਨਹਾਉਣ-ਧੋਣ ਦੀਆਂ ਵਸਤਾਂ ਦੀ ਵੱਧ ਖਰੀਦ ਕੀਤੀ ਗਈ ਹੈ। ਭਾਵੇਂ ਪੰਜਾਬ ਦੀਆਂ ਨੌਂ ਜੇਲ੍ਹਾਂ ਵਿਚ ਸਮਰੱਥਾ ਤੋਂ 2979 ਸਜ਼ਾਯਾਫਤਾ ਕੈਦੀ ਘੱਟ ਹਨ ਪਰ 14 ਜੇਲ੍ਹਾਂ ਦਸੂਹਾ, ਫਿਰੋਜ਼ਪੁਰ, ਫਗਵਾੜਾ, ਨਾਭਾ, ਫਾਜ਼ਿਲਕਾ, ਬਰਨਾਲਾ, ਮੋਗਾ, ਰੋਪੜ, ਬਠਿੰਡਾ, ਮੁਕਤਸਰ, ਗੁਰਦਾਸਪੁਰ, ਸੰਗਰੂਰ, ਪਟਿਆਲਾ ਤੇ ਅੰਮ੍ਰਿਤਸਰ ਵਿਚ ਸਮਰੱਥਾ ਤੋਂ 1095 ਕੈਦੀ ਵੱਧ ਪਾਏ ਗਏ ਹਨ।

# ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਉਡਾਣ ਬਹਾਲ ਕਰਨ ਤੋਂ ਟਾਲਾ

**ਅੰਮ੍ਰਿਤਸਰ:** ਅੰਮ੍ਰਿਤਸਰ ਹਵਾਈ ਅੱਡੇ ਤੋਂ ਏਅਰ ਇੰਡੀਆ ਹਵਾਈ ਕੰਪਨੀ ਦੀ ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਹਵਾਈ ਉਡਾਣ ਨੂੰ ਮੁੜ ਸ਼ੁਰੂ ਕਰਨ ਬਾਰੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਅਪੀਲ ਨੂੰ ਕੇਂਦਰੀ ਹਵਾਬਾਜ਼ੀ ਮੰਤਰੀ ਅਜੀਤ ਸਿੰਘ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਕੇਂਦਰੀ ਮੰਤਰੀ ਦੇ ਇਸ ਜਵਾਬ ਤੋਂ ਖਫ਼ਾ ਸ. ਸਿੱਧੂ ਨੇ ਆਖਿਆ ਕਿ ਕੇਂਦਰੀ ਮੰਤਰੀ ਦੀ ਇਸ ਕਾਰਵਾਈ ਨਾਲ ਕੇਂਦਰ ਸਰਕਾਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।

ਸ. ਸਿੱਧੂ ਮੁਤਾਬਕ ਕੁਝ ਸਮਾਂ ਪਹਿਲਾਂ ਜੁਲਾਈ ਮਹੀਨੇ ਵਿਚ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ ਇਕ ਪੱਤਰ ਭੇਜਿਆ ਸੀ ਜਿਸ ਰਾਹੀਂ ਉਨ੍ਹਾਂ ਏਅਰ ਇੰਡੀਆ ਦੀ ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਹਵਾਈ ਉਡਾਣ ਜੋ ਬੰਦ ਪਈ ਹੈ, ਨੂੰ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ। ਇਸ ਬਾਰੇ ਲੋੜੀਂਦੇ ਅੰਕੜੇ ਵੀ ਭੇਜੇ ਗਏ ਸਨ ਜੋ ਸਾਬਤ ਕਰਦੇ ਸਨ ਕਿ ਇਹ ਉਡਾਣ ਹਵਾਈ ਕੰਪਨੀ ਲਈ ਮੁਨਾਫੇ ਵਾਲੀ ਉਡਾਣ ਸੀ। ਇਹ ਉਡਾਣ ਪੰਜਾਬ ਤੋਂ ਇਨ੍ਹਾਂ ਮੁਲਕਾਂ ਵਿਚ ਜਾਣ ਵਾਲੇ ਯਾਤਰੂਆਂ ਲਈ ਲਾਹੇਵੰਦ ਸੀ।

ਸ. ਸਿੱਧੂ ਦੇ ਪੱਤਰ ਦੇ ਜਵਾਬ ਵਿਚ ਕੇਂਦਰੀ ਹਵਾਬਾਜ਼ੀ ਮੰਤਰੀ ਵੱਲੋਂ ਤਕਰੀਬਨ ਨੌਂ ਮਹੀਨੇ ਬਾਅਦ 30 ਮਾਰਚ, 2013 ਨੂੰ ਭੇਜੇ ਗਏ ਪੱਤਰ ਵਿਚ ਅਪੀਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਉਨ੍ਹਾਂ ਇਸ ਮਾਮਲੇ ਦਾ ਜਾਇਜ਼ਾ ਲਿਆ ਹੈ ਤੇ ਏਅਰ ਇੰਡੀਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਤੋਂ ਆਸਟਰੇਲੀਆ ਲਈ ਇਕ ਨਵੀਂ ਰੋਜ਼ਾਨਾ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜੋ ਹਫ਼ਤੇ ਵਿਚ ਰੋਜ਼ਾਨਾ ਵੱਖ-ਵੱਖ ਦਿਨਾਂ 'ਤੇ ਮੈਲਬਰਨ ਤੇ ਸਿਡਨੀ ਜਾਵੇਗੀ। ਇਹ ਉਡਾਣ ਦਿੱਲੀ ਤੋਂ ਆਰੰਭ ਹੋਵੇਗੀ।

ਉਨ੍ਹਾਂ ਆਖਿਆ ਕਿ ਪੰਜਾਬ ਦੇ ਜੋ ਯਾਤਰੂ ਆਸਟਰੇਲੀਆ ਜਾਣਾ ਚਾਹੁੰਦੇ ਹਨ, ਇਸ ਹਬ ਐਂਡ ਸਪੋਕ ਉਡਾਣ ਰਾਹੀਂ ਦਿੱਲੀ ਤੋਂ ਆਸਟਰੇਲੀਆ ਜਾ ਸਕਣਗੇ। ਉਨ੍ਹਾਂ ਆਖਿਆ ਕਿ ਏਅਰ ਇੰਡੀਆ ਹਵਾਈ ਕੰਪਨੀ ਵੱਲੋਂ ਦਿੱਲੀ ਨੂੰ ਆਪਣਾ ਮੁੱਢਲਾ ਹੱਬ ਬਣਾਇਆ ਗਿਆ ਹੈ ਜਿਸ ਨੂੰ ਵੱਖ-ਵੱਖ ਮੁਲਕਾਂ ਨਾਲ ਜੋੜਿਆ ਗਿਆ ਹੈ ਅਤੇ ਦਿੱਲੀ ਤੋਂ ਦੇਸ਼ ਦੇ ਹੋਰ ਵੱਖ-ਵੱਖ ਸੂਬਿਆਂ ਨਾਲ ਵੀ ਬਾਕਾਇਦਾ ਹਵਾਈ ਸੰਪਰਕ ਵੀ ਕਾਇਮ ਕੀਤਾ ਗਿਆ ਹੈ।

# ਵਿਰਾਸਤ-ਏ-ਖਾਲਸਾ ਦੇ ਦੂਜੇ ਪੜਾਅ ਲਈ ਫੰਡ ਮਨਜ਼ੂਰ



**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਰਾਸਤ-ਏ-ਖਾਲਸਾ ਯਾਦਗਾਰ ਦੇ ਦੂਜੇ ਪੜਾਅ ਲਈ 71.76 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਅਨੰਦਪੁਰ ਸਾਹਿਬ ਫਾਊਂਡੇਸ਼ਨ ਟਰੱਸਟ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਦੂਜੇ ਪੜਾਅ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਫੰਡ ਤੈਅ ਯੋਜਨਾ ਮੁਤਾਬਕ ਜਾਰੀ ਕਰੇ।

ਮੁੱਖ ਮੰਤਰੀ ਨੇ ਅਨੰਦਪੁਰ ਸਾਹਿਬ ਫਾਊਂਡੇਸ਼ਨ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਸਾਰੀ ਜਾ ਰਹੀ ਬਾਬਾ ਜੀਵਨ ਸਿੰਘ ਯਾਦਗਾਰ ਵਾਸਤੇ ਪੰਜ ਏਕੜ ਜ਼ਮੀਨ ਛੱਡੀ ਜਾਵੇ। ਇਕ ਹੋਰ ਅਹਿਮ ਫੈਸਲੇ ਵਿਚ ਸ. ਬਾਦਲ ਨੇ ਵਿਰਾਸਤ-ਏ-ਖਾਲਸਾ ਯਾਦਗਾਰ ਦੀਆਂ ਮੌਜੂਦਾ ਲੋੜਾਂ ਦੇ ਮੱਦੇਨਜ਼ਰ ਸਬੰਧਤ ਅਥਾਰਟੀਆਂ ਨੂੰ ਮੁਕੰਮਲ ਬਿਜਲੀ ਪੈਦਾ ਕਰਨ ਵਾਲਾ ਸੋਲਰ ਐਨਰਜੀ ਪਾਵਰ ਯੂਨਿਟ ਸਥਾਪਤ ਕਰਨ ਦੀ ਯੋਜਨਾ ਤਿਆਰ ਕਰਨ ਦੇ ਆਦੇਸ਼ ਦਿੱਤੇ।

ਮੁੱਖ ਮੰਤਰੀ ਨੇ ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ ਲੇਜ਼ਰ ਸ਼ੋਅ ਲਈ ਸਿਧਾਂਤਕ ਪ੍ਰਵਾਨਗੀ ਦਿੰਦਿਆਂ ਸਬੰਧਤ ਵਿਭਾਗ ਨੂੰ ਇਸ ਬਾਰੇ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਆਵਾਜਾਈ ਵਾਲੇ ਸਾਧਨਾਂ ਦੀ ਪਾਰਕਿੰਗ ਲਈ ਜਗ੍ਹਾ ਕਾਇਮ ਕਰਨ ਦੇ ਵੀ ਆਦੇਸ਼ ਦਿੱਤੇ। ਸ. ਬਾਦਲ ਨੇ ਵਿਰਾਸਤ-ਏ-ਖਾਲਸਾ ਦੇ ਦੂਜੇ ਪੜਾਅ ਦੇ ਡਿਜ਼ਾਈਨ ਨੂੰ ਵੀ ਦੇਖਿਆ।

ਮੀਟਿੰਗ ਵਿਚ ਦੱਸਿਆ ਗਿਆ ਕਿ ਵਿਰਾਸਤ-ਏ-ਖਾਲਸਾ ਦੇ ਗੈਲਰੀ ਨੰਬਰ 15 ਤੋਂ 27 ਨੂੰ ਅਕਤੂਬਰ, 2014 ਤੱਕ ਪੂਰਾ ਕਰ ਲਿਆ ਜਾਵੇਗਾ।

# ਸਿਮਰਨਜੀਤ ਮਾਨ ਨੂੰ ਖਾਲਿਸਤਾਨ ਦਾ ਮੁੱਦਾ ਛੱਡਣ ਦੀ ਸਲਾਹ

**ਅੰਮ੍ਰਿਤਸਰ:** ਪੰਥਕ ਏਕਤਾ ਦੇ ਮੰਤਵ ਨਾਲ ਵੱਖ-ਵੱਖ ਸਿੱਖ ਸਿਆਸੀ ਆਗੂਆਂ ਦੀ ਲੰਘੇ ਦਿਨ ਮੀਟਿੰਗ ਕੀਤੀ ਗਈ ਜਿਸ ਵਿਚ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਖ਼ਾਲਿਸਤਾਨ ਦਾ ਮੁੱਦਾ ਛੱਡਦੇ ਹਨ ਤਾਂ ਹੀ ਸਿੱਖ ਜਥੇਬੰਦੀਆਂ ਦਾ ਇਕ ਮੰਚ 'ਤੇ ਇਕੱਠੇ ਹੋਣਾ ਸੰਭਵ ਹੈ।

ਮੀਟਿੰਗ ਵਿਚ ਸ਼੍ਰੋਮਣੀ ਪੰਥਕ ਕੌਂਸਲ ਦੇ ਮੁਖੀ ਮਨਜੀਤ ਸਿੰਘ ਕਲਕੱਤਾ, ਅਕਾਲੀ ਆਗੂ ਪ੍ਰਦੀਪ ਸਿੰਘ ਵਾਲੀਆ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਸਵੰਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਧਿਆਨ ਸਿੰਘ ਮੰਡ, ਹਰਬੀਰ ਸਿੰਘ ਸੰਧੂ, ਜਰਨੈਲ ਸਿੰਘ ਸਖੀਰਾ, ਟਕਸਾਲੀ ਅਕਾਲੀ ਆਗੂ



ਸਤਨਾਮ ਸਿੰਘ ਮਨਾਵਾ, ਖਾਲਸਾ ਐਕਸ਼ਨ ਕਮੇਟੀ ਦੇ ਮੁਖੀ ਭਾਈ ਮੋਹਕਮ ਸਿੰਘ, ਐਡਵੋਕੇਟ ਸਿਮਰਨਜੀਤ ਸਿੰਘ, ਜਗਮੋਹਨ ਦਿਆਲ ਸਿੰਘ, ਦਵਿੰਦਰ ਸਿੰਘ ਬਾਜਵਾ ਤੇ ਹੋਰ ਸ਼ਾਮਲ ਸਨ।

ਸ. ਹਰਬੀਰ ਸਿੰਘ ਸੰਧੂ ਨੇ ਦੱਸਿਆ ਕਿ ਮੀਟਿੰਗ ਵਿਚ ਵੱਖ-ਵੱਖ ਬੁਲਾਰਿਆਂ ਨੇ ਪੰਥਕ ਏਕਤਾ ਬਾਰੇ ਆਪਣੇ ਵਿਚਾਰ ਰੱਖੇ। ਕੁਝ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਦੇ ਖ਼ਾਲਿਸਤਾਨ ਪੱਖੀ ਸਟੈਂਡ ਨੂੰ ਸਹੀ ਕਰਾਰ ਦਿੱਤਾ ਹੈ ਤੇ ਕੁਝ ਆਗੂਆਂ ਨੇ ਆਖਿਆ ਕਿ ਸ. ਮਾਨ ਨੂੰ ਪੰਥਕ ਏਕਤਾ ਨੂੰ ਧਿਆਨ ਵਿਚ ਰੱਖਦਿਆਂ ਆਪਣਾ ਇਹ ਸਟੈਂਡ ਕੁਝ ਸਮੇਂ ਲਈ ਮੁਲਤਵੀ ਕਰ ਦੇਣਾ ਚਾਹੀਦਾ ਹੈ। ਕੁਝ ਆਗੂਆਂ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਇਸ ਵੇਲੇ ਖ਼ਾਲਿਸਤਾਨ ਦੇ ਪੱਖ ਵਿਚ ਖੜ੍ਹੇ ਹੋਣਾ ਠੀਕ ਨਹੀਂ। ਇਸ ਲਈ ਇਸ ਮੁੱਦੇ ਨੂੰ ਛੱਡ ਦੇਣਾ ਚਾਹੀਦਾ ਹੈ। ਸ. ਸੰਧੂ ਨੇ ਦੱਸਿਆ ਕਿ ਉਹ ਮੀਟਿੰਗ ਬਾਰੇ ਸਮੁੱਚੀ ਰਿਪੋਰਟ ਸ. ਮਾਨ ਨੂੰ ਸੌਂਪਣਗੇ ਤੇ ਮਗਰੋਂ ਅਗਲੀ ਕਾਰਵਾਈ ਲਈ ਵਿਚਾਰ ਹੋਵੇਗਾ।

## ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 19 ਮਈ ਨੂੰ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ 145 ਪੰਚਾਇਤ ਸਮਿਤੀਆਂ ਤੇ 22 ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਅੱਗੇ ਪਾਉਂਦਿਆਂ ਇਹ ਚੋਣਾਂ 19 ਮਈ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਕਮਿਸ਼ਨ ਦੇ ਇਸ ਫੈਸਲੇ ਨਾਲ ਹੀ ਸੂਬੇ ਦੀਆਂ 13,110 ਪੰਚਾਇਤਾਂ ਦੀਆਂ ਚੋਣਾਂ ਵੀ ਅੱਗੇ ਪੈਣ ਦੀ ਸੰਭਾਵਨਾ ਹੈ। ਇਸ ਫੈਸਲੇ ਤਹਿਤ ਹੁਣ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਬਾਰੇ ਨੋਟੀਫਿਕੇਸ਼ਨ ਤਿੰਨ ਮਈ ਨੂੰ ਜਾਰੀ ਕੀਤੀ ਜਾਵੇਗੀ ਤੇ ਨਾਮਜ਼ਦਗੀ ਪੱਤਰ ਭਰਨ ਦੀ ਆਖਰੀ ਤਾਰੀਖ਼ ਸੱਤ ਮਈ ਹੋਵੇਗੀ। ਚੋਣ ਕਮਿਸ਼ਨ ਵੱਲੋਂ ਅੱਠ ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਕੀਤੀ ਜਾਵੇਗੀ ਤੇ ਨੌਂ ਮਈ ਤੱਕ ਕਾਗਜ਼ ਵਾਪਸ ਲਏ ਜਾ ਸਕਣਗੇ। ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਲਈ ਵੋਟਾਂ ਐਤਵਾਰ ਵਾਲੇ ਦਿਨ 19 ਮਈ ਨੂੰ ਪੈਣਗੀਆਂ। ਵੋਟਾਂ ਦੀ ਗਿਣਤੀ 21 ਮਈ ਨੂੰ ਹੋਵੇਗੀ ਤੇ ਇਸੇ ਦਿਨ ਹੀ ਨਤੀਜੇ ਐਲਾਨੇ ਜਾਣਗੇ।

# ਭਾਰਤ ਵੱਲੋਂ ਫ਼ਲਸਤੀਨ ਦੀ ਨਾਕਾਬੰਦੀ ਖੋਲ੍ਹਣ 'ਤੇ ਜ਼ੋਰ

**ਸੰਯੁਕਤ ਰਾਸ਼ਟਰ:** ਭਾਰਤ ਨੇ ਇਸਰਾਈਲ ਨੂੰ 2012 ਦੇ ਗੋਲੀਬੰਦੀ ਬਾਰੇ ਸਮਝੌਤੇ ਦਾ ਸਤਿਕਾਰ ਕਰਦਿਆਂ ਫਲਸਤੀਨੀਆਂ ਦੀ ਨਾਕਾਬੰਦੀ ਪੂਰੀ ਤਰ੍ਹਾਂ ਖੋਲ੍ਹਣ ਦੀ ਸਲਾਹ ਦਿੱਤੀ ਹੈ। ਦੱਸਣਯੋਗ ਹੈ ਕਿ ਫਲਸਤੀਨ ਇਸ ਸਮੇਂ ਵੱਡੀ ਆਰਥਿਕ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿਚ ਮੱਧ ਪੂਰਬ ਦੀ ਹਾਲਤ ਬਾਰੇ ਖੁੱਲ੍ਹੀ ਬਹਿਸ ਵਿਚ ਹਿੱਸਾ ਲੈਂਦਿਆਂ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਅਸ਼ੋਕ ਕੁਮਾਰ ਮੁਖਰਜੀ ਨੇ ਇਸਰਾਈਲ ਵੱਲੋਂ ਫਲਸਤੀਨ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਬਾਰੇ ਚੁੱਕੇ ਕੁਝ ਕਦਮਾਂ ਦੀ ਪ੍ਰੋੜਤਾ ਕੀਤੀ ਤੇ ਇਸ ਦੇ ਨਾਲ ਹੀ ਸ੍ਰੀ ਮੁਖਰਜੀ ਨੇ ਕਿਹਾ ਕਿ ਜਿੰਨੀ ਦੇਰ ਤੱਕ ਫਲਸਤੀਨ ਦੀ ਨਾਕਾਬੰਦੀ ਜਾਰੀ ਰਹਿੰਦੀ ਹੈ, ਉਦੋਂ ਤੱਕ ਜ਼ਰੂਰੀ ਵਸਤਾਂ ਦੀ ਸਪਲਾਈ, ਆਰਥਿਕ ਸਰਗਰਮੀਆਂ ਤੇ ਮੁੱਢਲੇ ਢਾਂਚੇ ਦੇ ਵਿਕਾਸ 'ਤੇ ਉਲਟ ਅਸਰ ਪੈਂਦਾ ਰਹੇਗਾ।

ਉਨ੍ਹਾਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਚਿਤਾਵਨੀ ਦਿੱਤੀ ਕਿ ਜੇ ਮੌਜੂਦਾ ਹਾਲਤ ਜਾਰੀ ਰਹਿੰਦੀ ਹੈ ਤਾਂ ਸਮੁੱਚੇ ਵਿਸ਼ਵ ਨੂੰ ਇਸ ਖਿੱਤੇ ਵਿਚ ਵੱਡੇ ਪੱਧਰ ਉੱਤੇ ਗੜਬੜ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚ ਪੈਦਾ ਹੋਈ ਖੜੋਤ ਟੁੱਟਣੀ ਚਾਹੀਦੀ ਹੈ ਤੇ ਗੱਲਬਾਤ ਮੁੜ ਸ਼ੁਰੂ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪੱਛਮੀ ਕੰਢੇ 'ਤੇ ਪੂਰਬੀ ਜੇਰੂਸ਼ੇਲਮ ਵਿਚ ਇਸਰਾਈਲ ਵੱਲੋਂ ਉਜੜੇ ਲੋਕਾਂ ਨੂੰ ਵਸਾਉਣ ਦੀਆਂ ਸਰਗਰਮੀਆਂ ਵਿਚ ਬੇਹੱਦ ਤੇਜ਼ੀ ਲਿਆਂਦੀ ਗਈ ਹੈ। ਇਸ ਨਾਲ ਦੋਵਾਂ ਵਿਚ ਹੋਏ ਆਪਸੀ ਸਮਝੌਤੇ ਨੂੰ ਢਾਹ ਲੱਗ ਰਹੀ ਹੈ। ਆਏ ਦਿਨ ਆਮ ਫਲਸਤੀਨੀ ਨਾਗਰਿਕਾਂ ਦੀਆਂ ਔਕੜਾਂ ਵਧ ਰਹੀਆਂ ਹਨ।


# ਸਾਲਾਨਾ ਬਰਸੀ ਸੰਤ ਬਾਬਾ ਸੰਤਾ ਸਿੰਘ ਜੀ ਸ਼ਹੀਦ ਅਤੇ ਬਾਬਾ ਜਗੀਰ ਸਿੰਘ ਜੀ ਸ਼ਹੀਦ

ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸੰਤ ਬਾਬਾ ਸੰਤਾ ਸਿੰਘ ਜੀ ਸ਼ਹੀਦ ਅਤੇ ਬਾਬਾ ਜਗੀਰ ਸਿੰਘ ਜੀ ਸ਼ਹੀਦ ਦੀ ਸਾਲਾਨਾ ਬਰਸੀ ਐਤਵਾਰ 5 ਮਈ 2013 ਨੂੰ 93-24 123ਵੀਂ ਸਟਰੀਟ, ਰਿਚਮੰਡ ਹਿੱਲ, ਨਿਊ ਯਾਰਕ-11419 ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ ਅਖੰਡਪਾਠ ਦਾ ਅਰੰਭ 3 ਮਈ ਸ਼ੁਕਰਵਾਰ ਨੂੰ ਹੋਵੇਗਾ ਅਤੇ ਭੋਗ 5 ਮਈ ਐਤਵਾਰ ਨੂੰ ਪਵੇਗਾ। ਉਪਰੰਤ ਦੀਵਾਨ ਸੱਜਣਗੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਸਰਬਜੀਤ ਸਿੰਘ ਗੁਰਦਾਸਪੁਰ ਅਤੇ ਕਥਾਵਾਚਕ ਭਾਈ ਅਮਰੀਕ ਸਿੰਘ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਢਾਡੀ ਜਥਾ ਵਾਰਾਂ ਰਾਹੀਂ ਸਿੱਖ ਇਤਿਹਾਸ ਪੇਸ਼ ਕਰੇਗਾ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮੌਕੇ ਹਾਜਰੀਆਂ ਭਰ ਕੇ ਕ੍ਰਿਤਾਰਥ ਕਰੋ ਜੀ।

ਮੁਖ ਸੇਵਾਦਾਰ ਬਾਬਾ ਕੁਲਦੀਪ ਸਿੰਘ ਫੋਨ 347-600-7405

ਸੇਵਾਦਾਰ

| | |
|---|---|
| ਮਹਿੰਦਰ ਸਿੰਘ ਪਰੋਜ਼ | ਬਲਦੇਵ ਸਿੰਘ ਸਿਕਰੀ |
| ਫੋਨ 917-517-6942 | ਫੋਨ 917-215-4766 |
| ਗੁਰਮੀਤ ਸਿੰਘ ਗਿਲਜੀਆਂ | ਗੁਰਵਿੰਦਰਪਾਲ ਸਿੰਘ ਪਿਹੋਵਾ |
| ਫੋਨ 917-642-9324 | ਫੋਨ 646-739-4077 |
| ਦਲੇਰ ਸਿੰਘ ਗਿਲਜੀਆਂ | ਜਗਦੀਸ਼ ਸਿੰਘ ਲੋਹੜੀਆਂ |
| ਫੋਨ 917-400-5166 | ਫੋਨ 718-974-9331 |
| ਪਰਮਜੀਤ ਸਿੰਘ ਪੰਜਢੇਰਾ | ਇੰਦਰਜੀਤ ਸਿੰਘ ਪਟਿਆਲਾ |
| ਫੋਨ 646-696-6189 | ਮਨਜੀਤ ਸਿੰਘ ਮਿਆਣੀ |



ਸੰਤ ਬਾਬਾ ਸੰਤਾ ਸਿੰਘ ਜੀ

# ਗੁਰੂ ਸਹਿਬਾਨ ਦੇ ਅਸਤਰਾਂ ਸ਼ਸਤਰਾਂ ਦੀ ਦਿੱਖ ਵਿਗਾੜਨ ਦਾ ਦੋਸ਼

**ਅੰਮ੍ਰਿਤਸਰ:** ਸਿੱਖ ਵਿਦਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਪੁਰਾਤਨ ਅਸਤਰ-ਸ਼ਸਤਰਾਂ ਦੀ ਮੁਰੰਮਤ ਦੀ ਸੇਵਾ ਦੌਰਾਨ ਇਨ੍ਹਾਂ ਉਪਰ ਸੋਨੇ ਤੇ ਹੀਰੇ ਲਾਉਣ ਨਾਲ ਇਨ੍ਹਾਂ ਦੀ ਪੁਰਾਤਨ ਦਿੱਖ ਖ਼ਤਮ ਕਰਨ ਤੇ ਇਨ੍ਹਾਂ ਨੂੰ ਸਿਰਫ ਇਕ ਸ਼ੋਅ ਪੀਸ ਬਣਾ ਦੇਣ ਦਾ ਦਾਅਵਾ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਿਤ ਗੁਰੂ ਨਾਨਕ ਅਧਿਐਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਤੇ ਸਿੱਖ ਵਿਦਵਾਨ ਗੁਰਸ਼ਰਨਜੀਤ ਸਿੰਘ ਨੇ ਆਖਿਆ ਕਿ ਗੁਰੂ ਸਾਹਿਬਾਨ ਤੇ ਹੋਰ ਸਿੱਖ ਜਰਨੈਲਾਂ ਦੇ ਪੁਰਾਤਨ ਸ਼ਸਤਰ ਸਿੱਖ ਕੌਮ ਲਈ ਵਿਰਸਾ ਹਨ ਤੇ ਇਨ੍ਹਾਂ ਨੂੰ ਪੁਰਾਤਨ ਸਰੂਪ ਵਿਚ ਹੀ ਸੰਭਾਲ ਕੇ ਰੱਖਣਾ ਚਾਹੀਦਾ ਹੈ।



ਇਨ੍ਹਾਂ ਉਪਰ ਸੋਨੇ ਤੇ ਹੀਰੇ ਲਾਉਣ ਨਾਲ ਜਾਂ ਕੋਈ ਹੋਰ ਵਾਧਾ ਕਰਨ ਨਾਲ ਇਨ੍ਹਾਂ ਦੀ ਪੁਰਾਤਨਤਾ ਖ਼ਤਮ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਅੱਜ ਦੇ ਆਧੁਨਿਕ ਯੁੱਗ ਵਿਚ ਪੁਰਾਤਨ ਵਸਤਾਂ ਦੀ ਸਾਂਭ-ਸੰਭਾਲ ਲਈ ਨਵੀਂ ਤਕਨਾਲੋਜੀ ਆ ਚੁੱਕੀ ਹੈ ਤੇ ਅਜਿਹੀਆਂ ਵਿਰਸੇ ਨਾਲ ਜੁੜੀਆਂ ਪੁਰਾਤਨ ਬਹੁਮੁੱਲੀ ਧਰੋਹਰ ਨੂੰ ਨਵੀਂ ਤਕਨਾਲੋਜੀ ਦੀ ਮਦਦ ਨਾਲ ਪੁਰਾਤਨ ਸਰੂਪ ਵਿਚ ਹੀ ਸਾਂਭ-ਸੰਭਾਲ ਕੇ ਰੱਖਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਅਜਿਹਾ ਕਰਨ ਨਾਲ ਵਿਰਾਸਤ ਖ਼ਤਮ ਹੋ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਕਈ ਅਜਿਹੇ ਢੰਗ ਤਰੀਕਿਆਂ ਨਾਲ ਗੁਰਦੁਆਰਿਆਂ ਵਿਚੋਂ ਪੁਰਾਤਨਤਾ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਹਰਬੀਰ ਸਿੰਘ ਸੰਧੂ ਨੇ ਵੀ ਆਖਿਆ ਕਿ ਇਹ ਸ਼ਸਤਰ ਸਿੱਖ ਕੌਮ ਦੇ ਵਿਰਸੇ ਦਾ ਬਹੁਮੁੱਲਾ ਹਿੱਸਾ ਹਨ ਤੇ ਇਨ੍ਹਾਂ ਦੀ ਪੁਰਾਤਨਤਾ ਨਾਲ ਛੇੜਛਾੜ ਨਹੀਂ ਹੋਣੀ ਚਾਹੀਦੀ ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪੁਰਾਤਨ ਸ਼ਸਤਰਾਂ ਦੀ ਦਿੱਖ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ, ਸਿਰਫ ਕੁਝ ਸ਼ਸਤਰਾਂ ਦੀਆਂ ਮਿਆਨਾਂ ਬਦਲੀਆਂ ਗਈਆਂ ਹਨ ਜੋ ਕਿ ਪਹਿਲਾਂ ਟੁੱਟ ਚੁੱਕੀਆਂ ਸਨ। ਇਨ੍ਹਾਂ ਦੀ ਪੁਰਾਤਨਤਾ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਅਕਾਲ ਤਖ਼ਤ ਸਾਹਿਬ ਵਿਖੇ ਫੌਜੀ ਗੋਲਾਬਾਰੀ ਨਾਲ ਨੁਕਸਾਨੇ ਗੁਰੂ ਸਾਹਿਬਾਨ ਤੇ ਹੋਰ ਸਿੱਖ ਜਰਨੈਲਾਂ ਦੇ ਅਸਤਰ-ਸ਼ਸਤਰਾਂ ਦੀ ਸਾਂਭ ਸੰਭਾਲ ਦੀ ਸੇਵਾ ਆਖਰੀ ਪੜਾਅ ਵਿਚ ਹੈ ਤੇ ਹੁਣ ਇਨ੍ਹਾਂ ਇਤਿਹਾਸਕ ਤੇ ਪੁਰਾਤਨ ਸ਼ਸਤਰਾਂ ਉਪਰ ਸੋਨੇ ਦੀ ਕਢਾਈ ਤੇ ਹੀਰੇ ਲਾਉਣ ਦਾ ਕੰਮ ਜਾਰੀ ਹੈ। ਅਕਾਲ ਤਖ਼ਤ ਵਿਖੇ ਇਸ ਵੇਲੇ ਪੁਰਾਤਨ ਤੇ ਇਤਿਹਾਸਕ ਕੁਲ 52 ਅਸਤਰ-ਸ਼ਸਤਰ ਹਨ ਜਿਨ੍ਹਾਂ ਵਿਚ 50 ਪੁਰਾਤਨ ਤੇ ਦੋ ਨਵੇਂ ਸ਼ਸਤਰ ਸ਼ਾਮਲ ਹਨ।

ਗੁਰੂ ਸਾਹਿਬਾਨ ਤੇ ਸਿੱਖ ਜਰਨੈਲਾਂ ਨਾਲ ਸਬੰਧਤ ਇਨ੍ਹਾਂ ਅਹਿਮ ਨਿਸ਼ਾਨੀਆਂ ਦੇ ਰੋਜ਼ਾਨਾ ਰਹਿਰਾਸ ਦੇ ਪਾਠ ਮਗਰੋਂ ਸਿੱਖ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਇਨ੍ਹਾਂ ਸ਼ਸਤਰਾਂ ਵਿਚ ਦੋ ਗੁਰੂ ਸਾਹਿਬਾਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਤ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਬਾਬਾ ਬੁੱਢਾ ਜੀ ਤੇ ਬਾਬਾ ਦੀਪ ਸਿੰਘ ਸਮੇਤ ਹੋਰ ਸਿੱਖ ਜਰਨੈਲਾਂ ਦੀਆਂ ਨਿਸ਼ਾਨੀਆਂ ਸ਼ਾਮਲ ਹਨ।

ਸੇਵਾ ਕਰਵਾ ਰਹੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਸੁਖਦੇਵ ਸਿੰਘ ਭੌਰਾ ਕੋਹਨਾ, ਭਾਈ ਸਤਨਾਮ ਸਿੰਘ (ਪੰਜ ਪਿਆਰਾ), ਸ੍ਰੀ ਸੁਖਦੇਵ ਸਿੰਘ ਤੇ ਬਾਬਾ ਛੰਦਾ ਸਿੰਘ ਨੇ ਦੱਸਿਆ ਕਿ ਸੇਵਾ ਦਾ ਤਕਰੀਬਨ 80 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਹੁਣ ਸ਼ਸਤਰਾਂ ਉਪਰ ਸੋਨੇ ਦੀ ਕਢਾਈ ਤੇ ਹੀਰੇ ਲਾਉਣ ਦਾ ਕੰਮ ਚਲ ਰਿਹਾ ਹੈ ਜੋ ਜਲਦੀ ਹੀ ਮੁਕੰਮਲ ਹੋ ਜਾਵੇਗਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਸ਼ਸਤਰਾਂ ਵਿਚੋਂ ਉਨ੍ਹਾਂ ਸ਼ਸਤਰਾਂ ਉਪਰ ਹੀ ਸੋਨੇ ਦਾ ਕੰਮ ਕੀਤਾ ਜਾ ਰਿਹਾ ਹੈ ਜਿਨ੍ਹਾਂ 'ਤੇ ਪਹਿਲਾਂ ਹੀ ਸੋਨੇ ਦੀ ਮੀਨਾਕਾਰੀ ਦਾ ਕੰਮ ਮੌਜੂਦ ਸੀ ਪਰ 15 ਸ੍ਰੀ ਸਾਹਿਬ, ਤੇਗੇ ਤੇ ਖੰਡਿਆਂ ਦੇ ਮਿਆਨ ਨਵੇਂ ਬਣਾਏ ਗਏ ਹਨ, ਇਹ ਮਿਆਨ ਹੁਣ ਵਿਸ਼ੇਸ਼ ਸਾਗਵਾਨ ਦੀ ਲੱਕੜ ਦੇ ਤਿਆਰ ਕਰਵਾਏ ਗਏ ਹਨ ਜਿਨ੍ਹਾਂ ਉਪਰ ਸੋਨੇ ਦੀ ਠੋਕਰ ਤੇ ਸੰਮ ਲਾਏ ਜਾ ਰਹੇ ਹਨ। ਇਸ ਵਾਸਤੇ ਤਕਰੀਬਨ ਅੱਠ ਕਿਲੋ ਸੋਨੇ ਦੀ ਵਰਤੋਂ ਕੀਤੀ ਗਈ ਹੈ।

ਸੋਨੇ 'ਤੇ ਮੀਨਾਕਾਰੀ ਦਾ ਕੰਮ ਵਿਸ਼ੇਸ਼ ਕਾਰੀਗਰਾਂ ਤੋਂ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ ਪੁਰਾਤਨ ਮਿਆਨਾਂ ਤੇ ਇਹ ਠੋਕਰਾਂ ਤੇ ਸੰਮ ਚਾਂਦੀ ਦੇ ਬਣੇ ਹੋਏ ਸਨ। ਹੁਣ ਸੋਨੇ ਦੇ ਬਣਾਏ ਗਏ ਸੰਮਾਂ ਵਿਚੋਂ ਵਿਚਕਾਰਲੇ ਹਰ ਸੰਮ 'ਤੇ ਸੱਤ ਹੀਰੇ ਤੇ ਅੱਠ ਪੰਨੇ ਜੜੇ ਜਾ ਰਹੇ ਹਨ ਜੋ ਇਨ੍ਹਾਂ ਮਿਆਨਾਂ ਨੂੰ ਹੋਰ ਖੂਬਸੂਰਤੀ ਪ੍ਰਦਾਨ ਕਰਨਗੇ। ਇਹ ਹੀਰੇ ਲਾਉਣ ਲਈ ਮਿਆਨਾਂ ਨੂੰ ਮੁੰਬਈ ਵਿਖੇ ਭੇਜਿਆ ਗਿਆ ਹੈ।

## ਅਕਾਲ ਤਖ਼ਤ ਵਿਖੇ ਸੁਸ਼ੋਭਿਤ ਪੁਰਾਤਨ ਸ਼ਸਤਰ

ਅਕਾਲ ਤਖ਼ਤ ਵਿਖੇ ਪੁਰਾਤਨ ਸ਼ਸਤਰਾਂ ਵਿਚ ਇਸ ਵੇਲੇ ਅੱਠ ਸ੍ਰੀ ਸਾਹਿਬ, ਦੋ ਤੇਗੇ, ਚਾਰ ਖੰਡੇ, ਦੋ ਪਿਸਤੌਲਾਂ, ਪੰਜ ਕਟਾਰ, ਪੰਜ ਗੁਰਜ, ਦੋ ਤੀਰ, ਇਕ ਛੋਟੀ ਸ੍ਰੀ ਸਾਹਿਬ, ਇਕ ਤੇਗ ਕਵਚ, ਇਕ ਕਰੋਲ, ਛੋਟੇ ਵੱਡੇ ਖੰਡੇ ਅਤੇ ਛੋਟੇ ਵੱਡੇ ਚੱਕਰ ਸ਼ਾਮਲ ਹਨ। ਅੱਠ ਸ੍ਰੀ ਸਾਹਿਬ ਜਿਨ੍ਹਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਤੇ ਪੀਰੀ ਦੀ ਨਿਸ਼ਾਨੀ ਸ੍ਰੀ ਸਾਹਿਬ, ਸ੍ਰੀ ਗੁਰੂ ਗੋਬਿੰਦ ਜੀ ਦੀ, ਬਾਬਾ ਬੁੱਢਾ ਜੀ ਦੀ, ਭਾਈ ਜੇਠਾ ਜੀ ਦੀ, ਬਾਬਾ ਬਿਧੀ ਚੰਦ, ਭਾਈ ਕਰਮ ਸਿੰਘ, ਭਾਈ ਉਦੈ ਸਿੰਘ ਦੀ ਸ੍ਰੀ ਸਾਹਿਬ ਸ਼ਾਮਲ ਹੈ। ਦੋ ਤੇਗਿਆਂ ਵਿਚ ਇਕ ਭਾਈ ਬਚਿੱਤਰ ਸਿੰਘ ਦਾ ਤੇ ਇਕ ਜਥੇਦਾਰ ਅਕਾਲੀ ਫੂਲਾ ਸਿੰਘ ਦਾ ਹੈ, ਚਾਰ ਖੰਡਿਆਂ ਵਿਚ ਇਕ ਬਾਬਾ ਦੀਪ ਸਿੰਘ ਦਾ, ਇਕ ਬਾਬਾ ਨੌਧ ਸਿੰਘ ਦਾ, ਇਕ ਬਾਬਾ ਗੁਰਬਖਸ਼ ਸਿੰਘ ਦਾ, ਇਕ ਜਥੇਦਾਰ ਅਕਾਲੀ ਫੂਲਾ ਸਿੰਘ ਦਾ ਹੈ ਜਦੋਂਕਿ ਦੋ ਪਿਸਤੌਲਾਂ ਵਿਚ ਇਕ ਬਾਬਾ ਦੀਪ ਸਿੰਘ ਦੀ ਤੇ ਇਕ ਬਾਬਾ ਗੁਰਬਖ਼ਸ਼ ਸਿੰਘ ਦੀ ਹੈ। ਪੰਜ ਕਟਾਰਾਂ ਵਿਚ ਇਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਇਕ ਸ੍ਰੀ ਗੁਰੂ ਗੋਬਿੰਦ ਸਿੰਘ, ਇਕ ਸਾਹਿਬਜ਼ਾਦਾ ਅਜੀਤ ਸਿੰਘ, ਇਕ ਸਾਹਿਬਜ਼ਾਦਾ ਜੁਝਾਰ ਸਿੰਘ ਤੇ ਇਕ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਹੈ। ਇਕ ਛੋਟੀ ਸ੍ਰੀ ਸਾਹਿਬ ਅਤੇ ਇਕ ਗੁਰਜ ਜੋ ਨੌਂ ਧਾਤਾਂ ਦਾ ਬਣਿਆ ਹੋਇਆ ਹੈ, ਉਹ ਵੀ ਸ੍ਰੀ ਗੁਰੂ ਹਰੇਗੋਬਿੰਦ ਸਾਹਿਬ ਦਾ ਹੈ। ਇਸੇ ਤਰ੍ਹਾਂ ਦੋ ਤੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਨ, ਜਿਨ੍ਹਾਂ 'ਤੇ ਸਵਾ ਤੋਲਾ ਸੋਨਾ ਲੱਗਾ ਹੋਇਆ ਹੈ। ਇਨ੍ਹਾਂ ਵਿਚ ਹੀ ਇਕ ਕਰੋਲ ਬਾਬਾ ਦੀਪ ਸਿੰਘ ਦੀ ਹੈ ਜੋ ਇਰਾਨੀ ਸ਼ਸਤਰ ਹੈ। ਇਥੇ ਦੋ ਅਜਿਹੇ ਵੱਡੇ ਚੱਕਰ ਹਨ ਜਿਨ੍ਹਾਂ ਉਪਰ ਜਾਪ ਸਾਹਿਬ ਤੇ ਇਕ ਉਪਰ ਜਪੁਜੀ ਸਾਹਿਬ ਦਾ ਪਾਠ ਉਕਰਿਆ ਹੋਇਆ ਹੈ। ਇਕ ਛੋਟੇ ਚੱਕਰ 'ਤੇ 10 ਗੁਰੂ ਸਾਹਿਬਾਨ ਦੇ ਨਾਂ ਤੇ ਉਸ ਦੇ ਦੂਜੇ ਪਾਸੇ ਮੂਲ ਮਤਰ ਦਾ ਪਾਠ ਹੈ।

## ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੇ ਗਏ ਸ਼ਸਤਰ

ਜੂਨ 1984 ਵਿਚ ਫੌਜੀ ਕਾਰਵਾਈ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪੁੱਜਾ ਸੀ। ਇਸ ਇਮਾਰਤ ਦੇ ਨਾਲ ਹੀ ਇਥੇ ਰੱਖੇ ਅਸਤਰ-ਸ਼ਸਤਰਾਂ ਨੂੰ ਵੀ ਨੁਕਸਾਨ ਪੁੱਜਾ ਸੀ। ਉਸ ਵੇਲੇ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵੱਲੋਂ ਆਰਜ਼ੀ ਤੌਰ 'ਤੇ ਇਨ੍ਹਾਂ ਦੀ ਮੁਰੰਮਤ ਕਰਵਾ ਕੇ ਠੀਕ ਕਰ ਦਿੱਤਾ ਗਿਆ ਸੀ ਪਰ ਹੁਣ ਇਨ੍ਹਾਂ ਦੀ ਹਾਲਤ ਹੋਰ ਖਸਤਾ ਹੋ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਇਨ੍ਹਾਂ ਦੀ ਮੁਰੰਮਤ ਦੀ ਸੇਵਾ ਕਰਾਉਣ ਦਾ ਫੈਸਲਾ ਕੀਤਾ। ਇਹ ਸੇਵਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਬਾਬਾ ਨਰਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ, ਕਾਰ ਸੇਵਾ ਲੰਗਰ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਸੀ। ਇਨ੍ਹਾਂ ਦੀ ਮੁਰੰਮਤ ਲਈ ਨੰਦੇੜ ਤੋਂ ਹੀ ਹਜ਼ੂਰੀਏ ਸਿੱਖ ਜਗਬੀਰ ਸਿੰਘ ਤੇ ਉਨ੍ਹਾਂ ਦੇ ਸਾਥੀ ਸੱਦੇ ਗਏ।

# ਐਨ.ਆਰ.ਆਈ. ਕਮਿਸ਼ਨ ਵੱਲੋਂ ਇਰਾਕ ਤੋਂ ਪਰਤੇ ਨੌਜਵਾਨਾਂ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਇਰਾਕ ਤੋਂ ਪਰਤੇ ਨੌਜਵਾਨਾਂ ਦੀ ਮਾੜੀ ਦਸ਼ਾ ਦਾ ਗੰਭੀਰ ਨੋਟਿਸ ਲੈਂਦਿਆਂ ਐਨਆਰਆਈ ਕਮਿਸ਼ਨ ਪੰਜਾਬ ਨੇ ਸੂਬਾ ਸਰਕਾਰ ਦੇ ਗ੍ਰਹਿ ਸਕੱਤਰ ਤੇ ਪੁਲਿਸ ਕਮਿਸ਼ਨਰ ਜਲੰਧਰ ਤੋਂ ਕਾਰਵਾਈ ਰਿਪੋਰਟ ਤਲਬ ਕੀਤੀ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਕਿਸੇ ਤਰ੍ਹਾਂ ਇਰਾਕ ਤੋਂ ਜਾਨ ਬਚਾ ਕੇ ਆਏ ਦੋਆਬੇ ਦੇ ਨੌਜਵਾਨਾਂ ਨੇ ਖ਼ੁਲਾਸਾ ਕੀਤਾ ਸੀ ਕਿ ਉਥੇ ਉਨ੍ਹਾਂ ਨਾਲ ਪਸ਼ੂਆਂ ਵਰਗਾ ਵਿਵਹਾਰ ਕੀਤਾ ਜਾਂਦਾ ਸੀ। ਉਹ ਬੀਤੀ ਤਿੰਨ ਮਾਰਚ ਨੂੰ ਡੇਢ-ਡੇਢ ਲੱਖ ਰੁਪਏ ਖਰਚ ਕੇ ਇਰਾਕ ਗਏ ਸਨ ਤੇ ਉਨ੍ਹਾਂ ਕੋਲੋਂ ਬੰਦੂਕਾਂ ਨਾਲ ਡਰਾ ਧਮਕਾ ਕੇ ਕੰਮ ਕਰਵਾਇਆ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਕੰਪਨੀ ਨੇ ਉਨ੍ਹਾਂ ਦੀ ਮਿਹਨਤ ਦਾ ਇਕ ਧੇਲਾ ਵੀ ਨਹੀਂ ਦਿੱਤਾ, ਇਥੋਂ ਤੱਕ ਕਿ ਖਾਣਾ ਵੀ ਨਹੀਂ ਦਿੱਤਾ ਜਾਂਦਾ ਸੀ। ਸਵਾ ਮਹੀਨੇ ਬਾਅਦ ਉਹ ਮਸਾਂ ਵਤਨ ਪਰਤੇ ਹਨ।

ਐਨਆਰਆਈ ਕਮਿਸ਼ਨ ਦੇ ਚੇਅਰਪਰਸਨ ਜਸਟਿਸ (ਸੇਵਾਮੁਕਤ) ਅਰਵਿੰਦ ਕੁਮਾਰ ਨੇ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਦਾ ਨੋਟਿਸ ਲੈਂਦਿਆਂ ਇਹ ਕਦਮ ਚੁੱਕੇ ਹਨ। ਐਨਆਰਆਈ ਕਮਿਸ਼ਨ ਨੇ ਪੰਜਾਬ ਸਟੇਟ ਕਮਿਸ਼ਨ ਫਾਰ ਐਨਆਰਆਈਜ਼ ਐਕਟ-2011 ਤਹਿਤ ਨੋਟਿਸ ਲੈ ਕੇ ਇਸ ਮਾਮਲੇ ਵਿਚ ਦਖ਼ਲ ਦਿੱਤਾ ਹੈ। ਕਮਿਸ਼ਨ ਮੁਤਾਬਕ 13 ਨੌਜਵਾਨ ਸਥਾਨਕ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਕੇ ਇਰਾਕ ਤੋਂ ਪਰਤੇ ਹਨ ਜਦਕਿ ਇਕ ਨੌਜਵਾਨ ਜਗਦੀਪ ਸਿੰਘ ਹਾਲੇ ਵੀ ਇਰਾਕ ਵਿਚ ਹਥਿਆਰਬੰਦ ਗੁੰਡਿਆਂ ਵੱਲੋਂ ਬੰਦੀ ਬਣਾਇਆ ਹੋਇਆ ਹੈ ਕਿਉਂਕਿ ਉਹ ਵਾਪਸ ਵਤਨ ਆਉਣ ਲਈ 50 ਹਜ਼ਾਰ ਰੁਪਏ ਦਾ ਪ੍ਰਬੰਧ ਨਹੀਂ ਕਰ ਸਕਿਆ।

ਵਾਪਸ ਪਰਤੇ ਨੌਜਵਾਨ ਜਲੰਧਰ ਦੇ ਰਾਮਾ ਮੰਡੀ ਖੇਤਰ ਵਿਚ ਦਫ਼ਤਰ ਬਣਾ ਕੇ ਬੈਠੇ ਟਰੈਵਲ ਏਜੰਟਾਂ ਨੂੰ 15 ਲੱਖ ਰੁਪਏ ਦੇ ਕੇ ਇਰਾਕ ਗਏ ਸਨ। ਟਰੈਵਲ ਏਜੰਟਾਂ ਨੇ ਇਨ੍ਹਾਂ ਨੂੰ ਵਧੀਆ ਕੰਮ ਦਿਵਾਉਣ ਦਾ ਭਰੋਸਾ ਦੇ ਕੇ ਇਰਾਕ ਭੇਜਿਆ ਸੀ। ਪੀੜਤ ਨੌਜਵਾਨਾਂ ਨੇ ਖ਼ੁਲਾਸਾ ਕੀਤਾ ਸੀ ਕਿ ਜਲੰਧਰ ਦੇ ਕੁਝ ਟਰੈਵਲ ਏਜੰਟਾਂ ਨੇ ਦਿੱਲੀ ਦੇ ਪ੍ਰਮਿੰਦਰ ਸਿੰਘ ਰਾਹੀਂ ਉਨ੍ਹਾਂ ਨੂੰ ਇਰਾਕ ਭੇਜਿਆ ਸੀ।

ਐਨਆਰਆਈ ਕਮਿਸ਼ਨ ਨੇ ਕਿਹਾ ਕਿ ਪੰਜਾਬ ਪ੍ਰੀਵੈਨਸ਼ਨ ਆਫ ਹਿਊਮਨ ਸਮਗਲਿੰਗ ਐਕਟ-2012 ਨੂੰ ਪੂਰੀ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ ਕਿਉਂਕਿ ਮਨੁੱਖੀ ਵਪਾਰ ਦਾ ਗੈਰ-ਕਾਨੂੰਨੀ ਧੰਦਾ ਕੁਝ ਅਨਸਰਾਂ ਵੱਲੋਂ ਯੋਜਨਾਬੱਧ ਢੰਗ ਨਾਲ ਚਲਾਇਆ ਜਾ ਰਿਹਾ ਹੈ।

# ਪਾਕਿ ਖ਼ੁਫੀਆਂ ਏਜੰਸੀਆਂ ਦੀ ਸਖ਼ਤੀ ਕਾਰਨ ਸਿੱਖ ਸ਼ਰਧਾਲੂ ਪ੍ਰੇਸ਼ਾਨ

**ਚੰਡੀਗੜ੍ਹ:** ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਵਿਸਾਖੀ ਦਾ ਦਿਹਾੜਾ ਮਨਾਉਣ ਤੇ ਗੁਰਧਾਮਾਂ ਦੇ ਦਰਸ਼ਨ ਕਰਨ ਗਈਆਂ ਸੰਗਤਾਂ ਨੂੰ ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਨੇ ਕਾਫੀ ਪ੍ਰੇਸ਼ਾਨ ਕੀਤਾ। ਨੌਜਵਾਨ ਸਿੱਖ ਯਾਤਰੀਆਂ ਦੇ ਮੋਬਾਈਲ ਸਿਮ ਤੇ ਮੈਮਰੀ ਕਾਰਡ ਜ਼ਬਤ ਕਰ ਲਏ ਗਏ। ਸਿੱਖ ਸ਼ਰਧਾਲੂਆਂ ਅਨੁਸਾਰ ਪਾਕਿਸਤਾਨ ਵਿਖੇ ਗੁਰਧਾਮਾਂ ਦੀ ਯਾਤਰਾ ਦੌਰਾਨ ਪਾਕਿਸਤਾਨ ਦੀਆਂ ਖੁਫੀਆ ਏਜੰਸੀਆਂ ਵੱਲੋਂ ਇਸ ਵਾਰ ਡਾਢਾ ਪ੍ਰੇਸ਼ਾਨ ਕੀਤਾ ਗਿਆ ਤੇ 30 ਤੋਂ 35 ਸਾਲ ਦੀ ਉਮਰ ਦੇ ਭਾਰਤੀ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ।



ਖੁਫੀਆ ਏਜੰਸੀਆਂ ਨੇ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ ਤੇ ਲਾਹੌਰ ਵਿਖੇ ਭਾਰਤੀ ਨੌਜਵਾਨਾਂ ਕੋਲੋਂ ਰਾਤ ਦੇ 12-12 ਵਜੇ ਤਕ ਖਾਹ-ਮਖਾਹ ਪੁੱਛਗਿੱਛ ਕੀਤੀ। ਵਤਨ ਵਾਪਸੀ ਮੌਕੇ ਪਾਕਿਸਤਾਨ ਦੇ ਵਾਹਗਾ ਰੇਲਵੇ ਸਟੇਸ਼ਨ ਤਕ ਖੁਫੀਆ ਏਜੰਸੀਆਂ ਦੇ ਕਰਮਚਾਰੀ ਨੌਜਵਾਨ ਯਾਤਰੀਆਂ ਨੂੰ ਪ੍ਰੇਸ਼ਾਨ ਕਰਦੇ ਰਹੇ। ਅਖੀਰ ਉਨ੍ਹਾਂ ਦੇ ਮੋਬਾਈਲ ਫੋਨਾਂ ਵਿਚਲੀਆਂ ਸਿਮਾਂ ਤੇ ਮੈਮਰੀ ਕਾਰਡ ਕੱਢ ਕੇ ਰੱਖ ਲਏ। ਪਾਕਿਸਤਾਨੀ ਲੋਕਾਂ ਵੱਲੋਂ ਭਾਰਤੀ ਸਿੱਖ ਜਥੇ ਦਾ ਨਿੱਘਾ ਸਵਾਗਤ ਕੀਤਾ ਪਰ ਵਤਨ ਵਾਪਸੀ ਮੌਕੇ ਵਾਹਗਾ ਰੇਲਵੇ ਸਟੇਸ਼ਨ 'ਤੇ ਸ਼ਰਧਾਲੂਆਂ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਵੱਲੋਂ ਡਾਢਾ ਪ੍ਰੇਸ਼ਾਨ ਕੀਤਾ ਗਿਆ। ਤਕਰੀਬਨ ਚਾਰ ਘੰਟੇ ਵਿਸ਼ੇਸ਼ ਰੇਲ ਗੱਡੀ ਨੂੰ ਰੋਕੀ ਰੱਖਿਆ। ਪਤਾ ਲੱਗਾ ਹੈ ਕਿ ਯਾਤਰੀਆਂ ਦੀ ਰਿਹਾਇਸ਼ ਲਈ ਕਮਰੇ ਵੀ ਸਿਫਾਰਸ਼ ਨਾਲ ਮਿਲਦੇ ਹਨ।

# ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਦੀ ਮੁਰੰਮਤ ਦਾ ਕੰਮ ਰੁਕਿਆ

**ਅੰਮ੍ਰਿਤਸਰ:** ਲਾਹੌਰ ਦੀ ਕੋਟ ਖ਼ਵਾਜ਼ਾ ਸੱਯਦ ਆਬਾਦੀ ਵਿਚ ਮੌਜੂਦ ਮਹਾਰਾਜਾ ਸ਼ੇਰ ਸਿੰਘ ਦੀ ਬਾਰਾਂਦਰੀ ਤੇ ਸਮਾਧ ਦੀ ਮੁਰੰਮਤ ਦਾ ਕੰਮ ਰੁਕ ਗਿਆ ਹੈ। ਪਾਕਿਸਤਾਨੀ ਅਖ਼ਬਾਰ 'ਦੀ ਐਕਸਪ੍ਰੈਸ ਟ੍ਰਿਬਿਊਨ' ਨੇ ਇਸ ਮਾਮਲੇ ਨੂੰ ਉਭਾਰਦਿਆਂ ਪਾਕਿਸਤਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ-ਚਿੰਨ੍ਹ ਲਾਇਆ ਹੈ। ਮੀਡੀਆ ਰਿਪੋਰਟ ਅਨੁਸਾਰ ਪਾਕਿਸਤਾਨੀ ਸਰਕਾਰੀ ਭੂ-ਮਾਫ਼ੀਆ ਤੇ ਇਵੇਕਿਊ ਟਰੱਸਟ ਪ੍ਰਾਪਟੀ ਬੋਰਡ (ਈਟੀਪੀਬੀ) ਦੀ ਮਿਲੀਭੁਗਤ ਨਾਲ ਮਹਾਰਾਜਾ ਸ਼ੇਰ ਸਿੰਘ ਦੀ ਬਾਰਾਂਦਰੀ ਤੇ ਸਮਾਧ ਨੂੰ ਜ਼ਮੀਨਦੋਜ਼ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਦਾ 23 ਜਨਵਰੀ, 2012 ਨੂੰ ਪਰਦਾਫਾਸ਼ ਹੋਇਆ ਸੀ ਜਿਸ ਤੋਂ ਬਾਅਦ 23 ਮਾਰਚ, 2012 ਨੂੰ ਪਾਕਿਸਤਾਨ ਸਰਕਾਰ ਵੱਲੋਂ ਪੰਜਾਬ ਪੁਰਾਤੱਤਵ ਵਿਭਾਗ ਪਾਕਿਸਤਾਨ ਤੇ ਪਾਰਕ ਐਂਡ ਹਾਰਟੀਕਲਚਰ ਅਥਾਰਟੀ (ਪੀਐਚਏ) ਦੀ ਦੇਖ-ਰੇਖ ਵਿਚ 22 ਲੱਖ ਰੁਪਏ ਦੀ ਲਾਗਤ ਨਾਲ ਉਪਰੋਕਤ ਦੋਵੇਂ ਸਮਾਰਕਾਂ ਦੇ ਨਵ-ਨਿਰਮਾਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ। ਪੀਐਚਏ ਵੱਲੋਂ ਇਹ ਵੀ ਭਰੋਸਾ ਦਿਵਾਇਆ ਗਿਆ ਸੀ ਕਿ ਲਾਹੌਰ ਵੇਸਟ ਮੈਨਜਮੇਂਟ ਕੰਪਨੀ ਵੱਲੋਂ ਇਤਿਹਾਸਕ ਬਾਰਾਂਦਰੀ ਵਿਚ ਨਾਜ਼ਾਇਜ਼ ਤੌਰ 'ਤੇ ਬਣਵਾਇਆ ਗਿਆ ਕੂੜਾਘਰ ਵੀ ਜਲਦੀ ਹਟਾ ਦਿੱਤਾ ਜਾਵੇਗਾ। 'ਦੀ ਐਕਸਪ੍ਰੈਸ ਟ੍ਰਿਬਿਊਨ' ਅਨੁਸਾਰ ਨਵ-ਨਿਰਮਾਣ ਦੇ ਤਿੰਨ ਮਹੀਨੇ ਬਾਅਦ ਫੰਡਾਂ ਦੀ ਕਮੀ ਦਾ ਬਹਾਨਾ ਬਣਾ ਕੇ ਉਪਰੋਕਤ ਵਿਭਾਗ ਵੱਲੋਂ ਨਵ-ਨਿਰਮਾਣ ਦਾ ਕੰਮ ਰੋਕ ਦਿੱਤਾ ਗਿਆ ਹੈ। ਲਾਹੌਰ ਵੇਸਟ ਮੈਨਜਮੇਂਟ ਕੰਪਨੀ ਨੇ ਇਹ ਵੀ ਪੱਕਾ ਕਰ ਦਿੱਤਾ ਹੈ ਕਿ ਉਹ ਬਾਰਾਂਦਰੀ ਵਿਚ ਬਣਾਇਆ ਕੂੜਾ-ਘਰ ਨਹੀਂ ਹਟਵਾਏਗੀ।






Singh baradari an emblem of PH

# ਭ੍ਰਿਸ਼ਟਾਚਾਰ ਵਿਰੁਧ ਭਾਰਤ ਦੇ ਲੋਕ ਉਬਲਦੇ ਕਿਉਂ ਨਹੀਂ?

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

***ਯੂ ਪੀ ਵਿਚ ਮੁਲਾਇਮ ਸਿੰਘ ਦੇ ਪਿਛਲੇ ਰਾਜ ਵੇਲੇ ਇੱਕ ਫਿਲਮੀ ਪਰਿਵਾਰ ਦੇ ਸਾਰੇ ਜੀਆਂ ਨੂੰ ਪੇਸ਼ਕਾਰੀ ਦੇ ਨਾਂ ਉਤੇ ਕਰੋੜਾਂ ਰੁਪਏ ਦਿੱਤੇ ਜਾਣ ਦੇ ਚਰਚੇ ਸਨ ਤੇ ਇਹ ਚਰਚੇ ਕਈ ਰਾਜਾਂ ਵਿਚ ਸੁਣੇ ਜਾਂਦੇ ਹਨ। ਅਸਲ ਵਿਚ ਜਿਹੜੀ ਪੇਸ਼ਕਾਰੀ ਇਹ ਕਰਦੇ ਹਨ, ਉਹ ਵਧੀਆ ਨਾ ਵੀ ਹੋਵੇ ਤਾਂ ਮਾਲ ਚੋਖਾ ਮਿਲ ਜਾਂਦਾ ਹੈ, ਕਿਉਂਕਿ ਮਾਲ ਦੇਣ ਵਾਲੀ ਸਰਕਾਰ ਜਾਂ ਕੰਪਨੀ ਦਾ ਨਾਂ ਤਾਂ ਪੇਸ਼ਕਾਰੀ ਦਾ ਬਹਾਨਾ ਕਾਲੀ ਕਮਾਈ ਨੂੰ ਚਿੱਟੀ ਕਰਨ ਲਈ ਵਰਤਿਆ ਜਾਂਦਾ ਹੈ। 'ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼' ਦੇ ਅਖਾਣ ਵਾਂਗ ਚੋਰਾਂ ਨੇ ਕਾਲੀ ਕਮਾਈ ਜਿਨ੍ਹਾਂ ਲੀਡਰਾਂ ਦੀ ਮਦਦ ਨਾਲ ਕੀਤੀ ਹੁੰਦੀ ਹੈ, ਇਹ ਉਨ੍ਹਾਂ ਨੂੰ ਹਿੱਸਾ-ਪੱਤੀ ਦੇਣ ਦਾ ਨਵਾਂ ਢੰਗ ਹੈ।***

'ਭੰਡਾ ਭੰਡਾਰ ਤੇਰਾ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲਓ ਤਾਂ ਦੂਜੀ ਨੂੰ ਤਿਆਰ।' ਇਹ ਬੱਚਿਆਂ ਦੀ ਖੇਡ ਸੀ, ਹੁਣ ਵੀ ਪਿੰਡਾਂ ਵਿਚ ਕੁਝ ਨਾ ਕੁਝ ਬਚੀ ਹੋਈ ਹੈ, ਪਰ ਦੇਸ਼ ਦੇ ਪੱਧਰ ਉਤੇ ਹੁਣ ਇਹ ਭ੍ਰਿਸ਼ਟਾਚਾਰ ਦੇ ਮਾਮਲੇ ਵਿਚਾਰਨ ਵੇਲੇ ਵਰਤਣ ਵਾਲਾ ਮੁਹਾਵਰਾ ਬਣ ਸਕਦੀ ਹੈ। ਹਾਲੇ ਇੱਕ ਮਾਮਲਾ ਕਿਸੇ ਸਿਰੇ ਨਹੀਂ ਲੱਗਦਾ, ਉਸ ਬਾਰੇ ਇਹ ਪਤਾ ਨਹੀਂ ਲੱਗਦਾ ਕਿ ਜਾਂਚ ਸਰਕਾਰ ਦੀ ਨਿਗਰਾਨੀ ਹੇਠ ਹੋਣੀ ਹੈ ਕਿ ਅਦਾਲਤ ਦੇ ਹੱਥ ਕਮਾਨ ਚਲੀ ਗਈ ਹੈ ਤੇ ਓਨੀ ਦੇਰ ਨੂੰ ਦੂਸਰਾ ਤੇ ਫਿਰ ਤੀਸਰਾ, ਚੌਥਾ ਤੇ ਪੰਜਵਾਂ ਮਾਮਲਾ ਵੀ ਲੜੀ ਬੰਨ੍ਹੀ ਤੁਰੇ ਆਉਂਦੇ ਹਨ। ਇਸ ਹਫਤੇ ਸਾਹਮਣੇ ਆਏ ਸ਼ਾਰਦਾ ਚਿੱਟ ਫੰਡ ਘੋਟਾਲੇ ਨੇ ਇਹ ਗੱਲ ਆਖਣ ਦਾ ਸਾਨੂੰ ਅਜੇ ਮੌਕਾ ਹੀ ਦਿੱਤਾ ਸੀ ਕਿ ਓਨੀ ਦੇਰ ਨੂੰ ਅਗਲਾ ਰੋਜ਼ ਵੈਲੀ ਕੰਪਨੀ ਦਾ ਮੁੱਦਾ ਉਭਰ ਪਿਆ ਹੈ। ਦੋਵੇਂ ਮਾਮਲੇ ਪੱਛਮੀ ਬੰਗਾਲ ਵਿਚ ਹੋਏ ਘੋਟਾਲੇ ਦੇ ਹਨ, ਪਰ ਇਨ੍ਹਾਂ ਦੀ ਲਪੇਟ ਵਿਚ ਪਾਰਲੀਮੈਂਟ ਦੇ ਬੰਗਾਲੀ ਮੈਂਬਰ ਹੀ ਨਹੀਂ, ਦੇਸ਼ ਦਾ ਖਜ਼ਾਨਾ ਮੰਤਰੀ ਵੀ ਆ ਰਿਹਾ ਹੈ।

ਅਸੀਂ ਪਿਛਲੇ ਸਾਲਾਂ ਵਿਚ ਟੈਲੀਕਾਮ ਦਾ ਟੂ-ਜੀ ਸਪੈਕਟਰਮ ਦਾ ਮਾਮਲਾ ਉਭਰਦਾ ਵੇਖਿਆ, ਜਿਸ ਦੇ ਸ਼ੁਰੂ ਵਿਚ ਈਮਾਨਦਾਰ ਦਿੱਖ ਵਾਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਕੁਝ ਵੀ ਗਲਤ ਨਹੀਂ ਹੋਇਆ ਅਤੇ ਟੈਲੀਕਾਮ ਮੰਤਰੀ ਏ. ਰਾਜਾ ਨੇ ਜੋ ਕੁਝ ਵੀ ਕੀਤਾ ਸੀ, ਮੈਨੂੰ ਭਰੋਸੇ ਵਿਚ ਲੈ ਕੇ ਕੀਤਾ ਸੀ। ਬਾਅਦ ਵਿਚ ਜਦੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਗਿਆ ਤਾਂ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀ ਦੇ ਕੀਤੇ ਦੀ ਜ਼ਿੰਮੇਵਾਰੀ ਚੁੱਕਣ ਤੋਂ ਨਾਂਹ ਕਰਨ ਦੇ ਨਾਲ ਉਸ ਦਾ ਅਸਤੀਫਾ ਵੀ ਲੈ ਲਿਆ। ਸਿਰਫ ਉਸੇ ਨੂੰ ਪਾਸੇ ਨਹੀਂ ਸੀ ਕੀਤਾ, ਸਕੈਂਡਲ ਦਾ ਸੇਕ ਤਾਮਿਲਨਾਡੂ ਦੇ ਉਦੋਂ ਦੇ ਮੁੱਖ ਮੰਤਰੀ ਕਰੁਣਾਨਿਧੀ ਦੀ ਪਾਰਲੀਮੈਂਟ ਮੈਂਬਰ ਧੀ ਕਨੀਮੋਈ ਤੇ ਕਈ ਹੋਰਨਾਂ ਨੂੰ ਵੀ ਲੱਗਾ ਸੀ। ਵਿਰੋਧੀ ਧਿਰ ਦੇ ਦਬਾਅ ਕਾਰਨ ਇੱਕ ਸਾਂਝੀ ਪਾਰਲੀਮੈਂਟਰੀ ਕਮੇਟੀ ਬਣਾਈ ਤਾਂ ਜਿਹੜਾ ਸਾਬਕਾ ਮੰਤਰੀ ਏ. ਰਾਜਾ ਇਸ ਘੋਟਾਲੇ ਦਾ ਸੂਤਰਧਾਰ ਹੈ, ਉਹ ਆਪ ਪੇਸ਼ ਹੋਣ ਨੂੰ ਕਹਿੰਦਾ ਹੋਣ ਦੇ ਬਾਵਜੂਦ ਪੇਸ਼ੀ ਨਹੀਂ ਕਰਵਾਈ ਤੇ ਕਮੇਟੀ ਦੇ ਕਾਂਗਰਸੀ ਚੇਅਰਮੈਨ ਪੀ ਸੀ ਚਾਕੋ ਨੇ ਅੱਧ-ਪੱਕੀ ਰਿਪੋਰਟ ਬਣਾ ਕੇ ਭੇਜ ਦਿੱਤੀ। ਪ੍ਰਧਾਨ ਮੰਤਰੀ ਤੇ ਕਈ ਹੋਰਨਾਂ ਨੂੰ ਬਚਾਉਣ ਲਈ ਪੇਸ਼ ਕੀਤੀ ਗਈ ਇਸ ਰਿਪੋਰਟ ਦੇ ਆਉਣ ਤੋਂ ਪਹਿਲਾਂ ਕੋਲਾ ਸਕੈਂਡਲ ਨੇ ਫਸਾ ਦਿੱਤਾ ਹੈ, ਜਿਸ ਵਿਚ ਸ਼ੱਕ ਦੀ ਸੂਈ ਦੇਸ਼ ਦੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਦੇ ਨਾਲ ਪ੍ਰਧਾਨ ਮੰਤਰੀ ਦੇ ਦਫਤਰ ਤੱਕ ਆ ਪਹੁੰਚੀ ਹੈ ਤੇ ਕਈਆਂ ਦੇ ਗਲ਼ ਰੱਸਾ ਪੈਣ ਦੀ ਸੰਭਾਵਨਾ ਹੈ। ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਜਾਂਚ ਏਜੰਸੀ ਨੂੰ ਕਿਹਾ ਸੀ ਕਿ ਰਿਪੋਰਟ ਕਿਸੇ ਨੂੰ ਵਿਖਾਉਣੀ ਨਹੀਂ, ਪਰ ਕਾਨੂੰਨ ਮੰਤਰੀ ਦੀ ਟੀਮ ਨੇ ਰਿਪੋਰਟ ਵੇਖਣ ਦਾ ਬਿਆਨ ਜਾਂਚ ਏਜੰਸੀ ਸੀ ਬੀ ਆਈ ਦੇ ਮੁਖੀ ਨੇ ਸੁਪਰੀਮ ਕੋਰਟ ਨੂੰ ਆਪ ਹੀ ਦੇ ਦਿੱਤਾ ਹੈ, ਜਿਸ ਨਾਲ ਉਹ ਖੁਦ ਵੀ ਫਸ ਸਕਦਾ ਹੈ।

ਭਾਰਤ ਦੀ ਹਰ ਹੋਰ ਸਰਕਾਰ ਵਾਂਗ ਮਨਮੋਹਨ ਸਿੰਘ ਤੇ ਸੋਨੀਆ ਗਾਂਧੀ ਦੀ ਸਰਕਾਰ ਵੀ ਇਸ ਜਾਂਚ ਏਜੰਸੀ ਸੀ ਬੀ ਆਈ ਦੀ ਦੁਰਵਰਤੋਂ ਕਰਦੀ ਹੈ, ਇਹ ਗੱਲ ਹੁਣ ਚਿੱਟੇ ਦਿਨ ਵਾਂਗ ਸਾਫ ਹੈ। ਜਿਹੜੇ ਬਾਕੀ ਸਕੈਂਡਲ ਇਸ ਵਕਤ ਜਾਂਚ ਲਈ ਇਸ ਏਜੰਸੀ ਦੇ ਕੋਲ ਹਨ, ਉਨ੍ਹਾਂ ਵਿਚ ਵੀ ਇਹੋ ਕੜ੍ਹੀ ਘੋਲੇ ਜਾਣ ਦੇ ਹੁਣੇ ਤੋਂ ਅੰਦਾਜ਼ੇ ਲਾਉਣ ਦੀ ਲੜੀ ਬੱਝ ਗਈ ਹੈ, ਪਰ ਸਰਕਾਰ ਨੂੰ ਇਸ ਦੀ ਵੀ ਕੋਈ ਪ੍ਰਵਾਹ ਨਹੀਂ ਜਾਪਦੀ।

ਇੱਕ ਗੱਲ ਕਮਾਲ ਦੀ ਹੋਈ ਕਿ ਪਾਰਲੀਮੈਂਟ ਦੀ ਇੱਕ ਕਮੇਟੀ ਦਾ ਚੇਅਰਮੈਨ ਤ੍ਰਿਣਮੂਲ ਕਾਂਗਰਸ ਪਾਰਟੀ ਦਾ ਮੈਂਬਰ ਹੈ ਤੇ ਉਸ ਨੇ ਕਾਂਗਰਸ ਨਾਲ ਆਪਣੀ ਪਾਰਟੀ ਦੇ ਤੋੜ-ਵਿਛੋੜੇ ਤੋਂ ਬਾਅਦ ਇੱਕ ਰਿਪੋਰਟ ਇਹੋ ਜਿਹੀ ਬਣਾ ਦਿੱਤੀ ਹੈ, ਜਿਸ ਨਾਲ ਕੇਂਦਰ ਸਰਕਾਰ ਫਸ ਗਈ ਹੈ। ਉਸ ਦੀ ਪਾਰਟੀ ਦੀ ਮੁਖੀ ਮਮਤਾ ਬੈਨਰਜੀ ਨੇ ਕਾਂਗਰਸ ਪਾਰਟੀ ਨੂੰ ਬਹੁਤ ਭ੍ਰਿਸ਼ਟ ਰਾਜਸੀ ਪਾਰਟੀ ਆਖ ਕੇ ਦਿੱਲੀ ਵਿਚ ਉਸ ਦੀ ਆਲੋਚਨਾ ਕੀਤੀ, ਪਰ ਉਸ ਨੂੰ ਇਹ ਖੁਸ਼ੀ ਮਨਾਉਣ ਦਾ ਵਕਤ ਬਹੁਤਾ ਨਹੀਂ ਮਿਲ ਸਕਿਆ। ਜਿਸ ਪੱਛਮੀ ਬੰਗਾਲ ਦੀ ਉਹ ਮੁੱਖ ਮੰਤਰੀ ਹੈ, ਉਸ ਵਿਚ ਇੱਕ ਚਿੱਟ ਫੰਡ ਕੰਪਨੀ ਦਾ ਸਕੈਂਡਲ ਜ਼ਾਹਰ ਹੋ ਗਿਆ, ਜਿਹੜਾ ਚਾਲੀ ਹਜ਼ਾਰ ਕਰੋੜ ਰੁਪਏ ਤੋਂ ਉਪਰ ਚਲਾ ਜਾਂਦਾ ਹੈ ਤੇ ਇਸ ਵਿਚ ਤ੍ਰਿਣਮੂਲ ਕਾਂਗਰਸ ਦੇ ਬੰਦਿਆਂ ਦੀ ਸ਼ਮੂਲੀਅਤ ਜ਼ਾਹਰ ਹੋਣ ਪਿੱਛੋਂ ਮਮਤਾ ਬੈਨਰਜੀ ਤੱਕ ਵੀ ਗੱਲ ਪਹੁੰਚ ਰਹੀ ਹੈ। ਸੁਦੀਪਤ ਸੇਨ ਨਾਂ ਦੇ ਜਿਹੜੇ ਬੰਦੇ ਨੇ ਸ਼ਾਰਦਾ ਚਿੱਟ ਫੰਡ ਕੰਪਨੀ ਬਣਾ ਕੇ ਇਹ ਘੋਟਾਲਾ ਕੀਤਾ ਸੀ, ਉਸ ਦੀ ਕੰਪਨੀ ਵਿਚ ਤ੍ਰਿਣਮੂਲ ਕਾਂਗਰਸ ਪਾਰਟੀ ਦੇ ਇੱਕ ਐਮ ਪੀ ਨੂੰ ਮੈਨੇਜਿੰਗ ਡਾਇਰੈਕਟਰ ਲਾਇਆ ਗਿਆ ਸੀ। ਮੁੱਢਲੇ ਤੌਰ ਉਤੇ ਭਾਵੇਂ ਪਾਰਲੀਮੈਂਟ ਮੈਂਬਰ ਕੁਨਾਲ ਘੋਸ਼ ਤੇ



*ਮਮਤਾ ਬੈਨਰਜੀ*

ਸਾਰੰਜਏ ਰਾਏ ਦੇ ਨਾਂ ਹੀ ਆਉਂਦੇ ਸਨ, ਪਰ ਮਮਤਾ ਬੈਨਰਜੀ ਵੀ ਆਪਣੀਆਂ ਪੇਂਟਿੰਗਜ਼ ਦੀ ਕਮਾਈ ਦੀ ਫੋਲਾ-ਫਾਲੀ ਨਾਲ ਇਸ ਵਿਚ ਉਲਝ ਗਈ ਹੈ।

ਪਿਛਲੇ ਸਮੇਂ ਵਿਚ ਇਹ ਸਵਾਲ ਕਈ ਵਾਰ ਕੀਤਾ ਜਾਂਦਾ ਸੀ ਕਿ ਮਮਤਾ ਬੈਨਰਜੀ ਆਪਣੀ ਪਾਰਟੀ ਦਾ ਕਰੋੜਾਂ ਰੁਪਏ ਦਾ ਚੋਣ ਖਰਚਾ ਕਿੱਥੋਂ ਕਰਦੀ ਹੈ ਤੇ ਉਹ ਆਖ ਛੱਡਦੀ ਸੀ ਕਿ ਉਹ ਆਪਣੀਆਂ ਬਣਾਈਆਂ ਤਸਵੀਰਾਂ ਵੇਚਦੀ ਹੈ, ਜਿਹੜੀਆਂ ਉਸ ਦੇ ਪ੍ਰਸ਼ੰਸਕ ਖਰੀਦਦੇ ਹਨ ਤੇ ਉਸ ਕਮਾਈ ਨਾਲ ਪਾਰਟੀ ਚੱਲਦੀ ਹੈ। ਹੁਣ ਪਤਾ ਲੱਗਾ ਹੈ ਕਿ ਇਹ ਚਿੱਤਰ ਖਰੀਦਣ ਵਾਲੇ 'ਪ੍ਰਸ਼ੰਸਕ' ਕਿਹੋ ਜਿਹੇ ਕਿਰਦਾਰ ਦੇ ਮਾਲਕ ਸਨ? ਜਿਹੜਾ ਸੁਦੀਪਤ ਸੇਨ ਪੱਛਮੀ ਬੰਗਾਲ ਅਤੇ ਨਾਲ ਆਸਾਮ ਦੇ ਲੱਖਾਂ ਲੋਕਾਂ ਨੂੰ ਚਾਲੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਕੁੰਡੀ ਲਾ ਗਿਆ, ਉਹ ਵੀ ਮਮਤਾ ਬੈਨਰਜੀ ਦਾ ਏਡਾ 'ਪ੍ਰਸ਼ੰਸਕ' ਸੀ ਕਿ ਉਸ ਦੀ ਬਣਾਈ ਇੱਕ ਤਸਵੀਰ ਇੱਕ ਕਰੋੜ ਛਿਆਸੀ ਲੱਖ ਰੁਪਏ ਵਿਚ ਖਰੀਦ ਕੇ ਲੈ ਗਿਆ ਸੀ। ਮਮਤਾ ਬੈਨਰਜੀ ਨਾ ਹੋਈ, ਮਕਬੂਲ ਫਿਦਾ ਹੁਸੈਨ ਦੀ ਗੁਰੂ-ਭੈਣ ਹੋ ਗਈ, ਜਿਸ ਦੀਆਂ ਤਸਵੀਰਾਂ ਕਰੋੜਾਂ ਵਿਚ ਵਿਕ ਰਹੀਆਂ ਸਨ।

ਅਸਲੀਅਤ ਵਿਚ ਸੁਦੀਪਤ ਸੇਨ ਵਰਗੇ ਜਿਹੜੇ ਕਾਲੀ ਕਮਾਈ ਕਰਨ ਵਾਲਿਆਂ ਤੋਂ ਮਮਤਾ ਬੈਨਰਜੀ ਨੇ ਕਰੋੜਾਂ ਰੁਪਏ ਲੈਣੇ ਹੁੰਦੇ ਸਨ, ਉਹ ਆ ਕੇ ਤਸਵੀਰਾਂ ਖਰੀਦਣ ਦਾ ਨਾਟਕ ਕਰਦੇ ਅਤੇ ਥੈਲੀਆਂ ਦੇ ਜਾਂਦੇ ਸਨ, ਜਿਸ ਦਾ ਖੁਲਾਸਾ ਹੁਣ ਸੁਦੀਪਤ ਸੇਨ ਨੇ ਜਾਂਚ ਏਜੰਸੀ ਨੂੰ ਲਿਖੀ ਆਪਣੀ ਚਿੱਠੀ ਵਿਚ ਕਰ ਦਿੱਤਾ ਹੈ। ਇਹ ਭ੍ਰਿਸ਼ਟਾਚਾਰ ਦਾ ਨਵਾਂ ਢੰਗ ਨਿਕਲਿਆ ਹੈ। ਮਮਤਾ ਕਿਸੇ ਵੀ ਸਮਾਗਮ ਜਾਂ ਮੀਟਿੰਗ ਵਿਚ ਕੋਈ ਸਵਾਲ ਕਰਨ ਵਾਲੇ ਨੂੰ ਇਹ ਕਹਿ ਕੇ ਪੁਲਿਸ ਤੋਂ ਗ੍ਰਿਫਤਾਰ ਕਰਵਾ ਦਿੰਦੀ ਸੀ ਕਿ ਇਹ ਬੰਦਾ ਨਕਸਲੀ ਜਾਪਦਾ ਹੈ, ਪਰ ਹੁਣ ਪਤਾ ਲੱਗਾ ਹੈ ਕਿ ਮਮਤਾ ਬੈਨਰਜੀ ਨੂੰ ਕਰੋੜਾਂ ਰੁਪਏ ਦੇਣ ਵਾਲਾ ਸੁਦੀਪਤ ਸੇਨ ਵੀ ਪੁਰਾਣਾ ਨਕਸਲੀ ਸੀ ਤੇ ਮੋਟੀ ਕਮਾਈ ਦੀ ਝਾਕ ਵਿਚ ਰਾਜਸੀ ਲੀਡਰਾਂ ਦਾ ਜੋਟੀਦਾਰ ਆਣ ਬਣਿਆ ਸੀ।

ਜਦੋਂ ਇਹ ਕੱਚਾ ਚਿੱਠਾ ਖਿਲਰਿਆ ਤਾਂ ਪੱਛਮੀ ਬੰਗਾਲ ਦੀ ਪਿਛਲੀ ਸਰਕਾਰ ਵਾਲੇ ਮਾਰਕਸੀ ਕਾਮਰੇਡਾਂ ਇਸ ਨੂੰ ਚੁੱਕਣਾ ਹੀ ਸੀ, ਤ੍ਰਿਣਮੂਲ ਕਾਂਗਰਸ ਤੋਂ ਨਵਾਂ-ਨਵਾਂ ਵੱਖ ਹੋਏ ਕਾਂਗਰਸ ਪਾਰਟੀ ਦੇ ਲੀਡਰ ਵੀ ਚਾਂਭਲ ਕੇ ਮਮਤਾ ਬੈਨਰਜੀ ਦਾ ਗੁੱਡਾ ਬੰਨ੍ਹਣ ਲਈ ਮੈਦਾਨ ਵਿਚ ਆ ਗਏ, ਪਰ ਉਨ੍ਹਾਂ ਦੀ ਇਹ ਖੁਸ਼ੀ ਥੋੜ੍ਹ-ਚਿਰੀ ਸਾਬਤ ਹੋਈ। ਸੀ ਬੀ ਆਈ ਨੂੰ ਲਿਖੀ ਸੁਦੀਪਤ ਸੇਨ ਦੀ ਜਿਹੜੀ ਚਿੱਠੀ ਵਿਚ ਤ੍ਰਿਣਮੂਲ ਕਾਂਗਰਸ ਵਾਲਿਆਂ ਦੇ ਚਿਹਰੇ ਤੋਂ ਨਕਾਬ ਲਾਹ ਕੇ ਲੋਕਾਂ ਸਾਹਮਣੇ ਸ਼ਰਮਿੰਦੇ ਕੀਤਾ ਗਿਆ ਸੀ, ਉਸੇ ਵਿਚ ਕੇਂਦਰ ਦੇ ਖਜ਼ਾਨਾ ਮੰਤਰੀ ਪੀ. ਚਿਦੰਬਰਮ ਦੀ ਪਤਨੀ ਨਲਿਨੀ ਦਾ ਨਾਂ ਵੀ ਲਿਖਿਆ ਪਿਆ ਹੈ। ਜਦੋਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਹੁੰਦਾ ਸੀ, ਆਸਾਮ ਤੋਂ ਉਸ ਦਾ ਇੱਕ ਮੰਤਰੀ ਮਤੰਗ ਸਿੰਘ ਕਈ ਵਿਵਾਦਾਂ ਵਿਚ ਚਰਚਿਤ ਰਿਹਾ ਸੀ। ਮਤੰਗ ਸਿੰਘ ਦੀ ਪਤਨੀ ਮਨੋਰੰਜਨਾ ਸਿੰਘ ਦੇ ਨਾਲ ਸੁਦੀਪਤ ਸੇਨ ਦਾ ਇੱਕ ਸੌਦਾ ਖਜ਼ਾਨਾ ਮੰਤਰੀ ਚਿਦੰਬਰਮ ਦੀ ਵਕੀਲ ਪਤਨੀ ਨਲਿਨੀ ਸਿੰਘ ਨੇ ਕਰਵਾਇਆ ਤੇ ਇਸ ਸੇਵਾ ਦੇ ਬਦਲੇ ਇੱਕ ਕਰੋੜ ਤੋਂ ਵੱਧ ਰੁਪਏ ਉਸ ਨੇ ਲਏ ਸਨ। ਜੇ ਤਾਂ ਬੀਬੀ ਨਲਿਨੀ ਚਿਦੰਬਰਮ ਇਹ ਕਹਿੰਦੀ ਕਿ ਉਸ ਨੇ ਵਕੀਲ ਵਜੋਂ ਆਪਣੀ ਫੀਸ ਲਈ ਸੀ ਤਾਂ ਹੋਰ ਗੱਲ ਸੀ, ਪਰ ਉਹ ਇਹ ਪੈਸੇ ਲੈਣ ਦੀ ਗੱਲ ਤੋਂ ਹੀ ਮੁੱਕਰ ਗਈ ਹੈ, ਜਿਸ ਦਾ ਭਾਵ ਇਹ ਹੈ ਕਿ ਉਸ ਨੇ ਪੈਸੇ ਲੈ ਕੇ ਕਿਸੇ ਖਾਤੇ ਵਿਚ ਇਸ ਲਈ ਦਰਜ ਨਹੀਂ ਕੀਤੇ ਕਿ ਕਮਾਈ ਕਾਲੀ ਸੀ। ਇਹ ਗੱਲ ਕਿਸੇ ਨੇ ਨਹੀਂ ਮੰਨਣੀ ਕਿ ਬੀਵੀ ਨੇ ਇੱਕ ਕਰੋੜ ਰੁਪਏ ਕਮਾਈ ਕਰ ਲਈ ਤੇ ਉਸ ਦੇ ਪਤੀ ਨੂੰ ਪਤਾ ਹੀ ਨਹੀਂ, ਜਿਹੜਾ ਸਾਰੇ ਦੇਸ਼ ਦੇ ਪੈਸੇ ਦੇ ਲੈਣ-ਦੇਣ ਦਾ ਖਿਆਲ ਰੱਖਣ ਵਾਲਾ ਖਜ਼ਾਨਾ ਮੰਤਰੀ ਹੈ। ਜਿੱਥੇ ਇਹੋ ਜਿਹਾ ਬੰਦਾ ਖਜ਼ਾਨਾ ਮੰਤਰੀ ਬਣ ਜਾਂਦਾ ਹੈ, ਉਸ ਦੇਸ਼ ਦੇ ਲੋਕਾਂ ਦੀ ਕਿਸਮਤ ਫਿਰ 'ਭਗਵਾਨ ਭਰੋਸੇ' ਕਹੀ ਜਾ ਸਕਦੀ ਹੈ।

ਉਂਜ ਇਹੋ ਚਿਦੰਬਰਮ ਪਹਿਲਾਂ ਵੀ ਕਈ ਮਾਮਲਿਆਂ ਵਿਚ ਚਰਚਿਤ ਰਿਹਾ ਹੈ, ਜਿਨ੍ਹਾਂ ਵਿਚੋਂ ਇੱਕ ਕੇਸ ਦਾ ਸਬੰਧ ਉਸ ਵੇਦਾਂਤਾ ਕਾਰਪੋਰੇਸ਼ਨ ਨਾਲ ਹੈ, ਜਿਹੜੀ ਕਈ ਦੇਸ਼ਾਂ ਵਿਚ ਅੱਡੇ ਜਮਾਈ ਬੈਠੀ ਹੈ। ਉਸ ਦਾ ਕਾਰੋਬਾਰ ਕਈ ਗੱਲਾਂ ਕਰ ਕੇ ਠੀਕ ਨਹੀਂ ਸਮਝਿਆ ਜਾਂਦਾ। ਚਿਦੰਬਰਮ ਆਪ ਪਹਿਲਾਂ ਉਸ ਦੇ ਕਰਤੇ-ਧਰਤਿਆਂ ਵਿਚ ਰਿਹਾ, ਉਸ ਦਾ ਵਕੀਲ ਵੀ ਰਿਹਾ ਅਤੇ ਫਿਰ ਉਸ ਦੀ ਪਤਨੀ ਇਹ ਕੰਮ ਕਰਨ ਲੱਗ ਪਈ ਤੇ ਇਹ ਕਾਰਪੋਰੇਸ਼ਨ ਏਨੀ ਕੁ ਸੁਥਰੀ ਹੈ ਕਿ ਬੀਤੇ ਇੱਕੋ ਹਫਤੇ ਵਿਚ ਸੁਪਰੀਮ ਕੋਰਟ ਨੇ ਇਸ ਦੇ ਖਿਲਾਫ ਦੋ ਕੇਸਾਂ ਵਿਚ ਹੁਕਮ ਕੀਤੇ ਹਨ। ਜਦੋਂ ਅੰਨਾ ਹਜ਼ਾਰੇ ਦੀ ਟੀਮ ਚੜ੍ਹਤ ਵਿਚ ਸੀ, ਉਦੋਂ ਉਸ ਦੀ ਇੱਕ ਸਹਿਯੋਗਣ ਉਤੇ ਲੋਕ ਭਲਾਈ ਬਹਾਨੇ ਉਨ੍ਹਾਂ ਕੰਪਨੀਆਂ ਤੋਂ ਪੈਸੇ ਲੈਣ ਦਾ ਦੋਸ਼ ਲੱਗਾ ਸੀ, ਜਿਨ੍ਹਾਂ ਵਿਰੁਧ ਅੰਨਾ ਦੇ ਸਹਿਯੋਗੀ ਬੋਲਦੇ ਸਨ ਅਤੇ ਉਨ੍ਹਾਂ ਪੈਸੇ ਦੇਣ ਵਾਲਿਆਂ ਵਿਚ ਵੀ ਚਿਦੰਬਰਮ ਦੀ ਚਹੇਤੀ ਵੇਦਾਂਤਾ ਕਾਰਪੋਰੇਸ਼ਨ ਸ਼ਾਮਲ ਸੀ। ਅੱਗੋਂ ਚਿਦੰਬਰਮ ਦਾ ਨਾਂ ਭਾਰਤ ਦੇ ਭਵਿੱਖ ਦੇ ਪ੍ਰਧਾਨ ਮੰਤਰੀ ਵਜੋਂ ਲਿਆ ਜਾ ਰਿਹਾ ਹੈ ਤੇ ਜੇ ਅਜਿਹਾ ਹੋ ਗਿਆ ਤਾਂ ਇਹ ਦੇਸ਼ ਦੀ ਵੱਡੀ ਬਦਕਿਸਮਤੀ ਹੋਵੇਗੀ ਕਿ ਵੇਦਾਂਤਾ ਤੋਂ ਲੈ ਕੇ ਸੁਦੀਪਤ ਸੇਨ ਤੱਕ ਨਾਲ ਜਿਸ ਦਾ ਨਾਂ ਜੁੜਦਾ ਹੈ, ਉਹ ਬੰਦਾ ਦੇਸ਼ ਦਾ ਆਗੂ ਮੰਨ ਲਿਆ ਜਾਵੇ।

'ਭੰਡਾ ਭੰਡਾਰ ਤੇਰਾ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲਓ ਤਾਂ ਦੂਜੀ ਨੂੰ ਤਿਆਰ' ਵਾਲੀ ਗੱਲ ਤਾਂ ਏਥੇ ਆਣ ਕੇ ਪਤਾ ਲੱਗਦੀ ਹੈ ਕਿ ਹੁਣ ਸੁਦੀਪਤ ਸੇਨ ਤੋਂ ਬਾਅਦ ਇੱਕ ਰੋਜ਼ ਵੈਲੀ ਕੰਪਨੀ ਦਾ ਕਿੱਸਾ ਵੀ ਖੁੱਲ੍ਹ ਗਿਆ ਹੈ। ਨਵੇਂ ਜ਼ਾਹਰ ਹੋਏ ਅਤੇ ਅਗਲੇ ਦਿਨੀਂ ਵੱਡਾ ਖਿਲਾਰਾ ਬਣ ਸਕਦੇ ਇਸ ਮਾਮਲੇ ਵਿਚ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਅਤੇ ਬੰਗਾਲੀ ਫਿਲਮਾਂ ਦੀ ਹੀਰੋਇਨ ਸ਼ਤਾਬਦੀ ਰਾਏ ਦਾ ਨਾਂ ਵੀ ਚਰਚਾ ਵਿਚ ਆ ਗਿਆ ਹੈ। ਸ਼ਤਾਬਦੀ ਦਾ ਕਹਿਣਾ ਹੈ ਕਿ ਉਹ ਕਲਾਕਾਰ ਹੈ ਤੇ ਇਸ ਕੰਮ ਲਈ ਜਦੋਂ ਕੁਝ ਪੇਸ਼ਕਾਰੀ ਕਰਦੀ ਸੀ, ਉਸ ਦੇ ਬਦਲੇ ਵਿਚ ਰਕਮਾਂ ਵਸੂਲਦੀ ਰਹੀ ਸੀ। ਪੇਸ਼ਕਾਰੀ ਬਦਲੇ ਰਕਮਾਂ ਵਸੂਲਣ ਦਾ ਇਹ ਮਾਮਲਾ ਵੀ ਮਮਤਾ ਬੈਨਰਜੀ ਵਾਲੀਆਂ ਨਿਕੰਮੀਆਂ ਪੇਂਟਿੰਗਜ਼ ਦਾ ਮੁੱਲ ਕਰੋੜਾਂ ਵਿਚ ਮਿਥਣ ਵਾਂਗ ਹੈ।

ਯੂ ਪੀ ਵਿਚ ਮੁਲਾਇਮ ਸਿੰਘ ਦੇ ਪਿਛਲੇ ਰਾਜ ਵੇਲੇ ਇੱਕ ਫਿਲਮੀ ਪਰਿਵਾਰ ਦੇ ਸਾਰੇ ਜੀਆਂ ਨੂੰ ਪੇਸ਼ਕਾਰੀ ਦੇ ਨਾਂ ਉਤੇ ਕਰੋੜਾਂ ਰੁਪਏ ਦਿੱਤੇ ਜਾਣ ਦੇ ਚਰਚੇ ਸਨ ਤੇ ਇਹ ਚਰਚੇ ਕਈ ਰਾਜਾਂ ਵਿਚ ਸੁਣੇ ਜਾਂਦੇ ਹਨ। ਅਸਲ ਵਿਚ ਜਿਹੜੀ ਪੇਸ਼ਕਾਰੀ ਇਹ ਕਰਦੇ ਹਨ, ਉਹ ਵਧੀਆ ਨਾ ਵੀ ਹੋਵੇ ਤਾਂ ਮਾਲ ਚੋਖਾ ਮਿਲ ਜਾਂਦਾ ਹੈ, ਕਿਉਂਕਿ ਮਾਲ ਦੇਣ ਵਾਲੀ ਸਰਕਾਰ ਜਾਂ ਕੰਪਨੀ ਦਾ ਨਾਂ ਤਾਂ ਪੇਸ਼ਕਾਰੀ ਦਾ ਬਹਾਨਾ ਕਾਲੀ ਕਮਾਈ ਨੂੰ ਚਿੱਟੀ ਕਰਨ ਲਈ ਵਰਤਿਆ ਜਾਂਦਾ ਹੈ। 'ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼' ਦੇ ਅਖਾਣ ਵਾਂਗ ਚੋਰਾਂ ਨੇ ਕਾਲੀ ਕਮਾਈ ਜਿਨ੍ਹਾਂ ਲੀਡਰਾਂ ਦੀ ਮਦਦ ਨਾਲ ਕੀਤੀ ਹੁੰਦੀ ਹੈ, ਇਹ ਉਨ੍ਹਾਂ ਨੂੰ ਹਿੱਸਾ-ਪੱਤੀ ਦੇਣ ਦਾ ਨਵਾਂ ਢੰਗ ਹੈ।

ਜਿਹੜੇ ਚੋਰ ਇਨ੍ਹਾਂ ਲੋਕਾਂ ਦੀ ਮਦਦ ਨਾਲ ਕਮਾਈ ਕਰਦੇ ਹਨ, ਉਨ੍ਹਾਂ ਵਿਚੋਂ ਇੱਕ ਬੀਬੀ ਨੀਰਾ ਰਾਡੀਆ ਦਾ ਕਿੱਸਾ ਸਾਨੂੰ ਯਾਦ ਹੈ। ਉਹ ਸਿਰਫ ਪੰਦਰਾਂ ਲੱਖ ਰੁਪਏ ਲੈ ਕੇ ਏਅਰਲਾਈਨ ਖੋਲ੍ਹਣ ਤੁਰ ਪਈ ਸੀ। ਇਸ ਕੰਮ ਵਿਚ ਕਾਮਯਾਬੀ ਨਾ ਮਿਲੀ, ਪਰ ਇਸ ਦੌਰਾਨ ਵੱਡੇ ਲੋਕਾਂ ਲਈ ਉਹ ਇਹੋ ਜਿਹੀ ਤੰਦ ਬਣ ਗਈ ਕਿ ਸਾਰੇ ਘਰਾਣੇ ਉਸ ਦੇ ਰਾਹੀਂ ਲੈਣ-ਦੇਣ ਕਰਨ ਤੇ ਉਸ ਨੂੰ ਹਿੱਸਾ ਦੇਣ ਲੱਗ ਪਏ, ਜਿਸ ਨਾਲ ਪੰਦਰਾਂ ਲੱਖ ਤੋਂ ਤੁਰੀ ਨੀਰਾ ਰਾਡੀਆ ਕੁਝ ਸਾਲਾਂ ਵਿਚ ਹੀ ਨੌਂ ਸੌ ਕਰੋੜ ਰੁਪਏ ਦੀ ਮਾਲਕ ਬਣ ਗਈ ਸੀ। ਹੁਣ ਸੁਦੀਪਤ ਸੇਨ ਦੀ ਕੰਪਨੀ ਵਿਚ ਵੀ ਇੱਕ ਨੀਰਾ ਰਾਡੀਆ ਨਿਕਲ ਆਈ ਹੈ, ਜਿਸ ਦਾ ਨਾਂ ਦੇਵਜਾਨੀ ਮੁਖਰਜੀ ਹੈ। ਤੇਲ ਦੀ ਛੋਟੀ ਜਿਹੀ ਮਿੱਲ ਵਿਚ ਘਾਟਾ ਪੈਣ ਪਿੱਛੋਂ ਦੇਵਜਾਨੀ ਦਾ ਬਾਪ ਲੋਕਾਂ ਕੋਲ ਕੰਮ ਕਰਨ ਲੱਗ ਪਿਆ ਤੇ ਮਾਂ ਨੇ ਅਚਾਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਹਾਲੇ ਕੁਝ ਸਾਲ ਪਹਿਲਾਂ ਲੋਕਾਂ ਦੇ ਘਰਾਂ ਦੀ ਘੰਟੀ ਖੜਕਾ ਕੇ ਡੱਬਾ-ਬੰਦ ਆਚਾਰ ਵੇਚਣ ਵਾਲੀ ਦੇਵਜਾਨੀ ਨੂੰ 2007 ਵਿਚ ਇੱਕ ਟਰੈਵਲ ਏਜੰਸੀ ਦੇ ਦਫਤਰ ਦੀ ਰਿਸੈਪਸ਼ਨ ਕਲਰਕ ਦੀ ਨੌਕਰੀ ਮਿਲ ਗਈ। ਸਿਰਫ ਚਾਰ ਸਾਲ ਹੋਰ ਲੰਘੇ ਤੇ ਉਹ ਕਈ ਹਜ਼ਾਰ ਕਰੋੜ ਰੁਪਏ ਦੇ ਕਾਰੋਬਾਰ ਵਾਲੀ ਸੁਦੀਪਤ ਸੇਨ ਦੀ ਸ਼ਾਰਦਾ ਚਿੱਟ ਫੰਡ ਕੰਪਨੀ ਦੀ ਐਗਜ਼ੈਕਟਿਵ ਡਾਇਰੈਕਟਰ ਦੀ ਕੁਰਸੀ ਉਤੇ ਜਾ ਬੈਠੀ। ਉਸ ਕੰਪਨੀ ਵਿਚ ਵੀਹ ਲੱਖ ਰੁਪਏ ਤੋਂ ਵੱਧ ਦਾ ਚੈਕ ਹੋਵੇ ਤਾਂ ਦਸਖਤ ਕਰਨ ਦਾ ਅਧਿਕਾਰ ਜਾਂ ਸੁਦੀਪਤ ਸੇਨ ਨੂੰ ਸੀ, ਜਾਂ ਫਿਰ ਦੇਵਜਾਨੀ ਨੂੰ। 'ਪਰਸੂ, ਪਰਸਾ, ਪਰਸਰਾਮ' ਦੀ ਕਹਾਣੀ ਨੂੰ ਸੱਚਾ ਸਾਬਤ ਕਰਨ ਵਾਲੀ ਦੇਵਜਾਨੀ ਮੁਖਰਜੀ ਹੁਣ ਸਰਕਾਰੀ ਗਵਾਹ ਬਣਨ ਨੂੰ ਤਿਆਰ ਹੋਈ ਜਾਪਦੀ ਹੈ।

ਕਹਿੰਦੇ ਹਨ ਕਿ ਕੋਈ ਧਉਲਾ ਬਲਦ ਹੈ, ਜਿਹੜਾ ਆਪਣੇ ਸਿੰਗਾਂ ਉਤੇ ਧਰਤੀ ਦਾ ਭਾਰ ਚੁੱਕੀ ਫਿਰਦਾ ਹੈ ਤੇ ਉਸ ਦੇ ਆਸਰੇ ਕਾਇਨਾਤ ਚੱਲੀ ਜਾਂਦੀ ਹੈ। ਭਾਰਤ ਦੀ ਜਨਤਾ ਧਉਲੇ ਬਲਦ ਤੋਂ ਘੱਟ ਨਹੀਂ। ਜਿਹੜਾ ਭ੍ਰਿਸ਼ਟਾਚਾਰ ਦਾ ਭਾਰਾ ਟੋਕਰਾ, ਤੇ ਦਿਨੋ-ਦਿਨ ਹੋਰ ਭਾਰਾ ਹੋਈ ਜਾਂਦਾ ਟੋਕਰਾ, ਚੁੱਕ ਕੇ ਵੀ ਇਹ ਜਨਤਾ ਦਿਨ-ਕਟੀ ਕਰੀ ਜਾਂਦੀ ਹੈ, ਇਹ ਵੀ ਇੱਕ ਕ੍ਰਿਸ਼ਮਾ ਹੀ ਹੈ। ਕਮਾਲ ਹੈ ਕਿ ਅਜੇ ਵੀ ਲੋਕ ਉਬਲਦੇ ਨਹੀਂ, ਤੇ ਦੇਸ਼ ਚੱਲੀ ਜਾਂਦਾ ਹੈ।

# ਅਮਰੀਕੀਆਂ ਨੂੰ ਹੋਰ ਅਤਿਵਾਦੀ ਹਮਲਿਆਂ ਦਾ ਭੈਅ

**ਵਾਸ਼ਿੰਗਟਨ:** ਅੱਧੇ ਤੋਂ ਵੱਧ ਅਮਰੀਕੀ ਮਹਿਸੂਸ ਕਰਦੇ ਹਨ ਕਿ ਹੋਰ ਦਹਿਸ਼ਤਗਰਦ ਹਮਲੇ ਹੋ ਸਕਦੇ ਹਨ। ਇਹ ਗੱਲ ਬੋਸਟਨ ਬੰਬ ਧਮਾਕਿਆਂ ਤੋਂ ਫੌਰੀ ਬਾਅਦ 'ਗੈਲਪ' ਵੱਲੋਂ ਕਰਵਾਏ ਸਰਵੇਖਣ ਵਿਚ ਸਾਹਮਣੇ ਆਈ ਹੈ। ਇਨ੍ਹਾਂ ਧਮਾਕਿਆਂ 'ਚ ਤਿੰਨ ਬੰਦੇ ਮਾਰੇ ਗਏ ਸਨ ਅਤੇ 200 ਤੋਂ ਵੱਧ ਜ਼ਖ਼ਮੀ ਹੋ ਗਏ ਸਨ।



*ਬੋਸਟਨ ਬੰਬ ਧਮਾਕਿਆਂ ਵਿਚ ਜ਼ਖ਼ਮੀ ਹੋਈ ਇਕ ਔਰਤ*

ਸਰਵੇਖਣ ਮੁਤਾਬਕ ਜਿਨ੍ਹਾਂ ਲੋਕਾਂ ਨਾਲ ਗੱਲਬਾਤ ਕੀਤੀ ਗਈ, ਉਨ੍ਹਾਂ 'ਚੋਂ 51 ਫੀਸਦ ਦਾ ਮੰਨਣਾ ਹੈ ਕਿ ਦਹਿਸ਼ਤਵਾਦੀ ਹਮਲੇ ਹੋ ਸਕਦੇ ਹਨ। 'ਗੈਲਪ' ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਅਗਸਤ 2011 ਵਿਚ ਕਰਵਾਏ ਗਏ ਸਰਵੇਖਣ ਦੌਰਾਨ ਇਹ ਖਦਸ਼ਾ ਜ਼ਾਹਿਰ ਕਰਨ ਵਾਲਿਆਂ ਦੀ ਸੰਖਿਆ 38 ਫੀਸਦ ਸੀ। ਉਹ ਸਰਵੇਖਣ 9/11 ਹਮਲਿਆਂ ਦੀ 10ਵੀਂ ਬਰਸੀ ਮੌਕੇ ਕਰਵਾਇਆ ਗਿਆ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਬੋਸਟਨ ਮੈਰਾਥਨ ਬੰਬ ਧਮਾਕਿਆਂ ਤੋਂ ਬਾਅਦ ਲੋਕਾਂ ਵਿਚ ਸਹਿਮ ਵਧ ਗਿਆ ਹੈ।

ਬੋਸਟਨ ਧਮਾਕਿਆਂ ਬਾਰੇ ਸਹਿਯੋਗ ਨਹੀਂ ਕਰ ਰਿਹਾ ਰੂਸ: ਅਮਰੀਕਾ ਦੇ ਕਾਂਗਰਸਮੈਨ ਮਾਈਕ ਰੋਜਰਜ਼ ਨੇ ਦੋਸ਼ ਲਾਇਆ ਹੈ ਕਿ ਬੋਸਟਨ ਬੰਬ ਧਮਾਕਿਆਂ ਦੀ ਜਾਂਚ ਸਬੰਧੀ ਰੂਸ ਵੱਲੋਂ ਅਮਰੀਕਾ ਨੂੰ ਬਣਦਾ ਸਹਿਯੋਗ ਨਹੀਂ ਦਿੱਤਾ ਜਾ ਰਿਹਾ ਹੈ। ਇਸੇ ਦੌਰਾਨ ਧਮਾਕਿਆਂ ਦੇ ਦੋਸ਼ ਵਿਚ ਫੜੇ ਦਜ਼ੋਖਾਰ ਤਸਰਨੇਇਵ ਦੇ ਹਸਪਤਾਲ ਤੋਂ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਨੂੰ ਮੈਸਚੂਸੈਟਸ ਦੇ ਜੇਲ੍ਹ ਮੈਡੀਕਲ ਸੈਂਟਰ ਭੇਜਿਆ ਗਿਆ ਹੈ।

ਸ੍ਰੀ ਰੋਜਰਜ਼ ਦਾ ਕਹਿਣਾ ਹੈ ਕਿ ਰੂਸ ਕੋਲ ਇਸ ਧਮਾਕੇ ਦੇ ਮਸ਼ਕੂਕ ਚੇਚਨ ਭਰਾਵਾਂ ਬਾਰੇ ਅਹਿਮ ਜਾਣਕਾਰੀ ਹੈ, ਪਰ ਰੂਸੀ ਸਰਕਾਰ ਉਸ ਢੰਗ ਨਾਲ ਜਾਂਚ ਵਿਚ ਸਹਿਯੋਗ ਨਹੀਂ ਦੇ ਰਹੀ ਜਿਸ ਢੰਗ ਨਾਲ ਦੇਣਾ ਚਾਹੀਦਾ ਹੈ। ਦੂਜੇ ਪਾਸੇ ਵ੍ਹਾਈਟ ਹਾਊਸ ਨੇ ਇਸ ਮਾਮਲੇ ਉਤੇ ਰੂਸ ਤੋਂ ਮਿਲ ਰਹੀ ਸਹਾਇਤਾ ਦੀ ਸ਼ਲਾਘਾ ਕੀਤੀ ਹੈ ਅਤੇ ਕਿਹਾ ਹੈ ਕਿ ਰੂਸ ਪੂਰਾ ਸਹਿਯੋਗ ਦੇ ਰਿਹਾ ਹੈ।

## ਮੰਗਲ 'ਤੇ ਵੱਸਣਗੇ ਚੀਨੀ

**ਪੇਇਚਿੰਗ:** ਚੀਨ ਦੇ ਲੋਕ ਹੁਣ ਮੰਗਲ ਗ੍ਰਹਿ 'ਤੇ ਵੱਸਣ ਦੀ ਤਿਆਰੀ ਕਰ ਰਹੇ ਹਨ। ਇਕ ਡੱਚ ਪੁਲਾੜ ਪ੍ਰੋਜੈਕਟ ਲਈ 600 ਤੋਂ ਵੱਧ ਚੀਨੀਆਂ ਨੇ ਅਰਜ਼ੀਆਂ ਦਿੱਤੀਆਂ ਹਨ। ਇਸ ਪ੍ਰੋਜੈਕਟ ਤਹਿਤ ਲੋਕਾਂ ਨੂੰ ਸਥਾਈ ਵਸੇਬੇ ਲਈ ਮੰਗਲ ਗ੍ਰਹਿ 'ਤੇ ਛੱਡਣ ਦੇ ਪ੍ਰਬੰਧ ਕੀਤੇ ਜਾਣਗੇ। ਇਹ ਯਾਤਰਾ ਇਕ ਪਾਸੇ ਦੀ ਹੋਵੇਗੀ।

ਇਸ ਡੱਚ ਪ੍ਰੋਜੈਕਟ ਨੂੰ ਕਈਆਂ ਨੇ 'ਆਤਮਘਾਤੀ ਮਿਸ਼ਨ' ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਿਨੈਕਾਰਾਂ ਨੂੰ ਉਸ ਗ੍ਰਹਿ 'ਤੇ ਲਿਜਾ ਕੇ ਛੱਡ ਦਿੱਤਾ ਜਾਵੇਗਾ ਜੋ ਮਨੁੱਖਤਾ ਦੇ ਵਸੇਬੇ ਦੇ ਯੋਗ ਨਹੀਂ ਹੈ। ਪ੍ਰੋਜੈਕਟ 'ਮਾਰਸ ਵੰਨ' ਡੱਚ ਭਲਾਈ ਸੰਗਠਨ ਵੱਲੋਂ ਲਾਂਚ ਕੀਤਾ ਜਾ ਰਿਹਾ ਹੈ ਜੋ 2023 ਵਿਚ 4 ਲੋਕਾਂ ਨੂੰ ਇਸ ਲਾਲ ਗ੍ਰਹਿ 'ਤੇ ਛੱਡ ਕੇ ਆਏਗਾ। ਇਸ ਪ੍ਰੋਜੈਕਟ ਦੇ ਪਹਿਲੇ ਤਿੰਨ ਦਿਨਾਂ 'ਚ ਹੀ ਵਿਸ਼ਵ ਭਰ ਤੋਂ 20,000 ਤੋਂ ਵੱਧ ਅਰਜ਼ੀਆਂ ਆਨਲਾਈਨ ਆ ਚੁੱਕੀਆਂ ਹਨ ਜਿਨ੍ਹਾਂ 'ਚ 600 ਤੋਂ ਵੱਧ ਲੋਕ ਚੀਨ ਦੇ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 4 ਮਈ 2013*

## ਅਨਿਆਂ ਦੀ ਹਨ੍ਹੇਰੀ

ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖ ਕਤਲੇਆਮ ਦੇ ਕੇਸ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਕਾਂਗਰਸ ਦੇ ਸੀਨੀਅਰ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਨਾਲ ਸਿੱਖਾਂ ਦੇ ਜ਼ਖਮ ਇਕ ਵਾਰ ਫਿਰ ਉਚੇੜ ਦਿੱਤੇ ਗਏ ਹਨ। ਇਸ ਕੇਸ ਵਿਚ ਪੰਜ ਜਣਿਆਂ ਵਿਚੋਂ ਬਲਵਾਨ ਖੋਖਰ, ਕੈਪਟਨ ਭਾਗਮੱਲ ਤੇ ਗਿਰਧਾਰੀ ਲਾਲ ਨੂੰ ਕਤਲ ਅਤੇ ਮਹਿੰਦਰ ਯਾਦਵ ਤੇ ਕ੍ਰਿਸ਼ਨ ਯਾਦਵ ਨੂੰ ਦੰਗਾ ਫੈਲਾਉਣ ਦਾ ਦੋਸ਼ੀ ਮੰਨਿਆ ਗਿਆ ਹੈ। ਇਹ ਕੇਸ ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ ਨਾਲ ਸਬੰਧਿਤ ਸੀ ਜਿਥੇ ਇਕ ਹੀ ਟੱਬਰ ਦੇ 5 ਜੀਅ-ਕਿਹਰ ਸਿੰਘ, ਗੁਰਪ੍ਰੀਤ ਸਿੰਘ, ਰਘੁਵਿੰਦਰ ਸਿੰਘ, ਨਰਿੰਦਰਪਾਲ ਸਿੰਘ ਅਤੇ ਕੁਲਦੀਪ ਸਿੰਘ ਕਤਲ ਕਰ ਦਿੱਤੇ ਗਏ ਸਨ। ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਨਵੰਬਰ 1984 ਵਿਚ ਦੇਸ਼ ਭਰ ਵਿਚ, ਖਾਸ ਕਰ ਦਿੱਲੀ ਵਿਚ ਹਜ਼ਾਰਾਂ ਸਿੱਖ ਮਾਰ ਦਿੱਤੇ ਗਏ। ਇਸ ਕਤਲੇਆਮ ਵਿਚ ਸਿੱਧਾ ਕਾਂਗਰਸੀ ਆਗੂਆਂ ਦਾ ਨਾਂ ਬੋਲਦਾ ਸੀ ਜਿਨ੍ਹਾਂ ਨੇ ਸਿੱਖਾਂ ਉਤੇ ਹਮਲਿਆਂ ਦੌਰਾਨ ਭੀੜ ਦੀ ਅਗਵਾਈ ਕੀਤੀ ਅਤੇ ਲੋਕਾਂ ਨੂੰ ਲਗਾਤਾਰ ਭੜਕਾਇਆ। ਇਨ੍ਹਾਂ ਆਗੂਆਂ ਵਿਚ ਮੁੱਖ ਰੂਪ ਵਿਚ ਸੱਜਣ ਕੁਮਾਰ, ਐਚ.ਕੇ.ਐਲ. ਭਗਤ ਅਤੇ ਜਗਦੀਸ਼ ਟਾਈਟਲਰ ਦਾ ਨਾਂ ਬੋਲਦਾ ਸੀ ਪਰ ਜਿਸ ਤਰ੍ਹਾਂ ਸੁਰੱਖਿਆ ਬਲਾਂ ਨੇ ਪਹਿਲੀ ਤੋਂ ਤਿੰਨ ਨਵੰਬਰ ਤੱਕ ਕਾਤਲਾਂ ਨੂੰ ਨਹੀਂ ਸੀ ਰੋਕਿਆ, ਉਸੇ ਤਰ੍ਹਾਂ ਇਨ੍ਹਾਂ ਕਾਤਲਾਂ ਨੂੰ ਸਜ਼ਾ ਤੋਂ ਬਚਾਉਣ ਲਈ ਹਰ ਪੱਧਰ ਉਤੇ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਵਿਚੋਂ ਐਚ.ਕੇ.ਐਲ. ਭਗਤ ਦੀ ਤਾਂ ਮੌਤ ਹੋ ਚੁੱਕੀ ਹੈ ਅਤੇ ਟਾਈਟਲਰ ਤੇ ਸੱਜਣ ਕੁਮਾਰ ਨੂੰ ਕਾਂਗਰਸ ਨੇ ਜਿਸ ਤਰ੍ਹਾਂ ਜਥੇਬੰਦੀ ਵਿਚ ਥਾਂ ਦਿੱਤੀ ਰੱਖੀ ਹੈ ਅਤੇ ਜਿਸ ਤਰ੍ਹਾਂ ਅਦਾਲਤ ਦੀਆਂ ਕਾਰਵਾਈਆਂ ਚੱਲੀਆਂ ਹਨ, ਉਸ ਤੋਂ ਸਪਸ਼ਟ ਹੀ ਸੀ ਕਿ ਇਨ੍ਹਾਂ ਆਗੂਆਂ ਨੂੰ ਸਜ਼ਾ ਦਿਵਾਉਣਾ ਬਹੁਤ ਔਖਾ ਕੰਮ ਹੈ। ਅਦਾਲਤ ਸਬੂਤ ਮੰਗਦੀ ਹੈ ਅਤੇ ਇੰਨੇ ਸਾਲਾਂ ਦੌਰਾਨ ਸਭ ਸਬੂਤ ਖੁਰਦ-ਬੁਰਦ ਕਰ ਦਿੱਤੇ ਗਏ ਸਨ। ਇਨ੍ਹਾਂ ਕੇਸਾਂ ਵਿਚ ਜਿਹੜੇ ਗਵਾਹ ਸਾਹਮਣੇ ਆਏ, ਉਹ ਲੰਮੀ ਅਦਾਲਤੀ ਪ੍ਰਕਿਰਿਆ ਵਿਚ ਉਲਝ ਕੇ ਰਹਿ ਗਏ। ਹੋਰ ਤਾਂ ਹੋਰ ਅਦਾਲਤੀ ਪ੍ਰਕਿਰਿਆ ਤੋਂ ਪਹਿਲਾਂ ਤੱਥਾਂ ਦੀ ਪੁਣ-ਛਾਣ ਲਈ ਸਰਕਾਰ ਨੇ ਤਿੰਨ ਜਾਂਚ ਕਮਿਸ਼ਨ ਅਤੇ ਸੱਤ ਜਾਂਚ ਕਮੇਟੀਆਂ ਬਣਾਈਆਂ। ਇਨ੍ਹਾਂ ਜਾਂਚ ਕਮਿਸ਼ਨਾਂ ਜਾਂ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਵੀ ਘੱਟੇ ਵਿਚ ਹੀ ਰੋਲ ਦਿੱਤਾ ਗਿਆ। ਸੱਜਣ ਕੁਮਾਰ ਵਿਰੁਧ ਇਹ ਕੇਸ ਵੀ ਘਟਨਾ ਤੋਂ ਦੋ ਦਹਾਕਿਆਂ ਬਾਅਦ, 2005 ਵਿਚ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਦੀ ਸਿਫ਼ਾਰਸ਼ 'ਤੇ ਦਰਜ ਕੀਤਾ ਗਿਆ ਸੀ। ਇਸ ਕੇਸ ਵਿਚ ਸੀ.ਬੀ.ਆਈ. ਨੇ ਸੱਜਣ ਕੁਮਾਰ ਅਤੇ ਹੋਰ ਦੋਸ਼ੀਆਂ ਵਿਰੁਧ 2010 'ਚ ਦੋਸ਼ ਪੱਤਰ ਦਾਇਰ ਕੀਤੇ ਸਨ।

ਅਦਾਲਤ ਦੇ ਇਸ ਫੈਸਲੇ ਨੇ ਭਾਰਤੀ ਨਿਆਂ ਪ੍ਰਣਾਲੀ ਹੀ ਨਹੀਂ, ਸਮੁੱਚੇ ਢਾਂਚੇ ਉਤੇ ਹੀ ਵੱਡਾ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਪਹਿਲਾਂ ਜਾਂਚ ਪ੍ਰਬੰਧ ਅਤੇ ਫਿਰ ਅਦਾਲਤ ਨੇ ਕਤਲੇਆਮ ਦੇ ਕੇਸਾਂ ਵਿਚ ਲੋੜ ਤੋਂ ਵੱਧ ਦੇਰ ਲਾਈ। ਉਪਰੋਂ ਮੀਡੀਆ, ਜਿਸ ਨੇ ਇਸ ਪ੍ਰਸੰਗ ਵਿਚ ਨਿਰਪੱਖ ਰਹਿ ਕੇ ਆਪਣਾ ਬਣਦਾ ਰੋਲ ਨਿਭਾਉਣਾ ਹੁੰਦਾ ਹੈ, ਬਹੁਤੀ ਵਾਰ ਇਕ-ਪਾਸੜ ਹੀ ਰਿਹਾ। ਕਈ ਕੇਸ ਅਜਿਹੇ ਹਨ ਜਿਨ੍ਹਾਂ ਵਿਚ ਮੀਡੀਆ ਦੀ ਪੇਸ਼ਕਦਮੀ ਕਾਰਨ ਪ੍ਰਸ਼ਾਸਨ ਅਤੇ ਅਦਾਲਤਾਂ ਨੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹੇ ਕੀਤਾ ਅਤੇ ਉਨ੍ਹਾਂ ਨੂੰ ਬਾਕਾਇਦਾ ਸਜ਼ਾਵਾਂ ਵੀ ਹੋਈਆਂ। ਕਟਾਰਾ ਕਤਲ ਕੇਸ ਤੇ ਜੈਸਿਕਾ ਲਾਲ ਕਤਲ ਕੇਸ ਇਸ ਦੀਆਂ ਉਘੀਆਂ ਮਿਸਾਲਾਂ ਹਨ। ਇਨ੍ਹਾਂ ਦੋਹਾਂ ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾ ਮੀਡੀਆ ਦੀ ਪਹਿਲ ਕਰ ਕੇ ਮਿਲੀ; ਅਦਾਲਤ ਨੇ ਤਾਂ ਇਨ੍ਹਾਂ ਦੋਸ਼ੀਆਂ ਨੂੰ ਬਰੀ ਕਰ ਹੀ ਦਿੱਤਾ ਸੀ। ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਕੇਸਾਂ ਦੇ ਦੋਸ਼ੀਆਂ ਦਾ ਪਿਛੋਕੜ ਸਿਆਸਤ ਨਾਲ ਜੁੜਿਆ ਹੋਇਆ ਹੈ ਤੇ ਇਨ੍ਹਾਂ ਨੇ ਆਪਣਾ ਸਿਆਸੀ ਅਸਰ ਰਸੂਖ ਵਰਤਿਆ ਤੇ ਬਰੀ ਹੋ ਗਏ ਸਨ। ਇਹੀ ਉਹ ਸਵਾਲ ਹੈ ਕਿ ਜੋ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਸੱਜਣ ਕੁਮਾਰ ਵਾਲੇ ਕੇਸ ਦਾ ਪਿਛੋਕੜ ਵੀ ਇਹੀ ਹੈ। ਇਸ ਕੇਸ ਦੇ ਪੀੜਤਾਂ ਨੇ ਭਾਵੇਂ ਹਾਈ ਕੋਰਟ ਜਾਣ ਦਾ ਫੈਸਲਾ ਕੀਤਾ ਹੈ ਅਤੇ ਕੁਝ ਸਿੱਖ ਜਥੇਬੰਦੀਆਂ ਨੇ ਵੀ ਅਜਿਹੇ ਐਲਾਨ ਕੀਤੇ ਹਨ, ਪਰ ਹਾਈ ਕੋਰਟ ਵਿਚ ਵੀ ਤਾਂ ਜਿਰ੍ਹਾ ਦਾ ਆਧਾਰ ਇਸ ਕੇਸ ਵਿਚ ਪੇਸ਼ ਸਬੂਤ ਹੀ ਬਣਨੇ ਹਨ। ਅਦਾਲਤ ਨੇ ਉਸੇ ਮੁਤਾਬਕ ਫਿਰ ਫੈਸਲਾ ਸੁਣਾ ਦੇਣਾ ਹੈ। ਕੀ ਦੋਸ਼ੀ ਇਸੇ ਤਰ੍ਹਾਂ ਬਚਦੇ ਰਹਿਣਗੇ? ਅਸਲ ਵਿਚ ਇਨ੍ਹਾਂ ਕੇਸਾਂ ਵਿਚ ਸਿਆਸਤ ਵੀ ਰੱਜ ਕੇ ਹੋਈ ਹੈ। ਇਸ ਦੀ ਤਾਜ਼ਾ ਮਿਸਾਲ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲੇ ਦੌਰਾਨ ਮਾਰੇ ਗਏ ਲੋਕਾਂ ਨਮਿਤ ਬਣਾਈ ਗਈ ਯਾਦਗਾਰ ਹੈ। ਇਹ ਯਾਦਗਾਰ ਤਿੰਨ ਦਹਾਕਿਆਂ ਬਾਅਦ ਹੋਂਦ ਵਿਚ ਆਈ ਹੈ ਅਤੇ ਤਿਆਰ ਹੁੰਦੇ ਸਾਰ ਹੀ ਵਿਵਾਦਾਂ ਵਿਚ ਘਿਰ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕੁਝ ਹੋਰ ਧਿਰਾਂ ਵਿਚਕਾਰ ਪੈਦਾ ਹੋਇਆ ਵਿਵਾਦ ਇਸੇ ਸਿਆਸਤ ਦਾ ਸਿੱਟਾ ਹੈ। ਇਸ ਮੋੜ ਉਤੇ ਪੁੱਜ ਕੇ ਹੁਣ ਇਹ ਜ਼ਰੂਰੀ ਜਾਪ ਰਿਹਾ ਹੈ ਕਿ ਸਿਆਸਤ, ਖਾਸ ਕਰ ਸੱਤਾ ਨਾਲ ਜੁੜੀ ਸਿਆਸਤ ਬਾਰੇ ਡੂੰਘੀ ਘੋਖ ਕੀਤੀ ਜਾਵੇ। ਸਿੱਖਾਂ ਨਾਲ ਹੋਈਆਂ ਵਧੀਕੀਆਂ ਲਈ ਕੇਂਦਰ ਦੀ ਕਾਂਗਰਸ ਅਤੇ ਪੰਜਾਬ ਵਿਚ ਬਾਦਲਕਿਆਂ ਵਾਲਾ ਅਕਾਲੀ ਦਲ ਜ਼ਿੰਮੇਵਾਰ ਬਣਦੇ ਹਨ। ਅਕਾਲੀ ਦਲ ਦੀ ਜੋਟੀਦਾਰ ਭਾਰਤੀ ਜਨਤਾ ਪਾਰਟੀ ਨੇ 2002 ਵਿਚ ਗੁਜਰਾਤ 'ਚ ਉਹੀ ਕੁਝ ਕੀਤਾ ਜੋ ਕਾਂਗਰਸ ਨੇ ਦਿੱਲੀ ਵਿਚ ਕੀਤਾ ਸੀ। ਜ਼ਾਹਿਰ ਹੈ ਕਿ ਇਸ ਮਸਲੇ ਦੀਆਂ ਜੜ੍ਹਾਂ, ਖਾਸ ਧਿਰਾਂ ਨਾਲ ਲਗਾਤਾਰ ਹੋ ਰਹੇ ਅਨਿਆਂ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਮਸਲਾ ਇਨ੍ਹਾਂ ਖਾਸ ਧਿਰਾਂ ਦੀ ਸਿਆਸਤ ਨੂੰ ਸਮਝਣ ਅਤੇ ਇਸ ਦੇ ਖਿਲਾਫ ਇਕਮੁੱਠ ਮੁਹਿੰਮ ਚਲਾਉਣ ਦਾ ਹੈ। ਇਸ ਮੁਹਿੰਮ ਵਿਚ ਜਿੰਨੀਆਂ ਵੀ ਪੀੜਤ ਧਿਰਾਂ ਸ਼ਾਮਲ ਹੋ ਸਕਣ, ਉਤਨੀਆਂ ਹੀ ਘੱਟ ਹਨ। ਮੋਕਲੀ ਲੜਾਈ ਹੀ ਅਜਿਹੇ ਅਨਿਆਂ ਦਾ ਜਵਾਬ ਹੋ ਸਕਦੀ ਹੈ, ਨਹੀਂ ਤਾਂ ਹੁਣ ਤੱਕ ਅਸੀਂ ਇਕੱਲੇ ਇਕੱਲੇ ਲੜ ਕੇ ਦੇਖ ਹੀ ਲਿਆ ਹੈ। ਨਿਆਂ ਦੀ ਬੇੜੀ ਇਕਮੁੱਠ ਹੋ ਕੇ ਅਤੇ ਚਲਾਕ ਸਿਆਸੀ ਆਗੂਆਂ ਨੂੰ ਲਾਂਭੇ ਕਰ ਕੇ ਹੀ ਪਾਰ ਲੰਘਣੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੇ ਸੱਚਾਈਆਂ

ਭਰਦਾ ਨਹੀਂ ਖਜ਼ਾਨਾ ਉਹ ਰਹੇ ਊਣਾ, ਪੈਂਦੀ ਰਹੇ ਰੋਜ਼ਾਨਾ ਹੀ ਭੋਰ ਜੇਕਰ।
ਹੌਲ ਪੈਂਦੇ ਨੇ ਦੇਖ ਕੇ ਮਾਪਿਆਂ ਦੇ, ਤੁਰੇ ਪੁੱਤ ਬਦਮਾਸ਼ਾਂ ਦੀ ਤੋਰ ਜੇਕਰ।
ਉਹਦਾ ਰੱਬ ਵੀ ਵਾਲੀ ਨਹੀਂ ਬਣਨ ਲੱਗਾ, ਆਗੂ ਹੋਣ ਜਿਸ ਕੌਮ ਦੇ ਚੋਰ ਜੇਕਰ।
ਰਾਹ ਲੱਭੇ ਨਾ ਭੱਜਦਿਆਂ ਦੁਸ਼ਮਣਾਂ ਨੂੰ, ਮਿੱਤਰ ਖੜ੍ਹ ਗਏ ਹਿੱਕ ਨੂੰ ਠੋਰ ਜੇਕਰ।
ਸੰਘ ਪਾੜਦਾ ਸਮਝ ਲਉ ਗੌਣ ਵਾਲਾ, ਸੁਣਨ ਵਾਲੇ ਨੂੰ ਆਏ ਨਾ ਲੋਰ ਜੇਕਰ।
ਰਹਿ ਜਾਂਦਾ ਏ ਮਜ਼ਾ ਕੀ ਜ਼ਿੰਦਗੀ ਦਾ? ਜਾਵੇ ਟੁੱਟ ਹੀ ਆਸ ਦੀ ਡੋਰ ਜੇਕਰ!

# ਸ਼ਿਕਾਗੋ ਦੇ ਸ਼ਹੀਦਾਂ ਨੂੰ ਸਲਾਮੀ

***ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਦੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ 'ਯੂ.ਐਸ. ਕਮਿਊਨਿਸਟ ਪਾਰਟੀ' ਨੇ ਅਮਰੀਕਾ ਦੀ ਕਿਰਤੀ ਕਲਾਸ ਨੂੰ ਮਈ ਦਿਵਸ ਦੀ ਵਧਾਈ ਦਿੰਦਿਆਂ ਆਖਿਆ ਕਿ ਸੈਨੇਟ ਵਿਚ ਇੰਮੀਗ੍ਰੇਸ਼ਨ ਦਾ ਜਿਹੜਾ ਨਵਾਂ ਬਿੱਲ ਵਿਚਾਰਿਆ ਜਾ ਰਿਹਾ ਹੈ, ਉਸ ਨਾਲ ਅਮਰੀਕੀ ਕਮਿਊਨਿਸਟ ਪਾਰਟੀ ਅਤੇ ਕਈ ਹੋਰ ਭਰਾਤਰੀ ਪਾਰਟੀਆਂ ਖੁਸ਼ ਨਹੀਂ ਹਨ। ਉਹ ਮੰਗ ਕਰਦੇ ਹਨ ਕਿ ਇਸ ਵਕਤ ਜਿਨ੍ਹਾਂ ਗਿਆਰਾਂ ਮਿਲੀਅਨ ਲੋਕਾਂ ਕੋਲ ਇੰਮੀਗ੍ਰੇਸ਼ਨ ਨਹੀਂ, ਉਨ੍ਹਾਂ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨ ਦਾ ਰਸਤਾ ਪੱਧਰਾ ਕੀਤਾ ਜਾਵੇ ਅਤੇ ਲੰਬੇ ਸਮੇਂ ਤੋਂ ਆਪਣੇ ਪਰਿਵਾਰਾਂ ਤੋਂ ਵੱਖ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਦੇ ਟੱਬਰਾਂ ਨੂੰ ਇਕੱਠੇ ਕਰਨ ਦਾ ਫੌਰੀ ਕਦਮ ਚੁੱਕਿਆ ਜਾਵੇ।***

ਪਹਿਲੀ ਮਈ ਕਾਮਿਆਂ ਦਾ ਕੌਮਾਂਤਰੀ ਦਿਵਸ ਹੈ। ਅੱਸੀ ਦੇਸ਼ਾਂ ਵਿਚ ਇਹ ਕੌਮੀ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇੰਨੇ ਕੁ ਹੋਰ ਦੇਸ਼ਾਂ ਵਿਚ ਵੀ ਇਹ ਦਿਨ ਮਨਾਇਆ ਜਾਂਦਾ ਹੈ, ਭਾਵੇਂ ਉਥੇ ਇਸ ਨੂੰ ਤਿਉਹਾਰ ਵਜੋਂ ਮਾਨਤਾ ਨਹੀਂ ਮਿਲੀ ਹੋਈ। ਇਹ ਦਿਨ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਅੱਠ ਘੰਟਿਆਂ ਦੀ ਕੰਮ-ਦਿਹਾੜੀ ਬਣਾਉਣ ਖਾਤਿਰ ਹੜਤਾਲ ਕਰ ਰਹੇ ਕਾਮਿਆਂ 'ਤੇ ਪੁਲਿਸ ਵਲੋਂ ਚਲਾਈ ਗਈ ਗੋਲੀ ਨਾਲ ਸ਼ਹੀਦ ਹੋਏ ਕਾਮਿਆਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਅੱਠ ਘੰਟਿਆਂ ਦੀ ਦਿਹਾੜੀ ਬਣਾਉਣ ਦੀ ਮੰਗ ਕਰ ਰਹੇ ਮਜ਼ਦੂਰਾਂ ਵਿਚ ਇਕ ਔਰਤ ਦੁੱਧ ਚੁੰਘਦੇ ਬਾਲ ਨੂੰ ਕੁੱਛੜ ਚੁੱਕ ਕੇ ਹੜਤਾਲੀ ਮੁਜ਼ਾਹਰੇ ਵਿਚ

**ਹਰਜਿੰਦਰ ਦੁਸਾਂਝ**

ਸ਼ਾਮਿਲ ਸੀ। ਪੁਲਿਸ ਦੀ ਗੋਲੀ ਲਗਣ 'ਤੇ ਉਸ ਵੀਰਾਂਗਣ ਮਾਂ ਨੇ ਆਪਣੇ ਸਿਰ ਉਤੇ ਸ਼ਾਂਤੀ ਦਾ ਪ੍ਰਤੀਕ ਚਿੱਟੇ ਰੰਗ ਦਾ ਬੰਨ੍ਹਿਆ ਦੁਪੱਟਾ (ਸਕਾਰਫ਼) ਆਪਣੇ ਬੱਚੇ ਦੇ ਜ਼ਖ਼ਮਾਂ ਨੂੰ ਬੰਨ੍ਹਣ ਲਈ ਵਰਤਿਆ। ਬਾਅਦ ਵਿਚ ਉਸ ਸ਼ਹੀਦ ਬੱਚੇ ਦੇ ਲਹੂ ਵਿਚ ਰੰਗਿਆ ਮਾਂ ਦਾ ਸਕਾਰਫ਼ ਦੁਨੀਆਂ ਭਰ ਦੇ ਮਿਹਨਤਕਸ਼ ਲੋਕਾਂ ਦਾ ਪਰਚਮ ਬਣ ਗਿਆ, ਪਰ ਅਮਰੀਕਾ ਵਿਚ ਇਸ ਦਿਨ ਨੂੰ ਉਪੱਦਰੀਆਂ ਦਾ ਦਿਨ ਸਮਝਿਆ ਜਾਂਦਾ ਹੈ। ਇਹ ਭਾਣਾ ਪਹਿਲੀ ਮਈ 1886 ਨੂੰ ਵਾਪਰਿਆ ਸੀ। ਉਸ ਵਕਤ ਦੀਆਂ ਅਦਾਲਤੀ ਰਿਪੋਰਟਾਂ, ਸਰਕਾਰੀ ਪੱਖ ਅਤੇ ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਤੇ ਹੈ, ਕਿ ਇਸ ਦਿਨ ਕੁਝ ਕਮਿਊਨਿਸਟ ਉਪੱਦਰੀਆਂ ਵੱਲੋਂ ਉਪੱਦਰ ਮਚਾਇਆ ਗਿਆ ਸੀ। ਇਸ ਕਰ ਕੇ ਪੁਲਿਸ ਨੂੰ ਗੋਲੀ ਚਲਾਉਣੀ ਪਈ ਸੀ। ਅਸਲ ਵਿਚ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਮਜ਼ਦੂਰਾਂ ਵਾਲੇ ਪਾਸੇ ਤੋਂ ਕੁਝ ਅਗਿਆਤ ਬੰਦਿਆਂ ਨੇ ਪੁਲਿਸ ਵੱਲ ਕੁਝ ਬੰਬ (ਗ੍ਰਨੇਡ) ਸੁੱਟ ਦਿੱਤੇ ਸਨ ਜਿਸ ਕਾਰਨ ਸ਼ਾਂਤੀ ਬਣਾਈ ਰੱਖਣ ਅਤੇ ਮਿੱਲਾਂ ਦੀ ਹਿਫ਼ਾਜ਼ਤ ਲਈ ਡਿਊਟੀ ਕਰ ਰਹੇ ਪੁਲਿਸ ਵਾਲੇ ਸ਼ਹੀਦ ਹੋ ਗਏ ਸਨ। ਇਸ ਕਾਰਨ ਪੁਲਿਸ ਨੇ ਭੜਕਾਹਟ ਵਿਚ ਆ ਕੇ ਮੁਜ਼ਾਹਰਾਕਾਰੀ ਮਜ਼ਦੂਰਾਂ 'ਤੇ ਅੰਨ੍ਹੇਵਾਹ ਫ਼ਾਇਰਿੰਗ ਕਰ ਦਿੱਤੀ। ਬਾਅਦ ਵਿਚ ਬੰਬ ਸੁੱਟਣ ਦਾ ਦੋਸ਼ ਕੁਝ ਮਜ਼ਦੂਰ ਕਾਮਿਆਂ 'ਤੇ ਲੱਗਾ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਸ਼ਹੀਦ ਹੋਏ ਪੁਲਿਸ ਮੁਲਾਜ਼ਮਾਂ ਦੇ ਹੇਅ ਮਾਰਕੀਟ ਵਿਚ ਬੁੱਤ ਲਾਏ ਗਏ। ਇਨ੍ਹਾਂ ਬੁੱਤਾਂ ਦੀ ਲੋਕ ਅਕਸਰ ਬੇਅਦਬੀ ਕਰ ਜਾਂਦੇ ਜਿਸ ਕਾਰਨ ਰਾਸ਼ਟਰਪਤੀ ਬਿਲ ਕਲਿੰਟਨ ਨੇ ਇਹ ਬੁੱਤ ਹੇਅ ਮਾਰਕੀਟ ਵਿਚੋਂ ਹਟਵਾ ਕੇ ਨੇੜੇ ਦੇ ਪੁਲਿਸ ਸਟੇਸ਼ਨ ਵਿਚ ਲਗਵਾ ਦਿੱਤੇ ਸਨ। ਅਮਰੀਕਾ ਵਿਚ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੁਕਾਬਲੇ ਸਤੰਬਰ ਦੇ ਪਹਿਲੇ ਐਤਵਾਰ ਨੂੰ 'ਲੇਬਰ ਡੇਅ' ਐਲਾਨ ਕੀਤਾ ਹੋਇਆ ਹੈ ਤੇ ਇਸ ਦਿਨ ਨੂੰ ਕੌਮੀ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਫ਼ਿਰ ਵੀ ਮਈ ਦਿਵਸ ਮੌਕੇ ਸ਼ਿਕਾਗੋ ਦੀ ਹੇਅ ਮਾਰਕੀਟ ਸਮੇਤ ਦੇਸ਼ ਦੇ ਤਮਾਮ ਸ਼ਹਿਰਾਂ ਵਿਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਅਕੀਦਤ ਦੇ ਫ਼ੁੱਲ ਭੇਟ ਕੀਤੇ ਜਾਂਦੇ ਹਨ ਅਤੇ ਮਈ ਦਿਵਸ ਪਰੇਡ ਕੀਤੀ ਜਾਂਦੀ ਹੈ।

ਐਤਕੀਂ ਦਾ ਮਈ ਦਿਵਸ ਅਮਰੀਕੀ ਸਮਾਜ ਅਤੇ ਸਰਕਾਰ ਲਈ ਅਸਲੋਂ ਵੱਖਰਾ ਤੇ ਮਹੱਤਵਪੂਰਨ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਦੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ 'ਯੂ.ਐਸ. ਕਮਿਊਨਿਸਟ ਪਾਰਟੀ' ਨੇ ਅਮਰੀਕਾ ਦੀ ਕਿਰਤੀ ਜਮਾਤ ਨੂੰ ਮਈ ਦਿਵਸ ਦੀ ਵਧਾਈ ਦਿੰਦਿਆਂ ਆਖਿਆ ਹੈ ਕਿ ਸੈਨੇਟ ਵਿਚ ਇੰਮੀਗ੍ਰੇਸ਼ਨ ਦਾ ਜਿਹੜਾ ਨਵਾਂ ਬਿੱਲ ਵਿਚਾਰਿਆ ਜਾ ਰਿਹਾ ਹੈ, ਉਸ ਨਾਲ ਅਮਰੀਕੀ ਕਮਿਊਨਿਸਟ ਪਾਰਟੀ ਅਤੇ ਕਈ ਹੋਰ ਭਰਾਤਰੀ ਪਾਰਟੀਆਂ ਖੁਸ਼ ਨਹੀਂ ਹਨ। ਉਹ ਮੰਗ ਕਰਦੇ ਹਨ ਕਿ ਇਸ ਵਕਤ ਜਿਨ੍ਹਾਂ 1.10 ਕਰੋੜ ਲੋਕਾਂ ਕੋਲ ਇੰਮੀਗ੍ਰੇਸ਼ਨ ਨਹੀਂ, ਉਨ੍ਹਾਂ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨ ਦਾ ਰਸਤਾ ਪੱਧਰਾ ਕੀਤਾ ਜਾਵੇ ਅਤੇ ਲੰਬੇ ਸਮੇਂ ਤੋਂ ਆਪਣੇ ਪਰਿਵਾਰਾਂ ਤੋਂ ਵੱਖ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਦੇ ਟੱਬਰਾਂ ਨੂੰ ਇਕੱਠੇ ਕਰਨ ਦਾ ਫੌਰੀ ਕਦਮ ਚੁੱਕਿਆ ਜਾਵੇ। ਕੱਚੇ ਪਰਵਾਸੀਆਂ ਨੂੰ ਪੱਕੇ ਕਰਨ ਦੀ ਮੰਗ ਕਰਦਿਆਂ ਕਾਮਿਊਨਿਸਟ ਪਾਰਟੀ ਨੇ ਬਾਹਰੋਂ ਅਸਥਾਈ ਮਜ਼ਦੂਰ (ਗੈਸਟ ਲੇਬਰ) ਮੰਗਵਾਉਣ ਦਾ ਵਿਰੋਧ ਕੀਤਾ ਹੈ। ਇਸ ਬਾਰੇ ਪਾਰਟੀ ਦਾ ਖਿਆਲ ਹੈ ਕਿ ਗੈਸਟ ਲੇਬਰ ਕੰਮ ਨਾ-ਪਸੰਦ ਹੋਣ ਦੀ ਸੂਰਤ ਵਿਚ ਨਾ ਤਾਂ ਕੰਮ ਬਦਲ ਸਕਦੀ ਹੈ ਤੇ ਨਾ ਹੀ ਘੱਟੋ-ਘੱਟ ਉਜਰਤ ਤੋਂ ਵੱਧ ਮਿਹਨਤਾਨਾ ਮੰਗ ਸਕਦੀ ਹੈ। ਮਜਬੂਰੀਵੱਸ ਉਨ੍ਹਾਂ ਨੂੰ ਘੱਟ ਵੇਤਨ ਅਤੇ ਮਾੜੇ ਹਾਲਾਤ ਵਿਚ ਕੰਮ ਕਰਨਾ ਪੈ ਸਕਦਾ ਹੈ ਜਿਹੜਾ ਮਜ਼ਦੂਰਾਂ ਦਾ ਸ਼ੋਸ਼ਣ ਹੋਵੇਗਾ। ਪਰਵਾਸ ਸਬੰਧੀ ਕਮਿਊਨਿਸਟ ਪਾਰਟੀ ਦੇ ਇਨ੍ਹਾਂ ਮੰਗਾਂ ਵਾਲੇ ਯਾਦ-ਪੱਤਰ ਦੀ ਦੂਜੀਆਂ ਸਮਾਜਵਾਦੀ ਪਾਰਟੀਆਂ, ਡੈਮੋਕ੍ਰੇਟਿਕ ਸੋਸ਼ਲਿਸਟ ਆਫ਼ ਅਮਰੀਕਾ, ਫ਼ਰੀਡਮ ਰੋਡ ਸੋਸ਼ਲਿਸਟ ਆਰਗੇਨਾਈਜੇਸ਼ਨ, ਫ਼ਰੀਡਮ ਸੋਸ਼ਲਿਸਟ ਪਾਰਟੀ, ਇੰਟਰਨੈਸ਼ਨਲ ਸੋਸ਼ਲਿਸਟ ਆਰਗੇਨਾਈਜੇਸ਼ਨ, ਇੰਟਰਨੈਸ਼ਨਲ ਸੋਸ਼ਲਿਸਟ, ਪਾਰਟੀ ਆਫ਼ ਸੋਸ਼ਲਿਸਟ ਐਂਡ ਲਿਬਰਟੀਜ਼, ਰੈਵੋਲਿਊਸ਼ਨਰੀ



ਕਮਿਊਨਿਸਟ ਪਾਰਟੀ, ਸੋਸ਼ਲਿਸਟ ਐਕਸ਼ਨ, ਸੋਸ਼ਲਿਸਟ ਅਲਟਰਨੇਟਿਵ, ਸੋਸ਼ਲਿਸਟ ਇਕੁਐਲਿਟੀ ਪਾਰਟੀ, ਸੋਸ਼ਲਿਸਟ ਪਾਰਟੀ ਯੂ.ਐਸ.ਏ., ਸੋਸ਼ਲਿਸਟ ਵਰਕਰਜ਼ ਪਾਰਟੀ, ਵਰਕਰਜ਼ ਵਰਲਡ ਪਾਰਟੀ ਅਤੇ ਵਰਲਡ ਸੋਸ਼ਲਿਸਟ ਪਾਰਟੀ ਆਫ਼ ਯੂ.ਐਸ.ਏ. ਦੀ ਵੀ ਹਮਾਇਤ ਹਾਸਲ ਹੈ।

ਵੱਖੋ-ਵੱਖਰੀ ਕਿਸਮ ਦੀਆਂ ਸਮਾਜਵਾਦੀ ਪਾਰਟੀਆਂ ਦੇ ਨੇੜੇ ਹੋਣ ਨੂੰ ਅਮਰੀਕੀ ਰਾਜਨੀਤੀ ਵਿਚ ਤਿੱਖਾ ਮੋੜ ਸਮਝਿਆ ਜਾਣ ਲੱਗਾ ਹੈ। ਮਈ ਦਿਵਸ ਦੇ ਸਬੰਧ ਵਿਚ ਸਮਾਜਵਾਦੀ ਪਾਰਟੀਆਂ ਅਤੇ ਹੋਰ ਸਭਾਵਾਂ ਵੱਲੋਂ ਪਿਛਲੇ ਸਾਲ 16 ਅਕਤੂਬਰ 2012 ਨੂੰ 'ਆਕਿਊਪਾਈ ਮੂਵਮੈਂਟ' ਨੂੰ ਡੀ. ਮੋਇਨੀ (ਇਓਵਾ) ਵਿਖੇ ਕੌਮਾਂਤਰੀ ਵਿਖੇ ਕੌਮਾਂਤਰੀ ਫੂਡ ਐਵਾਰਡ ਮਿਲਣ ਨੂੰ ਸਮਾਜਵਾਦੀ ਵਿਚਾਰਧਾਰਾ ਦੀ ਜਿੱਤ ਕਰਾਰ ਦਿੱਤਾ ਗਿਆ। ਯਾਦ ਰਹੇ ਕਿ ਪਿਛਲੇ ਸਾਲ ਖੇਤੀ ਤੇ ਖੁਰਾਕ ਨਾਲ ਸਬੰਧਤ ਕੌਮਾਂਤਰੀ ਜਥੇਬੰਦੀ ਰਾਕਫ਼ਿਲਰ ਵੱਲੋਂ ਆਕਿਊਪਾਈ ਮੂਵਮੈਂਟ ਨੂੰ ਕੌਮਾਂਤਰੀ ਫੂਡ ਸਨਮਾਨ ਦਿੱਤਾ ਗਿਆ ਸੀ; ਕਿਉਂਕਿ ਆਕਿਊਪਾਈ ਮੂਵਮੈਂਟ ਦੇ ਕਾਰਕੁਨਾਂ ਵੱਲੋਂ ਦੁਨੀਆਂ ਭਰ ਵਿਚੋਂ ਭੁੱਖਮਰੀ ਮਿਟਾਉਣ ਲਈ ਜਿਹੜੇ ਸੁਝਾਅ ਦਿੱਤੇ ਗਏ ਸਨ, ਉਹ ਸੁੱਚਮੁੱਚ ਹੀ ਕਾਰਗਰ ਹਨ, ਬਸ਼ਰਤੇ ਕਿ ਵੱਖੋ-ਵੱਖਰੇ ਦੇਸ਼ਾਂ ਦੀਆਂ ਸਰਕਾਰਾਂ ਇਨ੍ਹਾਂ 'ਤੇ ਇਮਾਨਦਾਰੀ ਨਾਲ ਅਮਲ ਕਰਨ। ਕਮਿਊਨਿਸਟ ਪਾਰਟੀ ਯੂ.ਐਸ. ਦੇ ਹਫ਼ਤਾਵਰੀ ਅਖ਼ਬਾਰ 'ਪੀਪਲਜ਼ ਵਾਇਸ' ਵਿਚ ਮਈ ਦਿਵਸ ਮੌਕੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਅਪੀਲ ਕੀਤੀ ਗਈ ਹੈ ਕਿ ਆਕਿਊਪਾਈ ਮੂਵਮੈਂਟ ਸਮੇਤ ਤਮਾਮ ਅਦਾਰੇ ਤੇ ਜਥੇਬੰਦੀਆਂ ਮਈ ਦਿਵਸ ਮਨਾਉਂਦਿਆਂ ਤੇ ਪਰੇਡ ਕੱਢਦਿਆਂ ਸੰਜਮ ਤੋਂ ਕੰਮ ਲੈਣ। ਹਰ ਪ੍ਰਦਰਸ਼ਨ ਤੇ ਹਰ ਮੂਵਮੈਂਟ ਸ਼ਾਂਤਮਈ ਹੋਣੀ ਚਾਹੀਦੀ ਹੈ। ਕਿਧਰੇ ਵੀ ਭੜਕਾਹਟ ਨਾ ਕੀਤੀ ਜਾਵੇ ਤੇ ਨਾ ਹੀ ਕਾਨੂੰਨ ਨੂੰ ਹੱਥ ਵਿਚ ਲਿਆ ਜਾਵੇ।

ਬੀਤੇ 26 ਅਪਰੈਲ ਦੇ ਦਿਨ ਵਾਸ਼ਿੰਗਟਨ ਡੀ.ਸੀ. ਵਿਚ ਕੰਮ ਕਰਦੇ ਪੱਤਰਕਾਰਾਂ ਦਾ ਸਾਲਾਨਾ ਡਿਨਰ ਸੀ ਜਿਸ ਵਿਚ ਦੇਸ਼ ਦੇ ਨਾਮੀ ਪੱਤਰਕਾਰ, ਬੁੱਧੀਜੀਵੀ ਅਤੇ ਕਈ ਸੈਨੇਟਰਾਂ ਤੇ ਕਾਂਗਰਸਮੈਨਾਂ ਸਮੇਤ ਰਾਜਸੀ ਆਗੂ ਪੁੱਜੇ ਹੋਏ ਸਨ। ਇਸ ਵਾਰ ਦੇ ਸਾਲਾਨਾ ਡਿਨਰ ਦੌਰਾਨ ਵੀ ਵੱਡਾ ਵਿਸ਼ਾ 'ਮਈ ਦਿਵਸ' ਦਾ ਹੀ ਸੀ। ਸਮੁੱਚੇ ਸਮਾਗਮ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮਈ ਦਿਵਸ ਦਾ ਭਾਵੇਂ ਕਮਿਊਨਿਸਟ ਲਹਿਰ ਨਾਲ ਨੇੜੇ ਦਾ ਰਿਸ਼ਤਾ ਹੈ, ਪਰ ਮਈ ਦਿਵਸ ਕੇਵਲ ਕਮਿਊਨਿਸਟਾਂ ਦਾ ਨਹੀਂ; ਇਹ ਸਭ ਵਿਚਾਰਾਂ ਦੇ ਕਾਮਿਆਂ ਦਾ ਸਾਂਝਾ ਦਿਹਾੜਾ ਹੈ। ਸ਼ਿਕਾਗੋ ਦੇ ਸ਼ਹੀਦਾਂ ਨੇ ਕਿਸੇ ਖਾਸ ਵਿਚਾਰਧਾਰਾ, ਮਜ਼ਹਬ ਜਾਂ ਕਿਸੇ ਸੱਭਿਆਚਾਰ ਦੀ ਰਾਖੀ ਲਈ ਸ਼ਹਾਦਤ ਨਹੀਂ ਦਿੱਤੀ ਸੀ; ਸਗੋਂ ਉਹ ਤਾਂ ਦੁਨੀਆਂ ਭਰ ਦੇ ਕਾਮਿਆਂ ਲਈ ਕੰਮ ਦੀ ਸ਼ਿਫ਼ਟ ਅੱਠ ਘੰਟੇ ਲਈ ਨਿਸ਼ਚਤ ਲਈ ਸ਼ਹੀਦ ਹੋਏ ਸਨ। ਇੱਥੇ ਇਹ ਗੱਲ ਵੀ ਉਭਰੀ ਕਿ ਮਈ ਦਿਵਸ ਦੇ ਇਤਿਹਾਸ ਅਤੇ ਇਸ ਨਾਲ ਸਬੰਧਤ ਕੇਸਾਂ ਬਾਰੇ ਨਵੇਂ ਸਿਰੇ ਤੋਂ ਜਾਂਚ ਪੜਤਾਲ ਤੇ ਖੋਜ ਹੋਵੇ। ਇਸੇ ਸਮਾਗਮ ਵਿਚ ਪਤਾ ਲੱਗਾ ਕਿ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਨਵੇਂ ਸਿਰੇ ਤੋਂ ਖੋਜ ਕਰਨ ਅਤੇ ਇਸ ਦਾ ਇਤਿਹਾਸ ਦੂਜੇ ਪੱਖਾਂ ਤੋਂ ਵੀ ਪੜ੍ਹਾਉਣਾ ਚਾਹੁੰਦੀਆਂ ਹਨ। ਬੁੱਧੀਜੀਵੀਆਂ, ਵਿਦਿਆਰਥੀਆਂ ਅਤੇ ਆਮ ਲੋਕਾਂ ਦੀ ਮੰਗ 'ਤੇ ਗੌਰ ਕਰਦਿਆਂ ਦਰਜਨ ਦੇ ਕਰੀਬ ਯੂਨੀਵਰਸਿਟੀਆਂ ਨੇ ਇਸ ਕਾਰਜ ਲਈ ਵਿਸ਼ੇਸ਼ ਫੰਡ ਮੁਹੱਈਆ ਕਰਵਾ ਦਿੱਤਾ ਹੈ। ਇਸੇ ਦੌਰਾਨ ਕਮਿਊਨਿਸਟ ਪਾਰਟੀ ਦੇ ਹਫ਼ਤਾਵਾਦੀ ਅਖ਼ਬਾਰ 'ਪੀਪਲਜ਼ ਵਾਇਸ' ਦੇ ਤਾਜ਼ਾ ਅੰਕ ਵਿਚ ਪ੍ਰਕਾਸ਼ਿਤ ਲੇਖਾਂ ਵਿਚ ਦੱਸਿਆ ਗਿਆ ਕਿ ਖੱਬੀਆਂ ਧਿਰਾਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਸਿਟੀਜ਼ਨਸ਼ਿਪ ਦੇਣ ਦੇ ਹੱਕ ਵਿਚ ਇਸ ਲਈ ਹਨ, ਕਿ ਉਹ ਸਮਝਦੇ ਹਨ ਕਿ ਜਦੋਂ ਤੱਕ ਗੈਰ-ਕਾਨੂੰਨੀ ਪਰਵਾਸੀਆਂ ਨੂੰ ਨਾਗਰਿਕਤਾ ਨਹੀਂ ਮਿਲ ਜਾਂਦੀ, ਉਨ੍ਹਾਂ ਦਾ ਸ਼ੋਸ਼ਣ ਹੋਣ ਦਾ ਡਰ ਬਣਿਆ ਰਹੇਗਾ। ਇਸ ਅੰਕ ਵਿਚ ਸੋਵੀਅਤ ਸੰਘ ਦੇ ਸਾਬਕਾ ਨੇਤਾ ਜੋਸਫ ਸਟਾਲਿਨ ਦੀ ਵੀ ਬਹੁਤ ਆਲੋਚਨਾ ਕੀਤੀ ਗਈ ਹੈ। ਅਖ਼ਬਾਰ ਨੇ ਮਈ ਦਿਵਸ ਸਬੰਧੀ ਐਡੀਟੋਰੀਅਲ ਵਿਚ ਲਿਖਿਆ ਹੈ ਕਿ 'ਸਮਾਜਵਾਦ ਦੀ ਸਲਾਮਤੀ ਅਤੇ ਕਿਰਤੀ ਵਰਗ ਦੀ ਬਿਹਤਰੀ ਦੇ ਨਾਂ 'ਤੇ ਸਟਾਲਿਨ ਵੱਲੋਂ ਕੀਤੇ ਜ਼ੁਲਮਾਂ ਦੇ ਉਹ ਖਿਲਾਫ਼ ਹੀ ਨਹੀਂ, ਸਗੋਂ ਇਨ੍ਹਾਂ ਦੀ ਨਿਖੇਧੀ ਕਰਦੇ ਹਨ।' ਉਸ ਦੀਆਂ ਨੀਤੀਆਂ ਕਾਰਨ ਅਮਰੀਕਾ ਵਰਗੇ ਦੇਸ਼ਾਂ ਵਿਚ ਲੋਕ ਸਮਾਜਵਾਦ ਦੇ ਕੱਟੜ ਵਿਰੋਧੀ ਬਣ ਗਏ। ਅਮਰੀਕਾ ਵਿਚ ਖੱਬੇ ਪੱਖੀਆਂ ਵਲੋਂ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ ਸਟਾਲਿਨ ਦੀ ਆਲੋਚਨਾ ਅਮਰੀਕੀ ਰਾਜਨੀਤੀ ਦਾ ਵੱਡਾ ਮੋੜ ਸਮਝਿਆ ਜਾ ਰਿਹਾ ਹੈ।

# ਵਿਕਾਸ ਦੀ ਦਹਿਸ਼ਤਗਰਦੀ

## ਆਵਾਮ ਦੀਆਂ ਜਾਨਾਂ ਦਾ ਖੌਅ ਬਣਿਆ ਵਿਕਾਸ

'ਗ਼ਰੀਬ ਦੇ ਖ਼ਿਲਾਫ਼ ਕੁਝ ਵੀ ਸੰਭਵ ਹੈ', ਇਹ ਅਲਫ਼ਾਜ਼ ਪ੍ਰਸਿੱਧ ਸਾਹਿਤਕਾਰ ਅਨਾਤੋਲ ਫਰਾਂਸ ਨੇ 1908 ਵਿਚ ਜੈਕ ਲੰਦਨ ਦੇ ਮਸ਼ਹੂਰ ਨਾਵਲ 'ਦਿ ਆਇਰਨ ਹੀਲ' ਦੇ ਫਰਾਂਸੀਸੀ ਐਡੀਸ਼ਨ ਦੀ ਜਾਣ-ਪਛਾਣ ਕਰਾਉਂਦਿਆਂ ਲਿਖੇ ਸਨ। ਇਕ ਸਦੀ ਪਹਿਲਾਂ ਲਿਖੇ ਇਹ ਅਲਫ਼ਾਜ਼ ਭਾਰਤ ਦੀ ਅੱਜ ਦੇ ਹਾਲਾਤ ਉੱਪਰ ਇੰਨ-ਬਿੰਨ ਢੁੱਕਦੇ ਹਨ। ਅਮਰੀਕਾ ਹੋਵੇ ਜਾਂ ਯੂਰਪ, ਜਾਂ ਭਾਰਤ ਵਰਗਾ ਤੀਜੀ ਦੁਨੀਆ ਦਾ ਕੋਈ ਮੁਲਕ; ਕਾਰਪੋਰੇਟ ਸਰਮਾਏਦਾਰੀ ਦੀ ਸੁਪਰ ਮੁਨਾਫ਼ਿਆਂ ਦੀ ਲਾਲਸਾ ਨੂੰ ਸ਼ਾਂਤ ਕਰਨ ਲਈ ਰਾਜ (ਸਟੇਟ)

**ਬੂਟਾ ਸਿੰਘ**
ਫ਼ੋਨ: 91-94634-74342

ਤੇ ਸੱਤਾਧਾਰੀ ਹੁਕਮਰਾਨ ਵਿਕਾਸ ਜਾਂ ਵਤਨ ਦੇ ਨਾਂ 'ਤੇ ਕੁਝ ਵੀ ਕਰ ਸਕਦੇ ਹਨ!

ਹਾਲ ਹੀ ਵਿਚ ਭਾਰਤ ਦੇ ਮਨੁੱਖੀ ਹੱਕਾਂ ਦੇ ਉੱਘੇ ਕਾਰਕੁਨਾਂ, ਸਿੱਖਿਆ ਵਿਗਿਆਨੀਆਂ ਅਤੇ ਪੱਤਰਕਾਰਾਂ 'ਤੇ ਆਧਾਰਤ 12 ਮੈਂਬਰੀ ਟੀਮ ਵਲੋਂ ਉੜੀਸਾ ਦੇ ਪੌਸਕੋ ਪ੍ਰੋਜੈਕਟ ਬਾਰੇ ਤੱਥ ਖੋਜ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਨੇ ਸਥਾਪਤੀ ਦੇ ਕੂੜ ਪ੍ਰਚਾਰ ਦਾ ਭਾਂਡਾ ਭੰਨ ਦਿੱਤਾ ਹੈ ਅਤੇ ਉੱਥੋਂ ਦੇ ਅਸਲ ਹਾਲਾਤ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੇ ਤੱਥ ਸਾਹਮਣੇ ਲਿਆਂਦੇ ਹਨ।

2 ਮਾਰਚ 2013 ਨੂੰ ਉੜੀਸਾ ਦੇ ਜ਼ਿਲ੍ਹਾ ਜਗਤਸਿੰਘ ਪੁਰਾ ਦੇ ਪਟਨਾ ਪਿੰਡ ਵਿਚ ਬੰਬ ਧਮਾਕਾ ਹੋਇਆ ਸੀ ਜਿਸ ਵਿਚ ਤਿੰਨ ਬੰਦੇ ਮਾਰੇ ਗਏ ਸਨ। ਪੁਲਿਸ ਪੰਦਰਾਂ ਘੰਟੇ ਬਾਦ ਵਕੂਆ-ਏ-ਵਾਰਦਾਤ 'ਤੇ ਪਹੁੰਚੀ ਸੀ ਜਦਕਿ ਪੁਲਿਸ ਦਾ ਕੈਂਪ ਇਸ ਥਾਂ ਤੋਂ ਸਿਰਫ਼ ਇਕ ਕਿਲੋਮੀਟਰ ਦੂਰ ਹੈ। ਫਿਰ ਜ਼ਿਲ੍ਹਾ ਪ੍ਰਸ਼ਾਸਨ ਨੇ ਬਿਨਾਂ ਕਿਸੇ ਤਫ਼ਤੀਸ਼ ਤੋਂ ਦੋ ਘੰਟੇ ਵਿਚ ਹੀ ਐਲਾਨ ਕਰ ਦਿੱਤਾ ਸੀ ਕਿ ਮ੍ਰਿਤਕ ਬੰਬ ਬਣਾ ਰਹੇ ਸਨ ਜੋ ਫਟ ਗਿਆ ਜਿਸ ਕਾਰਨ ਵਾਰਦਾਤ ਹੋਈ ਅਤੇ ਤਿੰਨ ਬੰਦੇ ਮਾਰੇ ਗਏ। ਮੁੱਖਧਾਰਾ ਮੀਡੀਆ ਵਲੋਂ ਵੀ ਬਿਨਾਂ ਪੁਣ-ਛਾਣ ਕੀਤਿਆਂ ਇਸ ਝੂਠ ਨੂੰ ਖ਼ੂਬ ਪ੍ਰਚਾਰਿਆ ਗਿਆ। ਦੂਜੇ ਪਾਸੇ, ਪਿੰਡ ਵਾਸੀਆਂ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਨੇ ਇਲਜ਼ਾਮ ਲਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਪੌਸਕੋ (ਪੋਹੰਗ ਸਟੀਲ ਕੰਪਨੀ, ਕੋਰੀਆ) ਵਲੋਂ ਇਹ ਬੰਬ ਧਮਾਕਾ ਵੱਡੇ ਪੱਧਰ ਉਤੇ ਦਹਿਸ਼ਤ ਪਾ ਕੇ ਇਸ ਪਿੰਡ ਦੀ ਜ਼ਮੀਨ ਆਪਣੇ ਕਬਜ਼ੇ 'ਚ ਲੈਣ ਦਾ ਰਾਹ ਪੱਧਰਾ ਕਰਨ ਲਈ ਕਰਵਾਇਆ ਗਿਆ ਹੈ। ਮ੍ਰਿਤਕਾਂ ਦੇ ਵਾਰਸਾਂ ਤੋਂ ਜ਼ਬਰਦਸਤੀ ਦਸਤਖ਼ਤ ਕਰਵਾ ਲਏ ਗਏ ਕਿ ਉਨ੍ਹਾਂ ਦੇ ਪਰਿਵਾਰ ਦੇ ਜੀਅ ਬੰਬ ਬਣਾਉਂਦੇ ਮਾਰੇ ਗਏ ਹਨ। ਜ਼ਿਕਰਯੋਗ ਹੈ ਕਿ ਸ਼ੁਰੂ ਤੋਂ ਹੀ ਸਥਾਨਕ ਲੋਕਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਕੰਪਨੀ ਅਤੇ ਸਰਕਾਰ ਉਨ੍ਹਾਂ ਦੀ ਜ਼ਮੀਨ ਖੋਹਣ ਲਈ ਤਰ੍ਹਾਂ-ਤਰ੍ਹਾਂ ਦੇ ਹਥਕੰਡੇ ਵਰਤਦੀਆਂ ਆ ਰਹੀਆਂ ਹਨ। 20 ਜੂਨ 2008 ਅਤੇ ਫਿਰ 13 ਨਵੰਬਰ 2011 ਨੂੰ ਵੀ ਅਜਿਹੇ ਬੰਬ ਧਮਾਕੇ ਕੀਤੇ ਗਏ ਸਨ। ਉਦੋਂ ਵੀ ਬੰਬ ਧਮਾਕੇ 'ਚ ਲੋਕ ਜ਼ਖ਼ਮੀ ਹੋਏ ਸਨ ਤੇ ਇਕ ਬੰਦੇ ਦੀ ਮੌਤ ਹੋਈ ਸੀ।

ਇਸ ਲੜਾਈ ਦੀ ਸ਼ੁਰੂਆਤ ਉਸ ਇਕਰਾਰਨਾਮੇ ਨੂੰ ਅੰਜਾਮ ਦਿੱਤੇ ਜਾਣ ਨਾਲ ਹੋਈ ਜੋ ਉੜੀਸਾ ਦੀ ਸਰਕਾਰ ਨੇ 22 ਜੂਨ 2005 ਨੂੰ ਕੋਰੀਆ ਦੀ ਸਟੀਲ ਖੇਤਰ ਦੀ ਦਿਓ-ਕੱਦ ਕੰਪਨੀ ਪੌਸਕੋ ਨਾਲ ਕੀਤਾ ਸੀ ਜਿਸ ਤਹਿਤ ਕੰਪਨੀ ਉਥੇ 52,000 ਕਰੋੜ ਰੁਪਏ ਦਾ ਪੂੰਜੀ-ਨਿਵੇਸ਼ ਕਰ ਕੇ ਸਟੀਲ ਪਲਾਂਟ ਲਗਾਉਣਾ ਚਾਹੁੰਦੀ ਹੈ। (ਉਦੋਂ ਉੜੀਸਾ ਸਰਕਾਰ ਵੱਲੋਂ ਬਹੁਤ ਸਾਰੀਆਂ ਕਾਰਪੋਰੇਟ ਕਾਰਪੋਰੇਸ਼ਨਾਂ ਨਾਲ ਅਜਿਹੇ 100 ਦੇ ਕਰੀਬ ਵੱਖੋ-ਵੱਖਰੇ ਇਕਰਾਰਨਾਮੇ ਕੀਤੇ ਗਏ।) ਪ੍ਰੋਜੈਕਟ ਵਿਚ ਸਟੀਲ ਪਲਾਂਟ ਤੋਂ ਇਲਾਵਾ ਪ੍ਰਾਈਵੇਟ ਪਾਵਰ ਪਲਾਂਟ ਅਤੇ ਪ੍ਰਾਈਵੇਟ ਬੰਦਰਗਾਹ ਬਣਾਉਣਾ ਵੀ ਸ਼ਾਮਲ ਹੈ। ਸਟੀਲ ਪਲਾਂਟ ਲਈ ਧਿਨਕੀਆ, ਗਾਡਾਕੁਜੰਗਾ ਤੇ ਨੁਆਗਾਓਂ, ਤਿੰਨ ਪੰਚਾਇਤਾਂ ਹੇਠਲੇ ਕਈ ਆਦਿਵਾਸੀ ਪਿੰਡਾਂ ਦੀ 4004 ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ। 2005 ਤੋਂ ਹੀ ਇਨ੍ਹਾਂ ਪਿੰਡਾਂ ਦੇ ਆਦਿਵਾਸੀ ਜ਼ਮੀਨ ਮਾਲਕਾਂ ਦੀ ਸਹਿਮਤੀ ਤੋਂ ਬਗ਼ੈਰ ਸਰਕਾਰ ਵਲੋਂ ਧੱਕੇ ਨਾਲ ਜ਼ਮੀਨ ਖੋਹੇ ਜਾਣ ਦਾ ਤਿੱਖਾ ਵਿਰੋਧ ਕਰ ਰਹੇ ਹਨ।

ਇਕਰਾਰਨਾਮੇ ਦੀ ਭਿਣਕ ਕੰਨੀਂ ਪੈਂਦੇ ਸਾਰ ਪੌਸਕੋ ਪ੍ਰਤੀਰੋਧ ਸੰਗਰਾਮ ਸਮਿਤੀ (ਪੀ.ਪੀ.ਐੱਸ.ਐੱਸ.) ਦੀ ਅਗਵਾਈ ਹੇਠ ਉਥੇ ਜ਼ਬਰਦਸਤ ਲਹਿਰ ਉੱਭਰ ਆਈ ਜਿਸ ਨੂੰ ਕੁਚਲਣ ਲਈ ਹੁਕਮਰਾਨ ਸ਼ੁਰੂ ਤੋਂ ਹੀ ਬੇਤਹਾਸ਼ਾ ਜਬਰ 'ਤੇ ਉੱਤਰੇ ਹੋਏ ਹਨ। ਸ਼ਾਂਤਮਈ ਰੋਸ ਵਿਖਾਵਿਆਂ, ਕਾਨੂੰਨੀ ਚਾਰਾਜੋਈ, ਪ੍ਰਚਾਰ ਅਤੇ ਮੁਜ਼ਾਹਰਿਆਂ ਜ਼ਰੀਏ ਲੋਕ ਆਪਣੀ ਜ਼ਮੀਨ ਦੀ ਰਾਖੀ ਲਈ ਡਟੇ ਹੋਏ ਹਨ। ਉਨ੍ਹਾਂ ਨੇ ਆਪਣੀ ਜ਼ਮੀਨ ਨੂੰ ਬਚਾਉਣ ਲਈ ਸਾਰੇ ਰਸਤਿਆਂ ਉੱਪਰ ਪੱਕੀ ਨਾਕਾਬੰਦੀ ਕੀਤੀ ਹੋਈ ਹੈ। ਇਸ ਟਾਕਰੇ ਦੀ ਖ਼ਾਸ ਵਿਸ਼ੇਸ਼ਤਾ ਹੈ ਇਸ ਵਿਚ ਔਰਤਾਂ ਦੀ ਬੇਮਿਸਾਲ ਸ਼ਮੂਲੀਅਤ। ਬੰਬ ਧਮਾਕੇ ਤੋਂ ਬਾਅਦ 7 ਮਾਰਚ ਨੂੰ ਮੁਜ਼ਾਹਰਾਕਾਰੀਆਂ ਉੱਪਰ ਬੇਰਹਿਮੀ ਨਾਲ ਲਾਠੀਚਾਰਜ ਕਰਨ ਸਮੇਂ ਜ਼ਖ਼ਮੀ ਹੋਏ 41 ਵਿਅਕਤੀਆਂ ਵਿਚ 35 ਔਰਤਾਂ ਸ਼ਾਮਲ ਸਨ। ਉਹ ਉਥੋਂ ਪੁਲਿਸ ਕੈਂਪ ਚੁੱਕਣ ਦੀ ਮੰਗ ਕਰ ਰਹੇ ਸਨ ਜੋ ਲੋਕਾਂ ਦੀ ਨਹੀਂ, ਵਿਦੇਸ਼ੀ ਕੰਪਨੀ ਪੌਸਕੋ ਦੀ ਰਾਖੀ ਲਈ ਉਚੇਚੀ ਬਣਾਈ ਗਈ ਹੈ। ਵਿਰੋਧ ਕਰਨ ਵਾਲੇ ਲੋਕਾਂ ਉੱਪਰ ਵੱਡੀ ਗਿਣਤੀ ਵਿਚ ਝੂਠੇ ਕੇਸ ਪਾਏ ਜਾ ਰਹੇ ਹਨ। ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਸਮਿਤੀ ਦੇ ਕਾਰਕੁਨਾਂ ਨੂੰ ਫੜਨ ਲਈ ਵੱਡੇ ਪੱਧਰ 'ਤੇ ਤਲਾਸ਼ੀ ਤੇ ਛਾਪੇਮਾਰ ਮੁਹਿੰਮ ਚਾਲੂ ਹੈ। ਕੰਪਨੀ ਦੇ ਗੁੰਡਿਆਂ ਦੇ ਹਮਲੇ ਰੁਕ ਨਹੀਂ ਰਹੇ। ਆਪੇ ਬੰਬ ਧਮਾਕੇ ਕਰਵਾਏ ਜਾ ਰਹੇ ਹਨ। ਇਸੇ ਕਾਰਨ ਅੱਠ ਸਾਲਾਂ ਤੋਂ ਹਾਲਾਤ ਤਣਾਅ ਵਾਲੇ ਹਨ। ਉਧਰ ਲੋਕਾਂ ਨੇ ਵੀ ਪੱਕੀ ਘੇਰਾਬੰਦੀ ਕੀਤੀ ਹੋਈ ਹੈ। ਅੰਤਾਂ ਦੇ ਜਬਰ ਦੇ ਬਾਵਜੂਦ ਲੋਕ ਕੰਪਨੀ ਤੇ ਪ੍ਰਸ਼ਾਸਨ ਨੂੰ ਜ਼ਮੀਨ ਵਿਚ ਪੈਰ ਵੀ ਨਹੀਂ ਪਾਉਣ ਦੇ ਰਹੇ। 18 ਅਕਤੂਬਰ 2012 ਨੂੰ ਧਿਨਕੀਆ ਪੰਚਾਇਤ ਦੀ ਗ੍ਰਾਮ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਇਆ ਕਿ ਉਹ ਜੰਗਲ ਦੀ ਜ਼ਮੀਨ ਗ਼ੈਰ-ਜੰਗਲਾਤ ਮਕਸਦ ਲਈ ਕਿਸੇ ਵੀ ਕੀਮਤ 'ਤੇ ਨਹੀਂ ਦੇਣਗੇ। ਉਥੇ ਭਾਵੇਂ ਹਥਿਆਰਬੰਦ ਪੁਲਿਸ ਦੀਆਂ 12 ਪਲਟਨਾਂ ਦਾ ਪੱਕਾ ਕੈਂਪ ਬਿਠਾਇਆ ਗਿਆ ਹੈ, ਪਰ ਲੋਕਾਂ ਦਾ ਵਿਰੋਧ ਐਨਾ ਪ੍ਰਚੰਡ ਹੈ ਕਿ ਪੁਲਿਸ ਧਿਨਕੀਆ ਤੇ ਕੁਝ ਹੋਰ ਪਿੰਡਾਂ ਵਿਚ ਵੜਨ ਦੀ ਹਿੰਮਤ ਨਹੀਂ ਕਰਦੀ। ਲੋਕਾਂ ਦਾ ਮਨੋਬਲ ਤੋੜਨ ਲਈ ਹੀ ਇਸ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।

ਵਿਕਾਸ ਦੀ ਆੜ ਹੇਠ ਜ਼ਮੀਨ ਐਕਵਾਇਰ ਕਰਨ ਦਾ ਇਹ ਅਮਲ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਹੈ। ਮੁਲਕ ਦੇ ਅਵਾਮ ਨੂੰ ਕਾਨੂੰਨ ਦੇ ਪਾਬੰਦ ਰਹਿਣ ਦੀਆਂ ਨਸੀਹਤਾਂ ਦੇਣ ਵਾਲੇ ਹੁਕਮਰਾਨ ਕਾਨੂੰਨ ਦੀਆਂ ਧੱਜੀਆਂ ਸਭ ਤੋਂ ਵੱਧ ਉਡਾ ਰਹੇ ਹਨ। ਕੀ ਇਸ ਨੂੰ ਵਿਕਾਸ ਕਿਹਾ ਜਾ ਸਕਦਾ ਹੈ ਜੋ ਬਹੁਗਿਣਤੀ ਲੋਕਾਂ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਦੇ ਗੁਜ਼ਾਰੇ ਦੇ ਸਾਧਨ ਜ਼ਮੀਨ ਤੇ ਜੰਗਲ ਖੋਹ ਕੇ, ਤੇ ਉਨ੍ਹਾਂ ਦੇ ਸੱਥਰ ਵਿਛਾ ਕੇ ਕੀਤਾ ਜਾ ਰਿਹਾ ਹੈ? ਵਿਕਾਸ ਦੀ ਦਲੀਲ ਪੂਰੀ ਤਰ੍ਹਾਂ ਝੂਠੀ ਤੇ ਥੋਥੀ ਹੈ। ਲੋਕਾਂ ਵਲੋਂ ਬੇਨਿਯਮੀਆਂ, ਕਾਨੂੰਨ ਦੀ ਉਲੰਘਣਾ, ਪੌਣਪਾਣੀ ਦੀ ਸੰਭਾਵੀ ਤਬਾਹੀ ਬਾਰੇ ਜੋ ਇਤਰਾਜ਼ ਉਠਾਏ ਗਏ ਹਨ, ਉਨ੍ਹਾਂ ਵਿਚ ਐਨਾ ਵਜ਼ਨ ਹੈ ਕਿ ਸਰਕਾਰ ਇਨ੍ਹਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਕਮੇਟੀਆਂ ਬਣਾਉਣ ਜਾਂ ਅਦਾਲਤੀ ਅਮਲ ਦਾ ਸਹਾਰਾ ਲੈਣ ਲਈ ਵਾਰ-ਵਾਰ ਮਜਬੂਰ ਹੋ ਰਹੀ ਹੈ। ਜ਼ਮੀਨ ਸਰਕਾਰੀ ਕਬਜ਼ੇ 'ਚ ਲੈ ਕੇ ਕੰਪਨੀ ਦੇ ਹਵਾਲੇ ਕਰਨ ਦਾ ਅਮਲ ਲੰਮਾ ਸਮੇਂ ਤੋਂ ਠੱਪ ਪਿਆ ਹੈ। ਉੜੀਸਾ ਹਾਈ ਕੋਰਟ ਵਲੋਂ ਖਾਂਡਾਧਾਰ ਖਾਣ ਖੁਦਾਈ ਦੇ ਫ਼ੈਸਲੇ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ। ਵਾਤਾਵਰਨ ਕਲੀਅਰੈਂਸ ਨਾ ਮਿਲਣ ਅਤੇ ਮਾਮਲਾ ਗਰੀਨ ਟ੍ਰਿਬਿਊਨਲ ਦੇ ਵਿਚਾਰ ਅਧੀਨ ਹੋਣ ਦੇ ਬਾਵਜੂਦ ਹਕੂਮਤ ਦੇ ਇਸ਼ਾਰੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਲੰਘੀ 3 ਫਰਵਰੀ ਨੂੰ ਗੋਬਿੰਦਪੁਰਾ ਪਿੰਡ ਵਿਚ ਜ਼ਮੀਨ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਜ਼ਿਲ੍ਹਾ ਕੁਲੈਕਟਰ ਅਤੇ ਐੱਸ.ਪੀ. ਖ਼ੁਦ ਕਬਜ਼ੇ ਦੀ ਮੁਹਿੰਮ ਦੀ ਨਿਗਰਾਨੀ ਕਰ ਰਹੇ ਸਨ ਅਤੇ ਮੀਡੀਆ ਨੂੰ ਕਹਿ ਰਹੇ ਸਨ ਕਿ ਉਹ ਤਾਂ ਜ਼ਮੀਨ ਦੇਣ ਦੇ ਚਾਹਵਾਨ ਲੋਕਾਂ ਦੀ ਬੇਨਤੀ 'ਤੇ ਇਥੇ ਆਏ ਹਨ ਅਤੇ ਮੌਕੇ 'ਤੇ ਮੁਆਵਜ਼ਾ ਦੇ ਕੇ ਜ਼ਮੀਨ ਲੈ ਰਹੇ ਹਨ। ਜਦੋਂ ਸੰਸਦ ਵਿਚ ਜ਼ਮੀਨ ਗ੍ਰਹਿਣ ਕਾਨੂੰਨ ਪਾਸ ਕਰਨ ਦਾ ਅਮਲ ਚੱਲ ਰਿਹਾ ਹੋਵੇ ਅਤੇ ਉੜੀਸਾ ਸਰਕਾਰ ਦੀ ਅਪੀਲ ਹਾਲੇ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੋਵੇ, ਉਦੋਂ ਜੇ ਜ਼ਿਲ੍ਹਾ ਪ੍ਰਸ਼ਾਸਨ ਜ਼ਮੀਨ 'ਤੇ ਕਬਜ਼ਾ ਕਰਨ ਲਈ ਐਨੀ ਫੁਰਤੀ ਤੇ ਸਰਗਰਮੀ ਦਿਖਾਉਂਦਾ ਹੈ ਤਾਂ ਇਸ ਦਾ ਭੇਤ ਸਮਝਣਾ ਮੁਸ਼ਕਿਲ ਨਹੀਂ ਹੈ। ਲੋਕਾਂ ਨੂੰ ਉਜਾੜ ਕੇ ਗ਼ੈਰ-ਕਾਨੂੰਨੀ ਢੰਗ ਨਾਲ ਜ਼ਮੀਨ ਹਾਸਲ ਕੀਤੀ ਜਾ ਰਹੀ ਹੈ ਤਾਂ ਜੋ ਜ਼ਮੀਨ ਐਕਵਾਇਰ ਕਰਨ ਬਾਰੇ ਕਾਨੂੰਨ 'ਚ ਬਦਲਾਅ ਆਉਣ ਨਾਲ ਪੈਦਾ ਹੋਣ ਵਾਲੀ ਕਿਸੇ ਤਰ੍ਹਾਂ ਦੀ ਪੇਚੀਦਗੀ ਤੋਂ ਪਹਿਲਾਂ-ਪਹਿਲਾਂ ਹੀ ਜ਼ਮੀਨ ਕੰਪਨੀ ਦੇ ਹੱਥ ਹੇਠ ਹੋਵੇ।



*ਜ਼ਿੰਦਗੀ ਐ ਜ਼ਿੰਦਗੀ...ਹੇਠਾਂ ਤਪਦੀ ਰੇਤ ਅਤੇ ਉਪਰੋਂ ਅੱਗ ਵਰ੍ਹਾਉਂਦੀ ਧੁੱਪ ਵਿਚ ਜ਼ਮੀਨ ਬਚਾਉਣ ਦੀ ਚਾਰਾਜੋਈ ਕਰ ਰਹੇ ਆਦਿਵਾਸੀ। ਇਹ ਭਾਰਤ ਦੀ 21ਵੀਂ ਸਦੀ ਦਾ ਸੱਚ ਹੈ!*

ਇਸ ਖ਼ਾਤਰ ਪ੍ਰਧਾਨ ਮੰਤਰੀ ਦਫ਼ਤਰ ਅਤੇ ਪੌਸਕੋ ਕੰਪਨੀ ਦੇ ਅਧਿਕਾਰੀ ਸੂਬਾ ਸਰਕਾਰ ਉੱਪਰ ਲਗਾਤਾਰ ਦਬਾਅ ਪਾ ਰਹੇ ਹਨ। ਸੂਬਾ ਸਰਕਾਰ ਖ਼ੁਦ ਵੀ ਇਹ ਸਟੀਲ ਪਲਾਂਟ ਲਾਉਣ ਲਈ ਬਹੁਤ ਤਹੂ ਹੈ। ਪਿੱਛੇ ਜਿਹੇ ਭਾਰਤ-ਕੋਰੀਆ ਦੀ ਵਿਸ਼ੇਸ਼ ਆਹਲਾ ਮਿਆਰੀ ਮੀਟਿੰਗ ਹੋਈ ਹੈ ਜਿਸ ਵਿਚ ਭਾਰਤ ਦੇ ਵਣਜ ਮੰਤਰੀ ਨੇ ਕੋਰੀਆ ਦੇ ਵਪਾਰ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਇਸ ਪ੍ਰੋਜੈਕਟ ਨੂੰ ਛੇਤੀ ਨੇਪਰੇ ਚਾੜ੍ਹਿਆ ਜਾਵੇਗਾ। ਪ੍ਰਧਾਨ ਮੰਤਰੀ ਦੀ ਕੋਰੀਆ ਦੇ ਨਵੇਂ ਰਾਸ਼ਟਰਪਤੀ ਨਾਲ ਮੀਟਿੰਗ ਅਤੇ ਮਾਰਚ ਦੇ ਸ਼ੁਰੂ 'ਚ ਕੋਰੀਆ ਦੇ ਸਫ਼ੀਰ ਦਾ ਉੜੀਸਾ ਦੀ ਰਾਜਧਾਨੀ ਭੁਬਨੇਸ਼ਵਰ

**ਦੇਸ-ਪਰਦੇਸ**

ਵਿਚ ਮੁੱਖ ਮੰਤਰੀ ਦੀ ਮੌਜੂਦਗੀ ਵਿਚ ਇਹ ਐਲਾਨ ਕਰਨਾ ਕਿ ਉਸ ਨੂੰ ਬੇਸਬਰੀ ਨਾਲ ਉਡੀਕ ਹੈ ਕਿ ਦੱਖਣੀ ਕੋਰੀਆ ਦਾ ਨਵਾਂ ਰਾਸ਼ਟਰਪਤੀ ਅਤੇ ਮੁੱਖ ਮੰਤਰੀ ਨਵੀਨ ਪਟਨਾਇਕ ਮਿਲ ਕੇ ਇਸ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣਗੇ; ਇਸ ਦਬਾਅ ਦੇ ਜ਼ਾਹਿਰਾ ਸੰਕੇਤ ਹਨ। ਹੁਕਮਰਾਨ ਅਜਿਹੇ ਪ੍ਰੋਜੈਕਟਾਂ ਨੂੰ ਧੱਕੇ ਨਾਲ ਥੋਪਣ ਲਈ ਜਿੰਨੇ ਤਹੂ ਹਨ, ਮੁਲਕ ਦੇ ਲੋਕ ਉਤਨਾ ਹੀ ਤਿੱਖੇ ਵਿਰੋਧ 'ਚ ਹਨ; ਕਿਉਂਕਿ 'ਵਿਕਾਸ' ਦਾ ਇਹ ਮਾਡਲ ਉਨ੍ਹਾਂ ਦਾ ਵੱਡੇ ਪੱਧਰ 'ਤੇ ਉਜਾੜਾ ਕਰਦਾ ਹੈ। ਇਕ ਅੰਦਾਜ਼ੇ ਅਨੁਸਾਰ ਮੁਲਕ ਵਿਚ 1950 ਤੋਂ ਲੈ ਕੇ 1990 ਦਰਮਿਆਨ 'ਵਿਕਾਸ ਪ੍ਰੋਜੈਕਟਾਂ' ਕਾਰਨ 85 ਲੱਖ ਸੂਚੀਦਰਜ ਲੋਕਾਂ ਨੂੰ ਉਜਾੜਿਆ ਗਿਆ ਜੋ ਕੁੱਲ ਉਜਾੜੇ ਗਏ ਸਵਾ ਦੋ ਕਰੋੜ ਲੋਕਾਂ ਦਾ 40 ਫ਼ੀ ਸਦੀ ਬਨਦੇ ਹਨ। ਹੁਣ 1990 ਦੇ ਸ਼ੁਰੂ ਤੋਂ ਅਪਣਾਏ ਗਏ ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਕਾਰਨ ਹੋ ਰਹੇ ਵਿਆਪਕ ਉਜਾੜੇ ਦੇ ਮੁਕਾਬਲੇ ਪਹਿਲੇ ਦੌਰ ਦਾ ਉਜਾੜਾ ਬਹੁਤ ਬੌਣਾ ਜਾਪਦਾ ਹੈ।

ਇਥੇ ਭਾਰਤ ਦੀ ਸੁਪਰੀਮ ਕੋਰਟ ਦੇ ਜੱਜਾਂ ਦੀ ਇਸ 'ਵਿਕਾਸ' ਮਾਡਲ ਬਾਰੇ ਉਸ ਟਿੱਪਣੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜੋ ਉਨ੍ਹਾਂ ਨੇ 20 ਜੁਲਾਈ 2010 ਨੂੰ ਕੀਤੀ ਸੀ: "ਸਰਕਾਰ ਦੀ ਵਿਕਾਸ ਦੀ ਮਨੌਤ ਅਤੇ ਦ੍ਰਿਸ਼ਟੀ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨਾਲ ਐਨੀ ਬੇਮੇਲ ਕਿਉਂ ਹੈ ਜਿਨ੍ਹਾਂ ਦੇ ਵਿਕਾਸ ਦੀ ਇਹ ਗੱਲ ਕਰਦੀ ਹੈ।" ਮਸ਼ਹੂਰ ਅਰਥਸ਼ਾਸਤਰੀ ਅਮਿਤ ਭਾਦੁੜੀ ਨੇ ਬਿਲਕੁਲ ਸਹੀ ਫਰਮਾਇਆ ਹੈ-"ਇਹ ਇਕ ਤਰ੍ਹਾਂ ਦਾ 'ਵਿਕਾਸ ਦਾ ਦਹਿਸ਼ਤਵਾਦ' ਹੈ। ਇਸ ਵਿਚ ਸਟੇਟ ਵੱਲੋਂ ਵਿਕਾਸ ਦੇ ਨਾਂ ਹੇਠ ਗ਼ਰੀਬਾਂ ਖ਼ਿਲਾਫ਼ ਲਗਾਤਾਰ ਹਿੰਸਾ ਕੀਤੀ ਜਾ ਰਹੀ ਹੈ। ਸਟੇਟ ਮੁੱਖ ਰੂਪ 'ਚ ਕਾਰਪੋਰੇਟ ਰਾਠਸ਼ਾਹੀ ਦੇ ਹਿੱਤ 'ਚ ਕੰਮ ਕਰ ਰਿਹਾ ਹੈ। ਸਿਆਸੀ ਕੋੜਮੇ ਵੱਲੋਂ ਵਿਕਾਸ ਦੀ ਇਸ ਦਹਿਸ਼ਤਗਰਦੀ ਨੂੰ ਹੀ ਤਰੱਕੀ ਦੱਸਿਆ ਜਾ ਰਿਹਾ ਹੈ।"

ਖੁੱਲ੍ਹੀ ਮੰਡੀ ਦੇ ਬੇਹਯਾ ਪੈਰੋਕਾਰ ਹੁਕਮਰਾਨਾਂ ਨੇ ਹਰ ਚੀਜ਼ ਦੇ ਮਾਅਨੇ ਹੀ ਬਦਲ ਦਿੱਤੇ ਹਨ। ਉਨ੍ਹਾਂ ਅਨੁਸਾਰ ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਬਦਕਾਰ ਢੰਗਾਂ ਨਾਲ ਸੇਵਾ ਹੀ ਦੇਸ਼ ਭਗਤੀ ਹੈ ਅਤੇ ਇਨ੍ਹਾਂ ਨੀਤੀਆਂ ਦਾ ਵਿਰੋਧ ਦੇਸ਼ਧ੍ਰੋਹ ਹੈ। ਉਹ ਆਏ ਦਿਨ ਹੋਕਰੇ ਮਾਰਦੇ ਹਨ ਕਿ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਵਿਚ ਹਿੰਸਾ ਲਈ ਕੋਈ ਥਾਂ ਨਹੀਂ, ਜਦਕਿ ਹਿੰਸਾ ਅਤੇ ਦਹਿਸ਼ਤਗਰਦੀ ਉਹ ਖ਼ੁਦ ਕਰ ਰਹੇ ਹਨ- ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵੇਂ ਤਰੀਕਿਆਂ ਨਾਲ। ਮੁਲਕ ਵਿਚ ਹਾਲਤ ਤੇਜ਼ੀ ਨਾਲ ਵਿਸਫੋਟਕ ਬਣਦੀ ਜਾ ਰਹੀ ਹੈ। ਸਾਰੇ ਜਮਹੂਰੀ ਤੇ ਇਨਸਾਫ਼ਪਸੰਦ ਲੋਕਾਂ ਦੇ ਵਿਕਾਸ ਦੀ ਇਸ ਦਹਿਸ਼ਤਗਰਦੀ ਵਿਰੁੱਧ ਇਕਜੁੱਟ ਹੋ ਕੇ ਲੜਨ ਦੀ ਜ਼ਰੂਰਤ ਹੋਰ ਵੀ ਸ਼ਿੱਦਤ ਨਾਲ ਸਾਹਮਣੇ ਆ ਰਹੀ ਹੈ। ਸਵਾਲ ਇਹ ਹੈ ਕਿ ਕਿਹੜੀ ਰਾਜਸੀ ਤਾਕਤ ਹੈ ਜੋ ਇਸ ਤਰ੍ਹਾਂ ਦੇ ਵੱਖ-ਵੱਖ ਸਥਾਨਕ ਜਾਨ-ਹੂਲਵੇਂ ਸੰਘਰਸ਼ਾਂ ਨੂੰ ਹੁਕਮਰਾਨਾਂ ਦੇ ਵਿਨਾਸ਼ਕਾਰੀ ਆਰਥਿਕ ਮਾਡਲ ਵਿਰੁੱਧ ਇਕ ਲੜੀ 'ਚ ਪਰੋ ਕੇ ਵਿਸ਼ਾਲ ਅਵਾਮੀ ਲਹਿਰ ਦਾ ਰੂਪ ਦੇ ਸਕਦੀ ਹੈ?

---

# ਪਾਕਿਸਤਾਨ ਦੀਆਂ ਚੋਣਾਂ ਦਾ ਸੱਚ

ਆਉਂਦੀਆਂ ਆਮ ਚੋਣਾਂ ਵਿਚ ਹਿੱਸਾ ਲੈਣ ਦੇ ਚਾਹਵਾਨਾਂ ਦੀ ਉਮੀਦਵਾਰੀ ਜਾਇਜ਼ ਕਰਾਰ ਦੇਣ ਬਾਰੇ ਕੀਤੀ ਗਈ ਦੇਰੀ ਅਸਲ ਵਿਚ ਉਹ ਨਵਾਂ ਛਲ-ਕਪਟ ਹੈ ਜੋ ਪਾਕਿਸਤਾਨ ਦੇ ਚੋਣ ਕਮਿਸ਼ਨ ਵੱਲੋਂ ਫੈਡਰਲ ਮਾਲੀਆ ਬੋਰਡ, ਕੌਮੀ ਜਵਾਬਦੇਹੀ ਬਿਊਰੋ ਅਤੇ ਪਾਕਿਸਤਾਨ ਸਟੇਟ ਬੈਂਕ ਵਰਗੀਆਂ ਹੋਰ ਕਈ ਸਰਕਾਰੀ ਸੰਸਥਾਵਾਂ ਨਾਲ

**ਰਾਊਫ਼ ਹਸਨ**

ਗੁੱਝੀ ਗੰਢ-ਤੁਪ ਕਰ ਕੇ ਸਿਰਜਿਆ ਗਿਆ। ਤਿੰਨ ਸਾਲ ਤੱਕ ਚੋਣ ਕਮਿਸ਼ਨ ਨੇ ਜਾਅਲੀ ਡਿਗਰੀ ਧਾਰਕਾਂ ਦੇ ਮਾਮਲੇ ਵਿਚ ਕੋਈ ਕਦਮ ਨਹੀਂ ਉਠਾਇਆ। ਝੂਠਿਆਂ ਖ਼ਿਲਾਫ਼ ਕਾਰਵਾਈ ਕਰਵਾਉਣ ਲਈ ਵੀ ਸੁਪਰੀਮ ਕੋਰਟ ਨੂੰ ਦਖ਼ਲ ਦੇਣਾ ਪਿਆ; ਪਰ ਅੰਤ ਨੂੰ ਘਾਟਾਂ ਦਾ ਸ਼ਿਕਾਰ ਨਿਆਂਇਕ ਪ੍ਰਬੰਧ, ਦੋਸ਼ੀਆਂ ਦੇ ਬਚਾਅ ਲਈ ਸਹਾਈ ਸਿੱਧ ਹੋਇਆ। ਕੁਝ ਦੋਸ਼ੀ ਤਾਂ ਕੇਸਾਂ 'ਚੋਂ ਸਾਫ਼ ਬਚ ਕੇ ਨਿਕਲ ਗਏ ਨਾਲ-ਨਾਲ ਚੋਣਾਂ ਲੜਨ ਦੀ ਆਗਿਆ ਲੈਣ ਵਿਚ ਵੀ ਸਫ਼ਲ ਰਹੇ। ਇਸ ਦੇ ਨਾਲ ਹੀ ਟੈਕਸ ਅਦਾ ਨਾ ਕਰਨ, ਜੀਵਨ ਮਿਆਰ ਹੁਣ ਐਲਾਨੀ ਗਈ ਆਮਦਨੀ ਤੋਂ ਕਿਤੇ ਉਚੇਰੇ ਹੋਣ, ਮਹਾਂ ਘੁਟਾਲਿਆਂ ਵਿਚ ਸ਼ਮੂਲੀਅਤ, ਜਨਤਕ ਧਨ ਦੀ ਲੁੱਟ ਜਾਂ ਹੋਰ ਗੰਭੀਰ ਮਾਮਲਿਆਂ ਵਿਚ ਸ਼ਮੂਲੀਅਤ ਦੇ ਆਧਾਰ 'ਤੇ ਕਿਸੇ ਇਕ ਵੀ ਉਮੀਦਵਾਰ ਨੂੰ ਚੋਣਾਂ ਵਿਚ ਹਿੱਸਾ ਲੈਣ ਤੋਂ ਰੋਕਿਆ ਨਹੀਂ ਗਿਆ। ਜਿਥੇ ਅਸਲੀ ਅਪਰਾਧੀਆਂ ਨੂੰ ਕਾਬੂ ਕਰਨ ਲਈ ਕੋਈ ਤਤਪਰਤਾ ਜ਼ਾਹਿਰ ਨਹੀਂ ਕੀਤੀ ਗਈ, ਉਥੇ ਸਭ ਤੋਂ ਵੱਧ ਧਿਆਨ ਉਮੀਦਵਾਰਾਂ ਨੂੰ ਇਸ ਆਧਾਰ 'ਤੇ ਚੋਣਾਂ ਲੜਨ ਤੋਂ ਰੋਕਣ ਵੱਲ ਦਿੱਤਾ ਗਿਆ ਕਿ ਉਹ ਸੰਵਿਧਾਨ ਦੀ ਧਾਰਾ 62-63 ਵਿਚਲੀਆਂ ਕਸੌਟੀਆਂ ਅਤੇ ਸਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਇਨ੍ਹਾਂ ਦੀ ਕੀਤੀ ਗਈ ਵਿਆਖਿਆ 'ਤੇ ਪੂਰੇ ਉਤਰਦੇ ਹਨ ਜਾਂ ਨਹੀਂ। ਇਹ ਸਿਰਫ਼ ਕਿਸੇ ਵਿਅਕਤੀ ਦੀ ਕੁਰਾਨ ਪੜ੍ਹ ਸਕਣ ਅਤੇ ਕੁਝ ਆਇਤਾਂ ਯਾਦ ਹੋਣ ਦੀ ਸਮਰੱਥਾ ਦੇ ਆਧਾਰ 'ਤੇ ਉਸ ਦੀ ਭਰੋਸੇਯੋਗਤਾ ਅਤੇ ਯੋਗਤਾ ਨੂੰ ਮਾਪਣ ਵਾਲੀ ਗੱਲ ਹੈ। ਉਹ ਕੋਈ ਕਾਤਲ ਵੀ ਹੋ ਸਕਦਾ ਹੈ, ਕੋਈ ਟੈਕਸ ਚੋਰ ਵੀ ਹੋ ਸਕਦਾ ਹੈ, ਜਾਂ ਕਿਸੇ ਹੋਰ ਗੰਭੀਰ ਅਪਰਾਧ ਵਿਚ ਵੀ ਸ਼ਾਮਿਲ ਹੋ ਸਕਦਾ ਹੈ ਪਰ ਇਸ ਸਭ ਕੁਝ ਨਾਲ ਰਿਟਰਨਿੰਗ ਅਫ਼ਸਰਾਂ ਦਾ ਕੋਈ ਵਾਹ-ਵਾਸਤਾ ਨਹੀਂ ਜਾਪਦਾ। ਇਹ ਕਾਨੂੰਨ ਦਾ ਮਜ਼ਾਕ ਬਣਾਉਣ ਦੇ ਤੁਲ ਹੀ ਹੈ। ਇਹ ਵੀ ਸੂਝ-ਵਿਹੂਣੀ ਗੱਲ ਹੈ ਕਿ ਮੁਸ਼ੱਰਫ਼ ਦੇ ਨਾਮਜ਼ਦਗੀ ਕਾਗਜ਼ ਤਿੰਨ ਚੋਣ ਹਲਕਿਆਂ ਵਿਚ ਰੱਦ ਹੋ ਗਏ, ਜਦੋਂ ਕਿ ਇਕ ਵਿਚ ਪ੍ਰਵਾਨ ਕਰ ਲਏ ਗਏ ਅਤੇ ਚੌਧਰੀ ਨਿਸਾਰ ਦੇ ਨਾਮਜ਼ਦਗੀ ਕਾਗਜ਼ ਇਕ ਵਿਚ ਰੱਦ ਹੋ ਗਏ ਅਤੇ ਦੂਜੇ ਵਿਚ ਪ੍ਰਵਾਨ ਕਰ ਲਏ ਗਏ। ਕੀ ਵੱਖ-ਵੱਖ ਹਲਕਿਆਂ ਲਈ ਕਾਨੂੰਨ ਵੱਖ-ਵੱਖ ਹਨ? ਜਾਂ ਕੀ ਵੱਖ-ਵੱਖ ਰਿਟਰਨਿੰਗ ਅਫ਼ਸਰ ਕਾਨੂੰਨ ਦੇ ਵੱਖ-ਵੱਖ ਮਿਆਰਾਂ ਦੀ ਆਪੋ-ਆਪਣੀ ਨਿੱਜੀ ਪਸੰਦ, ਨਾ-ਪਸੰਦ ਦੇ ਆਧਾਰ 'ਤੇ ਵੱਖ-ਵੱਖ ਵਿਆਖਿਆ ਕਰਦੇ ਹਨ? ਸਭ ਤੋਂ ਅਹਿਮ ਗੱਲ ਇਹ ਹੈ ਕਿ ਸਮੁੱਚੀ ਸਿਆਸੀ ਲੀਡਰਸ਼ਿਪ ਸਮੂਹਿਕ ਤੌਰ 'ਤੇ ਸੰਵਿਧਾਨ ਦੀ ਧਾਰਾ 62 ਅਤੇ 63 ਸਬੰਧੀ ਕੋਈ ਇਕ ਰਾਇ ਬਣਾਉਣ ਵਿਚ ਅਸਫ਼ਲ ਰਹੀ ਹੈ। ਇਹ ਤਾਂ ਸਮਝ ਵਿਚ ਆਉਣ ਵਾਲੀ ਗੱਲ ਹੈ ਕਿ ਜਦੋਂ 18ਵੀਂ ਸੋਧ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਵਿਚਾਰ ਕੀਤੀ ਜਾ ਰਹੀ ਸੀ ਤਾਂ ਇਸ ਮੁੱਦੇ 'ਤੇ ਵੀ ਗੰਭੀਰ ਬਹਿਸ ਹੋਈ ਹੋਵੇਗੀ; ਪਰ ਕਮੇਟੀ ਦੇ ਸਾਰੇ ਮੈਂਬਰਾਂ ਨੇ ਸ਼ਾਇਦ ਵਿਵਾਦ ਵਾਲੇ ਮਜ਼ਹਬੀ ਮੁੱਦਿਆਂ ਨੂੰ ਨਾ ਛੇੜਨਾ ਹੀ ਬਿਹਤਰ ਸਮਝਿਆ, ਕਿਉਂਕਿ ਇਸ ਨਾਲ ਜਨਤਕ ਭਾਵਨਾਵਾਂ ਜੁੜੀਆਂ ਹੋਈਆਂ ਸਨ। ਸੋ, ਇਹ ਦੋਵੇਂ ਧਾਰਾਵਾਂ ਉਸੇ ਤਰ੍ਹਾਂ ਮੌਜੂਦ ਰਹੀਆਂ ਅਤੇ ਇਨ੍ਹਾਂ ਨੂੰ ਰਿਟਰਨਿੰਗ ਅਫ਼ਸਰਾਂ ਤੇ ਨਿਆਂਪਾਲਿਕਾ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ।

ਉਂਜ ਮੌਜੂਦਾ ਸਮੇਂ ਚੱਲ ਰਹੇ ਘੜਮੱਸ ਬਾਰੇ ਇਕ ਚੰਗੀ ਗੱਲ ਇਹ ਹੈ ਕਿ ਇਸ ਨਾਲ ਕੁਝ ਗੰਭੀਰ ਮੁੱਦੇ ਉੱਭਰ ਕੇ ਸਾਹਮਣੇ ਆਉਣਗੇ ਜਿਨ੍ਹਾਂ ਰਾਹੀਂ ਕੋਈ ਫਲਦਾਇਕ ਬਹਿਸ ਛਿੜ ਸਕਦੀ ਹੈ। ਇਨ੍ਹਾਂ ਮੁੱਦਿਆਂ ਵਿਚ 'ਪਾਕਿਸਤਾਨ ਦੀ ਵਿਚਾਰਧਾਰਾ' ਦਾ ਸਵਾਲ ਅਤੇ 'ਸਾਦਿਕ' ਤੇ 'ਅਮੀਨ' ਵਰਗੇ ਸ਼ਬਦਾਂ ਨੂੰ ਸੰਵਿਧਾਨ ਵਿਚ ਬਣਾਈ ਰੱਖਣ ਜਾਂ ਨਾ ਬਣਾਈ ਰੱਖਣ ਦੇ ਸਵਾਲ ਵੀ ਸ਼ਾਮਿਲ ਹਨ। ਦੇਰ ਨਾਲ ਹੀ ਸਹੀ, ਪਰ ਪਾਕਿਸਤਾਨ ਨੂੰ ਹੁਣ ਸੁਧਾਰਾਂ ਦਾ ਰਾਹ ਪੱਧਰਾ ਕਰਨ ਵਾਲੀ ਬਹਿਸ ਆਰੰਭ ਕਰਨੀ ਪਵੇਗੀ। ਹੁਣ ਤੱਕ ਉਨ੍ਹਾਂ ਵਿਚਾਰਾਂ ਨੂੰ ਹੀ ਅਪਣਾਇਆ ਜਾਂਦਾ ਰਿਹਾ ਹੈ ਜੋ ਪਾਕਿਸਤਾਨ ਦੀ ਸਿਰਜਣਾ ਦੇ ਲੋਕਾਚਾਰ ਨਾਲ ਮੇਲ ਹੀ ਨਹੀਂ ਖਾਂਦੇ। ਪਾਕਿਸਤਾਨ ਨੂੰ ਇਸ ਸਭ ਕੁਝ ਵਿਚੋਂ ਬਾਹਰ ਨਿਕਲਣਾ ਪਵੇਗਾ। ਪਾਕਿਸਤਾਨ ਦੇ ਸੰਵਿਧਾਨ ਨੂੰ ਵੀ ਇਸ ਵਿਚੋਂ ਬਾਹਰ ਕੱਢਣਾ ਪਵੇਗਾ। ਉਹ ਮਜ਼ਹਬੀ ਲਬਾਦਾ ਉਤਾਰਨਾ ਪਵੇਗਾ ਜੋ ਰਾਜ (ਸਟੇਟ) ਨੂੰ ਹੁਣ ਤੱਕ ਪਾਉਣ ਲਈ ਮਜਬੂਰ ਕੀਤਾ ਗਿਆ ਹੈ। ਮੁਕਤੀ ਅਤੇ ਆਜ਼ਾਦੀ ਵਰਗੇ ਦੇਸ਼ ਦੇ ਬੁਨਿਆਦੀ ਮੂਲ ਲੋਕਾਂ ਲਈ ਹਕੀਕੀ ਰੂਪ ਵਿਚ ਸਾਕਾਰ ਹੋਣੇ ਚਾਹੀਦੇ ਹਨ। ਅਜਿਹੀਆਂ ਧਾਰਾਵਾਂ ਲਾਗੂ ਕਰਨ ਵਾਲਿਆਂ ਨੂੰ ਪਹਿਲਾਂ ਆਪਣੀ ਪਾਕੀਜ਼ਗੀ ਸਾਬਤ ਕਰਨੀ ਚਾਹੀਦੀ ਹੈ।

# ਸੋਢੀ ਸਾਹਿਬ ਨੂੰ ਸ਼ਰਧਾਂਜਲੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸੁੰਨ ਜਿਹੀ ਤਾਂ ਸਾਡੇ ਪਿੰਡ 'ਚ ਉਦੋਂ ਹੀ ਪਸਰ ਗਈ ਸੀ, ਜਦੋਂ 2007 ਵਿਚ ਪਿੰਡ ਹੀ ਨਹੀਂ ਸਗੋਂ ਇਲਾਕੇ ਵਿਚ ਸਿੱਖੀ ਦਾ ਧੁਰਾ ਮੰਨਿਆ ਜਾਂਦਾ ਸੋਢੀ ਪਰਿਵਾਰ, ਦੁਪਾਲਪੁਰ ਛੱਡ ਕੇ ਆਪਣੇ ਅਨੰਦਪੁਰ ਸਾਹਿਬ ਵਾਲੇ ਘਰੇ ਜਾ ਵਸਿਆ ਸੀ, ਪਰ ਹੁਣ ਜਦ 22 ਅਪਰੈਲ ਵਾਲੇ ਦਿਨ ਗੁਰੂ ਕੁਲ ਨਾਲ ਸਬੰਧਤ ਇਸ ਪਰਿਵਾਰ ਦੇ ਵਰਤਮਾਨ ਮੁਖੀ ਬਾਬਾ ਬਲਦੇਵ ਸਿੰਘ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ ਸਾਡੇ ਪਿੰਡ ਦੀ ਜੂਹ ਵਿਚ ਕਰ ਦਿੱਤਾ ਗਿਆ ਤਾਂ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਦੁਪਾਲਪੁਰ ਦੇ 'ਕਲਬੂਤ' ਵਿਚੋਂ ਰੂਹ ਹੀ ਉਡਾਰੀ ਮਾਰ ਗਈ ਹੋਵੇ। ਇਤਿਹਾਸਕ ਵਿਰਾਸਤ ਦੀ ਮਾਣਮੱਤੀ ਇਬਾਰਤ ਸਾਂਭੀ ਬੈਠਾ ਇਕ ਪੱਤਰਾ ਸਦਾ ਲਈ ਅਲੋਪ ਹੋ ਗਿਆ। ਲਾਹੌਰ ਵਿਚ ਸਿੱਖ ਸਲਤਨਤ ਵਲੋਂ ਗੁਰੂ ਕਿਆਂ ਨੂੰ ਜਗੀਰਾਂ ਲਾਉਣ ਵਾਲੇ ਸਮਿਆਂ ਤੋਂ ਹੀ ਸਾਡੇ ਇਲਾਕੇ ਵਿਚ ਸਿੱਖੀ ਦਾ ਪ੍ਰਚਮ ਲਹਿਰਾ ਰਹੇ ਸੋਢੀ ਖਾਨਦਾਨ ਦਾ ਰੌਸ਼ਨ ਚਿਰਾਗ ਦੁਪਾਲਪੁਰ ਦੀ ਇਕ ਨੁੱਕਰ ਵਿਚ ਸਥਿਤ ਸੋਢੀਆਂ ਦੇ ਬਾਗ ਦੀ ਧਰਤੀ 'ਚ ਸਮਾ ਗਿਆ।

ਦਰਮਿਆਨਾ ਕੱਦ ਕਾਠ, ਛਾਂਟਵਾਂ ਤੇ ਫੁਰਤੀਲਾ ਸਰੀਰ, ਰੂਹਾਨੀ ਤੇਜ ਤਪੁ ਨਾਲ ਮਖਮੂਰ ਨੇਤਰ, ਹਸੂੰ ਹਸੂੰ ਕਰਦਾ ਨੂਰਾਨੀ ਚਿਹਰਾ, ਚਿੱਟੇ ਰੰਗ ਦਾ ਅੰਬਰਸਰੀ ਕੁੜਤਾ-ਪਜਾਮਾ, ਪੈਰੀਂ ਲੱਕੀ ਜੁੱਤੀ ਅਤੇ ਸਿਰ 'ਤੇ ਗੂੜ੍ਹੀ ਨੀਲੀ ਟਸਰ ਵਾਲੀ ਫੱਬਵੀਂ ਦਸਤਾਰ-ਇਹ ਸਰੂਪ ਸੀ ਬਾਬਾ ਬਲਦੇਵ ਸਿੰਘ ਦਾ ਜਿਨ੍ਹਾਂ ਨੂੰ ਮੈਂ ਆਪਣੇ ਹੋਸ਼-ਹਵਾਸ ਸੰਭਾਲਣ ਵੇਲੇ ਤੋਂ ਹਮੇਸ਼ਾ ਇਸੇ ਪਹਿਰਾਵੇ ਵਿਚ ਤੱਕਿਆ।

ਬਾਬਾ ਜੀ ਦੇ ਦੱਸਣ ਮੁਤਾਬਿਕ ਉਨ੍ਹਾਂ ਦਾ ਖਾਨਦਾਨ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀ ਅੰਸ਼-ਬੰਸ ਨਾਲ ਸਬੰਧਤ ਹੈ। ਗੁਰੂ ਸਾਹਿਬ ਦੇ ਗ੍ਰਹਿ ਮਾਤਾ ਮਰਵਾਹੀ ਦੀ ਕੁੱਖੋਂ 1617 ਵਿਚ ਪੈਦਾ ਹੋਏ ਬਾਬਾ ਸੂਰਜ ਮੱਲ, ਸਾਡੇ ਪਿੰਡ ਵਾਲੇ ਸੋਢੀ ਖਾਨਦਾਨ ਦੇ ਵਡਾਰੂ ਸਨ। ਇਸ ਤੱਥ ਦੀ ਵਜਾਹਤ ਕਰਦਾ ਸੋਢੀ ਪਰਿਵਾਰ ਪਾਸ ਸੋਢੀ-ਬੰਸ ਦਾ ਇਕ ਲੰਬਾ ਚੌੜਾ ਪੁਰਾਤਨ ਸ਼ਿਜ਼ਰਾ ਹੈ ਜੋ ਲਗਭਗ ਚਹੁੰ ਮੰਜਿਆਂ 'ਤੇ ਵਿਛਾ ਕੇ ਪੜ੍ਹਿਆ ਜਾ ਸਕਦਾ ਹੈ। ਇਸ ਵਿਚ ਗੁਰੂ ਰਾਮਦਾਸ ਤੋਂ ਲੈ ਕੇ ਪੰਜਾਬ ਦੇ ਸਮੂਹ ਸੋਢੀਆਂ ਦੀਆਂ ਪੀੜ੍ਹੀਆਂ ਦਾ ਵੇਰਵਾ ਦਰਜ ਹੈ। ਸਾਡੇ ਟੱਬਰ ਨੂੰ ਸੋਢੀ ਪਰਿਵਾਰ ਦੇ ਗਵਾਂਢ 'ਚ ਵੱਸਣ ਦੇ ਨਾਲ-ਨਾਲ ਇਸ ਗੱਲ ਦਾ ਵੀ ਵੱਡਾ ਮਾਣ ਰਿਹਾ ਹੈ ਕਿ ਸਾਡੇ ਪਿੰਡ ਦੇ ਜਿਨ੍ਹਾਂ ਗਿਣਵੇਂ-ਚੁਣਵੇਂ ਪਰਿਵਾਰਾਂ ਨਾਲ ਸੋਢੀਆਂ ਦਾ ਮਿਲਣ-ਗਿਲਣ ਜ਼ਿਆਦਾ ਸੀ, ਸਾਡਾ ਟੱਬਰ ਉਨ੍ਹਾਂ 'ਚੋਂ ਇਕ ਸੀ।

ਮੈਂ ਤੇ ਮੇਰੇ ਪਰਿਵਾਰ ਨੇ ਸੋਢੀ ਪਰਿਵਾਰ ਦੀਆਂ ਕਈਆਂ ਪੀੜ੍ਹੀਆਂ ਦਾ ਮੋਹ ਭਰਿਆ ਸੰਗ ਮਾਣਿਆਂ ਹੋਇਆ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਬਾਬਾ ਬਲਦੇਵ ਸਿੰਘ ਦੇ ਪਿਤਾ ਬਾਬਾ ਬਿਅੰਤ ਸਿੰਘ ਲੌਢੇ ਵੇਲੇ ਸਿਰ 'ਤੇ ਕਾਲ਼ੀ ਛਤਰੀ ਤਾਣ ਕੇ ਆਪਣੇ ਬਾਗ ਵੱਲ ਸੈਰ ਕਰਨ ਜਾਂਦੇ ਹੁੰਦੇ ਸਨ। ਉਨ੍ਹਾਂ ਦੇ ਪਿੱਛੇ-ਪਿੱਛੇ ਉਨ੍ਹਾਂ ਦਾ ਗੜਵਈ ਬਾਬਾ ਪ੍ਰੇਮ ਸਿੰਘ ਤੁਰਿਆ ਹੁੰਦਾ ਸੀ। ਇਸ ਮੌਕੇ ਪਿੰਡ ਦੇ ਨਿਆਣੇ-ਸਿਆਣੇ, ਬੁੜੀਆਂ-ਕੁੜੀਆਂ ਬਾਬਾ ਜੀ ਨੂੰ ਝੁਕ-ਝੁਕ ਨਮਸਕਾਰਾਂ ਕਰਦੇ ਤੇ ਅਸੀਸਾਂ ਲੈਂਦੇ। ਜਦ ਕਦੇ ਅਸੀਂ ਆਪਣੇ ਮਾਂ-ਬਾਪ ਨੂੰ ਘਰੇ ਆ ਕੇ ਦੱਸਦੇ ਕਿ ਮੱਥਾ ਟੇਕਣ 'ਤੇ ਬਾਬਾ ਜੀ ਨੇ ਸਾਡਾ ਸਿਰ ਪਲੋਸਿਆ ਸੀ ਤਾਂ ਸਾਨੂੰ ਬਾਬਾ ਜੀ ਨੂੰ ਮੱਥਾ ਟੇਕਣੋਂ ਕਦੇ ਵੀ ਨਾ ਉਕਣ ਦੀ ਤਾਕੀਦ ਕੀਤੀ ਜਾਂਦੀ। ਮੈਨੂੰ ਉਹ ਵਕਤ ਵੀ ਯਾਦ ਹੈ ਜਦੋਂ ਬਾਬਾ ਬਿਅੰਤ ਸਿੰਘ ਦਾ ਮ੍ਰਿਤਕ ਸਰੀਰ ਸੰਸਕਾਰ ਲਈ ਲਿਜਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਦੀ ਅਰਥੀ ਤੋਂ ਚਾਂਦੀ ਦੇ ਰੁਪਏ ਸੁੱਟੇ ਗਏ ਸਨ। ਉਦੋਂ ਮੈਨੂੰ ਵੀ ਚਾਂਦੀ ਦੇ ਤਿੰਨ ਜਾਂ ਚਾਰ ਰੁਪਏ ਲੱਭੇ ਸਨ।

ਇਸੇ ਬਾਬਾ ਜੀ ਦੇ ਪਰਿਵਾਰ ਵਿਚ ਤਿੰਨ ਧੀਆਂ ਤੇ ਦੋ ਪੁੱਤਰਾਂ 'ਚੋਂ ਵੱਡੇ ਸਨ ਸੋਢੀ ਬਲਦੇਵ ਸਿੰਘ, ਜਿਨ੍ਹਾਂ ਨੂੰ ਸਾਡਾ ਸਾਰਾ ਇਲਾਕਾ ਸਤਿਕਾਰ ਨਾਲ 'ਸਾਬ੍ਹ ਜੀ' ਕਿਹਾ ਕਰਦਾ ਸੀ। 1925 ਦੇ ਲਾਗੇ-ਚਾਗੇ ਜਨਮੇ ਬਾਬਾ ਬਲਦੇਵ ਸਿੰਘ ਹੁਸ਼ਿਆਰਪੁਰ ਦੇ ਉਸ ਸਰਕਾਰੀ ਕਾਲਜ ਵਿਚ ਪੜ੍ਹਦੇ ਰਹੇ ਜਿਥੇ ਕਦੇ ਵਰਤਮਾਨ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਪੜ੍ਹਦੇ ਰਹੇ ਦੱਸੀਂਦੇ ਹਨ। ਸੁਣਿਆਂ ਹੈ ਕਿ ਕਿਸੇ ਗੱਲੋਂ ਉਚਾਟ ਹੋ ਕੇ ਉਹ ਘਰ-ਬਾਰ ਛੱਡ ਕੇ ਅੰਮ੍ਰਿਤਸਰ ਆਟਾ ਮੰਡੀ ਵਿਖੇ ਸੰਤ ਸ਼ਾਮ ਸਿੰਘ ਦੇ ਡੇਰੇ ਜਾ ਰਹਿਣ ਲੱਗੇ। ਉਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਸੰਪੂਰਨ ਕਰਨ ਦੇ ਨਾਲ-ਨਾਲ ਹੋਰ ਧਾਰਮਿਕ ਗ੍ਰੰਥਾਂ ਦਾ ਨਿੱਠ ਕੇ ਅਧਿਐਨ ਕੀਤਾ।

ਕਈ ਸਾਲ ਉਥੇ ਰਹਿੰਦਿਆਂ ਉਨ੍ਹਾਂ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ, ਉਂਕਾਰ, ਸਿੱਧ ਗੋਸਟਿ, ਜ਼ਫਰਨਾਮਾ, ਅਕਾਲ ਉਸਤਤਿ ਅਤੇ ਹੋਰ ਬਹੁਤ ਸਾਰੀ ਬਾਣੀ ਕੰਠ ਕਰ ਲਈ। ਬੜੀ ਹਲੀਮੀ ਨਾਲ ਉਹ ਦੱਸਿਆ ਕਰਦੇ ਸਨ ਕਿ ਸਤਿਗੂਰੂ ਦੀ ਰਹਿਮਤ ਸਦਕਾ ਮੈਨੂੰ ਇੰਨੀ ਕੁ ਬਾਣੀ ਕੰਠ ਹੋ ਚੁੱਕੀ ਹੈ ਜਿੰਨੀ ਕੁ



ਬਾਬਾ ਬਲਦੇਵ ਸਿੰਘ ਸੋਢੀ ਲੰਗਰ ਛਕਦੇ ਹੋਏ

ਬਾਈ ਤੇਈ ਘੰਟਿਆਂ 'ਚ ਉਚਾਰਨ ਕੀਤੀ ਜਾ ਸਕੇ। ਅੰਮ੍ਰਿਤਸਰੋਂ ਕਹਿ ਸੁਣ ਕੇ ਪਿੰਡ ਲਿਆਉਣ ਬਾਅਦ ਘਰਦਿਆਂ ਨੇ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ। ਸਾਲ ਛੇ ਮਹੀਨੇ ਘਰੇ ਰਹਿ ਕੇ ਉਹ ਫਿਰ ਇਕ ਰਾਤ ਨਿਕਲ ਤੁਰੇ ਅਤੇ ਮੁੜ ਅੰਮ੍ਰਿਤਸਰ ਉਸੇ ਡੇਰੇ ਜਾ ਪਹੁੰਚੇ। ਐਤਕੀਂ ਉਨ੍ਹਾਂ ਨੂੰ ਸਮਝਾ ਬੁਝਾ ਕੇ ਘਰੇ ਵਾਪਸ ਲਿਆਉਣ ਦੀ ਡਿਊਟੀ ਮੇਰੇ ਭਾਈਆ ਜੀ ਤੇ ਉਨ੍ਹਾਂ ਦੇ ਇਕ ਹੋਰ ਸਾਥੀ ਦੀ ਲੱਗੀ, ਜੋ ਬਾਬਾ ਬਲਦੇਵ ਸਿੰਘ ਦੇ ਲਗਭਗ ਹਾਣ-ਪ੍ਰਵਾਣ ਹੀ ਸਨ।

ਰੱਬ ਜਾਣੇ, ਬਾਬਾ ਜੀ ਦਾ ਆਪਣਾ ਮਨ ਹੀ ਮੁੜ ਪਿਆ, ਜਾਂ ਦੋਂਹ ਮਿੱਤਰਾਂ ਦੀ 'ਪੱਟੀ ਪੜ੍ਹਾਈ' ਹੋਈ ਕਾਟ ਕਰ ਗਈ, ਉਹ ਪੱਕੇ ਤੌਰ 'ਤੇ ਪਿੰਡ ਆ ਕੇ ਰਹਿਣ ਲੱਗੇ। ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਅਤੇ ਦਿਆਲੂ-ਕ੍ਰਿਪਾਲੂ ਸੁਭਾਅ ਬਾਰੇ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ, ਪਰ ਇਥੇ ਮੈਂ ਕੁਝ ਕੁ ਵੇਰਵੇ ਦੇਣਾ ਜ਼ਰੂਰੀ ਸਮਝਦਾ ਹਾਂ।

ਵੱਡੇ ਬਾਬਾ ਜੀ ਦੇ ਚਲਾਣੇ ਤੋਂ ਬਾਅਦ ਦੂਰ-ਦੁਰਾਡੇ ਦੇ ਸਿੱਖ ਸੇਵਕਾਂ ਤੋਂ ਸਾਲਾਨਾ ਕਾਰ-ਭੇਟ ਉਗਰਾਹੁਣ ਦਾ ਸਿਲਸਿਲਾ ਪਰੰਪਰਾ ਅਨੁਸਾਰ ਬਾਬਾ ਬਲਦੇਵ ਸਿੰਘ ਦੇ ਅਰੰਭ ਕਰਨਾ ਸੀ ਪਰ ਆਪ ਨਿੱਜ ਪੂਜਾ ਜਾਂ ਗੁਰੂਡੰਮ ਦੇ ਸਖ਼ਤ ਖ਼ਿਲਾਫ਼ ਸਨ। ਇਨ੍ਹਾਂ ਵਲੋਂ ਇਨਕਾਰ ਕਰ ਦੇਣ 'ਤੇ ਆਪ ਦਾ ਛੋਟਾ ਭਰਾ ਕਾਰ-ਭੇਟ ਉਗਰਾਹੀ ਲਈ ਲੰਮੇ ਟੂਰ ਲਾਉਣ ਲੱਗਾ। ਬੀਬੀਆਂ ਦੇ ਮਨ ਵਿਚ ਅਕਸਰ ਸ਼ਰੀਕੇਬਾਜ਼ੀ ਦੀ ਭਾਵਨਾ ਛੇਤੀ ਪ੍ਰਬਲ ਹੋ ਜਾਂਦੀ ਹੈ। ਸੋ, ਘਰੋਂ ਜ਼ਿਆਦਾ ਜ਼ੋਰ ਪੈਣ 'ਤੇ ਆਪ ਨੇ ਅਣਮੰਨੇ ਜਿਹੇ ਮਨ ਨਾਲ ਮਾਲਵੇ ਦੇ ਸਿੱਖ ਸੇਵਕਾਂ ਪਾਸ ਜਾਣਾ ਸ਼ੁਰੂ ਕਰ ਦਿੱਤਾ। ਫਰਵਰੀ ਦੇ ਪਹਿਲੇ ਹਫ਼ਤੇ ਉਹ ਦੌਰੇ 'ਤੇ ਨਿਕਲ ਜਾਂਦੇ ਅਤੇ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੰਗਰ ਚਲਾ ਕੇ ਟੂਰ ਦੀ ਸਮਾਪਤੀ ਕਰਦੇ। ਉਨ੍ਹਾਂ ਦੇ ਸ਼ਰਧਾਲੂ ਮਾਲ-ਅਸਬਾਬ ਦੇ ਗੱਡੇ ਭਰ ਕੇ ਪਿੰਡ ਦੁਪਾਲਪੁਰ ਛੱਡ ਜਾਂਦੇ।

ਉਨ੍ਹਾਂ ਦਿਨਾਂ ਵਿਚ ਮੈਂ ਸੱਤਵੀਂ-ਅੱਠਵੀ ਵਿਚ ਪੜ੍ਹਦਾ ਹੋਵਾਂਗਾ। ਸੋਢੀ ਸਾਹਿਬ ਦੀ ਗੈਰਹਾਜ਼ਰੀ ਵਿਚ ਉਨ੍ਹਾਂ ਦੇ ਘਰੇ ਸੌਣ-ਪੈਣ ਦੀ ਮੇਰੀ ਜਾਂ ਮੇਰੇ ਭਰਾਵਾਂ ਦੀ ਡਿਊਟੀ ਲੱਗ ਜਾਂਦੀ। ਸ਼ਾਮ ਪੈਂਦਿਆਂ ਹੀ ਮੈਂ ਸੋਢੀਆਂ ਦੇ ਘਰੇ ਪਹੁੰਚ ਜਾਂਦਾ। ਲੈਂਪ ਦੀ ਰੋਸ਼ਨੀ 'ਚ ਨਾਲੇ ਆਪਣਾ 'ਹੋਮ ਵਰਕ' ਕਰਦਾ ਤੇ ਨਾਲੇ ਬਾਬਾ ਜੀ ਦੇ ਬੇਟੀ-ਬੇਟੇ ਨੂੰ 'ਊੜਾ ਐੜਾ' ਪੜ੍ਹਾਉਂਦਾ। ਬਾਬਾ ਜੀ ਦੇ ਘਰੋਂ ਬੀਬੀ ਹਰਜੀਤ ਕੌਰ ਮੇਰੇ ਤੇ ਮੇਰੇ ਭੈਣ-ਭਰਾਵਾਂ ਨਾਲ ਬਹੁਤ ਸਨੇਹ ਕਰਦੇ। ਉਹ ਅਕਸਰ ਆਪਣੇ ਰਿਸ਼ਤੇਦਾਰਾਂ ਨੂੰ ਮੈਥੋਂ ਚਿੱਠੀਆਂ ਲਿਖਾਉਂਦੇ ਰਹਿੰਦੇ। ਮਾਖਿਉਂ ਮਿੱਠੀ 'ਵਾਜ਼ ਵਿਚ ਉਹ ਮੈਨੂੰ ਬੜੇ ਮੋਹ ਨਾਲ ਕਿਹਾ ਕਰਦੇ, "ਚੰਨ, ਅੱਜ ਫਿਰ ਚਿੱਠੀਆਂ ਲਿਖਣੀਆਂ ਨੇ!" ਮੇਰੇ ਪੰਜ ਅੱਖਰਾਂ ਵਾਲੇ ਨਾਂ ਵਿਚੋਂ ਸਿਰਫ਼ ਮਗਰਲੇ ਦੋ ਅੱਖਰ ਜੋੜ ਕੇ ਅੱਜ ਤੱਕ ਮੈਨੂੰ ਕਿਸੇ ਨੇ ਵੀ ਨਹੀਂ ਬੁਲਾਇਆ, ਸਿਵਾਏ ਚਾਚੀ ਜੀ ਤੋਂ।

ਜਦੋਂ ਸੋਢੀ ਸਾਹਿਬ ਟੂਰ ਵਾਪਸੀ 'ਤੇ ਘਰ ਪਹੁੰਚਦੇ ਤਾਂ ਸਿਰੋਪਾ ਵਜੋਂ ਮੈਨੂੰ ਪੱਗ ਅਤੇ ਮਾਲਵੇ ਦੀ ਸੌਗਾਤ ਵਜੋਂ ਡੱਬ-ਖੜੱਬੀ ਖੇਸੀ ਮਿਲਦੀ। ਗੁਰੂ ਕਿਆਂ ਵੱਲੋਂ ਪ੍ਰਾਪਤ ਹੋਈ ਪੱਗ ਨੂੰ ਮੈਂ ਬੜੇ ਚਾਅ ਨਾਲ ਘੋਟ-ਘੋਟ ਕੇ ਬੰਨ੍ਹ ਕੇ ਸਕੂਲੇ ਜਾਂਦਾ ਹੁੰਦਾ ਸਾਂ।

ਬਾਬਾ ਜੀ ਸੱਚ ਬਹੁਤ ਬੇਬਾਕੀ ਨਾਲ ਬੋਲ ਦਿਆ ਕਰਦੇ ਸਨ। ਕਈ ਦਫ਼ਾ ਉਹ ਖੁਦ ਨੂੰ ਵੀ ਨਹੀਂ ਸਨ ਬਖ਼ਸ਼ਦੇ। ਇਕ ਵਾਰ ਕਾਰ-ਭੇਟ ਉਗਰਾਹ ਕੇ ਘਰੇ ਵਾਪਸ ਆਇਆਂ ਨੂੰ ਮੈਂ ਸਹਿਵਨ ਪੁੱਛ ਲਿਆ ਕਿ ਸੋਢੀ ਸਾ'ਬ ਜੀ, ਦੌਰਾ ਸਮਾਪਤ ਹੋ ਗਿਆ? ਉਨ੍ਹਾਂ ਅੱਗਿਉਂ ਤਨਜ਼ੀਆ ਹਾਸੀ ਹੱਸਦਿਆਂ ਉਲਟਾ ਮੈਨੂੰ ਸਵਾਲ ਕਰ ਦਿੱਤਾ, "ਤਰਲੋਚਨ ਸਿੰਘ ਜੀ, ਕਦੇ ਮੰਗਤਿਆਂ ਦੇ ਦੌਰੇ ਵੀ ਖ਼ਤਮ ਹੋ ਸਕਦੇ ਐ?"

ਇਸੇ ਤਰ੍ਹਾਂ ਇਕ ਵਾਰ ਮੈਂ ਨਵਾਂ ਸ਼ਹਿਰ ਜ਼ਿਲ੍ਹੇ ਦੇ ਬਹਿਰਾਮ ਲਾਗੇ ਪਿੰਡ ਚੱਕ ਰਾਮੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਹੋਇਆ ਸਾਂ। ਉਥੇ ਮੈਨੂੰ ਪਤਾ ਲੱਗਾ ਕਿ ਬਾਬਾ ਬਲਦੇਵ ਸਿੰਘ ਹੁਣੀ ਵੀ ਇਸੇ ਪਿੰਡ 'ਚ ਪਧਾਰੇ ਹੋਏ ਹਨ। ਪਤਾ ਕਰ ਕੇ ਮੈਂ ਉਨ੍ਹਾਂ ਦੇ ਠਹਿਰਾਉ ਵਾਲੇ ਘਰ ਜਾ ਪਹੁੰਚਿਆ। ਨੁਆਰੀ ਪਲੰਘ 'ਤੇ ਵਿਛੇ ਗਦੈਲਿਆਂ ਉਪਰ ਚੌਂਕੜਾ ਮਾਰੀ ਬੈਠੇ ਬਾਬਾ ਜੀ ਮੈਨੂੰ ਅਚਾਨਕ ਆਇਆ ਦੇਖ ਕੇ ਮੁਸਕਰਾ ਪਏ, "ਕਾਕਾ ਜੀ, ਤੁਹਾਨੂੰ ਕਿੱਧਰੋਂ ਗੁਰੂਡੰਮੀਆਂ ਦਾ 'ਮੁਸ਼ਕ' ਆ ਗਿਐ?"

ਦੋ ਤਿੰਨ ਕੁ ਸਾਲ ਬੱਧੇ-ਰੁੱਧੇ ਇਹ ਕੰਮ ਕਰਨ ਤੋਂ ਬਾਅਦ ਉਨ੍ਹਾਂ ਇਹ ਉਗਰਾਹੀ ਦੌਰੇ ਪੱਕੇ ਹੀ ਤਿਆਗ ਦਿੱਤੇ। ਰਸਦਾਂ ਲੈ ਕੇ ਘਰੇ ਪਹੁੰਚਣ ਲੱਗ ਪਏ ਸ਼ਰਧਾਲੂ ਸੇਵਕਾਂ ਨੂੰ ਉਨ੍ਹਾਂ ਸਖ਼ਤਾਈ ਨਾਲ ਵਰਜਿਆ ਕਿ ਭਾਈ ਆਪਣੇ ਲਾਗੇ ਦੇ ਗੁਰੂਘਰ ਪਹੁੰਚ ਕੇ ਗੁਰਬਾਣੀ ਸਰਵਣ ਕਰੋ ਤੇ ਜਨਮ ਸਫ਼ਲਾ ਕਰੋ। ਸਰੀਰਾਂ ਦੀ ਥਾਂ ਸ਼ਬਦ ਨਾਲ ਜੁੜੋ। ਆਪਣੇ ਵਡਾਰੂਆਂ ਦੀਆਂ ਸਮਾਧਾਂ 'ਤੇ ਅਖੰਡ ਪਾਠ ਕਰਵਾਉਣ ਜਾਂ ਲੰਗਰ ਚਲਾਉਣ ਵਾਲੇ ਅੰਧ-ਵਿਸ਼ਵਾਸੀਆਂ ਨੂੰ ਸੋਢੀ ਸਾਹਿਬ ਰੱਜ ਕੇ ਭੰਡਦੇ, ਨਾਲੇ ਮਖੌਲ ਕਰਦੇ ਰਹਿੰਦੇ। ਅੰਬਾਂ ਦੇ ਬਾਗ ਵਿਚ ਬਣੀਆਂ ਹੋਈਆਂ ਚਾਰ ਸਮਾਧਾਂ ਬਾਰੇ ਉਨ੍ਹਾਂ ਨੂੰ ਪਤਾ ਸੀ ਕਿ ਇਹ ਸਾਡੇ ਕਿਸ-ਕਿਸ ਬਜ਼ੁਰਗ ਦੀ ਯਾਦ ਵਿਚ ਉਸਾਰੀਆਂ ਹੋਈਆਂ ਹਨ, ਪਰ ਉਨ੍ਹਾਂ ਆਪਣੇ ਬਾਪ ਦੀ ਮੜ੍ਹੀ ਨਹੀਂ ਬਣਾਈ। ਖੁਦ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਕਿਸੇ ਪਰਿਵਾਰਕ ਮੈਂਬਰ ਨੂੰ ਇਸ ਸਥਾਨ 'ਤੇ ਕਦੇ ਪੂਜਾ ਅਰਚਨਾ ਕਰਦੇ ਹੋਏ ਨਹੀਂ ਦੇਖਿਆ।

ਗੁਰੂ ਮਹਾਰਾਜ ਦੇ ਪੱਥਰ ਛਾਪੇ ਵਾਲੇ ਇਕ ਲੜੀਵਾਰ ਸਰੂਪ ਤੋਂ ਇਲਾਵਾ ਉਨ੍ਹਾਂ ਦੇ ਘਰ ਇਤਿਹਾਸਕ ਗ੍ਰੰਥਾਂ, ਕਿਤਾਬਾਂ ਅਤੇ ਪੁਰਾਤਨ ਖਰੜਿਆ ਦਾ ਕਾਫ਼ੀ ਵੱਡਾ ਭੰਡਾਰ ਹੈ। ਇਕ ਦਫ਼ਾ ਬਰਸਾਤਾਂ ਤੋਂ ਬਾਅਦ ਅਸਤਰਾਂ-ਵਸਤਰਾਂ ਨੂੰ ਧੁੱਪ ਲੁਆਉਣ ਸਮੇਂ ਉਨ੍ਹਾਂ ਮੈਨੂੰ ਸਿੱਖ ਰਿਆਸਤਾਂ ਦੇ ਮਹਾਰਾਜਿਆਂ ਵੱਲੋਂ ਆਏ ਹੋਏ ਕਈ ਸੱਦਾ ਪੱਤਰ ਦਿਖਾਏ ਸਨ ਜੋ ਉਨ੍ਹਾਂ (ਰਾਜਿਆਂ) ਦੇ ਸ਼ਹਿਜ਼ਾਦਿਆਂ ਦੇ ਵਿਆਹ ਕਾਰਜਾਂ 'ਤੇ ਸੋਢੀ ਬਾਬਿਆਂ ਨੂੰ ਬੁਲਾਉਣ ਹਿੱਤ ਲਿਖੇ ਗਏ ਸਨ। ਕਲਮਾਂ ਨਾਲ ਖੁਸ਼ਖ਼ਤ ਲਿਖਾਈ ਵਿਚ ਲਿਖੇ ਹੋਏ ਉਹ ਸੱਦਾ ਪੱਤਰ, ਪੁਰਾਤਨ ਹੁਕਮਨਾਮਿਆਂ ਵਰਗੇ ਜਾਪਦੇ ਸਨ। ਆਪਣੇ ਖਾਨਦਾਨ ਦੀਆਂ ਪੁਰਾਣੀਆਂ ਯਾਦਾਂ ਫਰੋਲਦਿਆਂ ਉਨ੍ਹਾਂ ਆਪਣੇ ਬਚਪਨ ਵੇਲੇ ਦੀ ਇਕ ਯਾਤਰਾ ਦਾ ਹਾਲ ਵੀ ਮੈਨੂੰ ਸੁਣਾਇਆ ਸੀ ਜੋ ਉਨ੍ਹਾਂ ਆਪਣੇ ਪਿਤਾ ਨਾਲ ਰਿਆਸਤ ਪਟਿਆਲਾ ਦੇ ਕਿਸੇ ਫਰਜ਼ੰਦ ਦੇ ਅਨੰਦ ਕਾਰਜ ਮੌਕੇ ਕੀਤੀ ਸੀ। ਬਾਬਾ ਜੀ ਦੇ ਦੱਸਣ ਅਨੁਸਾਰ ਸਿੱਖ ਰਿਆਸਤਾਂ ਵਿਚ ਹੋਣ ਵਾਲੇ ਅਜਿਹੇ ਵਿਆਹ-ਸ਼ਾਦੀਆਂ ਦੇ ਸਮਾਗਮਾਂ ਮੌਕੇ ਸੋਢੀਆਂ, ਬੇਦੀਆਂ ਵਾਸਤੇ ਵੱਖ ਵੱਖ ਸ਼ਾਮਿਆਨੇ ਲਗਾਏ ਜਾਂਦੇ ਸਨ ਅਤੇ ਸ਼ਾਹਾਨਾ ਤੌਰ-ਤਰੀਕਿਆਂ ਨਾਲ ਉਨ੍ਹਾਂ ਦੀ ਸੇਵਾ ਕੀਤੀ ਜਾਂਦੀ ਸੀ।

ਉਨ੍ਹਾਂ ਦੇ ਸੁਭਾਅ ਦੀ ਬੜੀ ਵਿਚਿੱਤਰ ਗੱਲ ਇਹ ਸੀ ਕਿ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਧੁਨੰਤਰ ਵਿਦਵਾਨ ਹੋਣ ਦੇ ਬਾਵਜੂਦ ਉਹ ਸਭਾ ਸਮਾਗਮਾਂ ਵਿਚ ਖਾਮੋਸ਼ੀ ਧਾਰਨ ਕਰੀ ਰੱਖਦੇ; ਲੇਕਿਨ ਇਕ-ਦੋ ਬੰਦਿਆਂ 'ਚ ਬੈਠਿਆਂ ਬਾਣੀ ਵਿਆਖਿਆ ਕਰ ਕੇ ਜਾਂ ਵੈਸੇ ਹੀ ਕਿਸੇ ਧਾਰਮਿਕ, ਰਾਜਨੀਤਕ ਤੇ ਸਮਾਜੀ ਮੁੱਦਿਆਂ 'ਤੇ ਵਿਚਾਰ ਰੱਖਦਿਆਂ ਉਹ ਸੁਣਨ ਵਾਲਿਆਂ ਨੂੰ ਕੀਲ ਹੀ ਲੈਂਦੇ ਸਨ। ਵਹਿਮਾਂ-ਭਰਮਾਂ, ਕਰਮ-ਕਾਂਡਾਂ, ਪਾਖੰਡੀ ਸਿਆਸਤਦਾਨਾਂ ਅਤੇ ਭੇਖੀ ਸਾਧਾਂ ਵਿਰੁਧ ਉਹ ਡਟ ਕੇ ਪ੍ਰਚਾਰ ਕਰਦੇ ਸਨ। ਇਕ ਵਾਰ



ਛੇਕੜਲੀ ਉਮਰੇ ਬਾਬਾ ਬਲਦੇਵ ਸਿੰਘ ਸੋਢੀ

ਸਾਡੇ ਪਿੰਡ ਇਕ ਡੇਰੇਦਾਰ ਸਾਧ ਨੇ ਆਪਣੇ ਸਾਥੀਆਂ ਸਮੇਤ ਕਿਸੇ ਦੇ ਘਰ ਸੱਤ ਦਿਨਾਂ ਦਾ 'ਸੰਪਟ ਪਾਠ' ਕੀਤਾ। ਸੋਢੀ ਸਾਹਿਬ ਨੇ ਅਜਿਹੇ ਸੰਪਟ ਪਾਠਾਂ ਨੂੰ ਇਲਾਹੀ ਬਾਣੀ ਦੀ ਘੋਰ ਬੇਅਦਬੀ ਆਖਦਿਆਂ ਪੂਰੇ ਪਿੰਡ ਵਿਚ ਸਾਧਾਂ ਦੀ ਮਨਮਤਿ ਦਾ ਭਾਂਡਾ ਚੰਗੀ ਤਰ੍ਹਾਂ ਭੰਨਿਆ। ਇਹ ਉਨ੍ਹਾਂ ਦੀ ਸਮ-ਦ੍ਰਿਸ਼ਟੀ ਸੋਚ ਹੀ ਸੀ ਕਿ ਉਹ ਕਦੇ ਵੀ ਵੋਟ ਪਾਉਣ ਨਹੀਂ ਸਨ ਜਾਂਦੇ। ਕਿਸੇ ਵੀ ਮਸਲੇ ਬਾਰੇ ਉਹ ਦੁਚਿੱਤੀ ਵਾਲੇ ਖਿਆਲ ਨਹੀਂ ਸਨ ਰੱਖਦੇ। ਹਮੇਸ਼ਾ ਦੋ-ਟੁੱਕ ਫੈਸਲਾ ਹੁੰਦਾ ਸੀ ਉਨ੍ਹਾਂ ਦਾ, ਆਰ ਜਾਂ ਪਾਰ।

ਸਦਾ ਸਤਿ ਚਿਤ ਅਨੰਦ ਰਹਿਣ ਵਾਲੇ ਅਸਲ ਮਹਾਂਪੁਰਖ ਬਾਰੇ ਲਿਖਦਿਆਂ ਮੈਨੂੰ ਉਹ ਸ਼ਿਅਰ ਯਾਦ ਆ ਰਿਹਾ ਹੈ:

ਆਪ ਕੀ ਸ਼ਾਨ ਮੇਂ ਜਬ
ਸਭ ਕੁਝ ਮੈਨੇ ਕਹਿ ਦੀਆ,
ਤੋ ਦਿਲ ਯਿਹ ਕਹਨੇ ਲਗਾ ਕਿ
ਬਾਕੀ ਬਹੁਤ ਕੁਛ ਰਹਿ ਗਿਆ।

ਰੋਜ਼ਾਨਾ ਵੱਡੇ ਤੜਕੇ ਉਠ ਕੇ ਨਿੰਮ ਦੀ ਦਾਤਣ ਕਰਨ ਉਪਰੰਤ ਇਸ਼ਨਾਨ-ਪਾਨ ਸੋਧ ਕੇ ਉਚੀ ਉਚੀ ਬੋਲ ਕੇ ਨਿਤਨੇਮ ਕਰਨ ਵਾਲੇ ਕਿਸੇ ਸਮੇਂ ਗੱਤਕੇ ਦੇ ਨਿਪੁੰਨ ਖਿਡਾਰੀ ਰਹੇ; ਸੱਚ, ਸਹਿਜ, ਸਾਦਗੀ, ਫੁਰਤੀ ਤੇ ਦਲੇਰੀ ਜਿਹੇ ਸਦਗੁਣਾਂ ਨਾਲ ਭਰਪੂਰ ਸਾਡੇ ਸੋਢੀ ਸਾਹਿਬ ਨੇ 21 ਅਪਰੈਲ 2013 ਵਾਲੇ ਦਿਨ ਪੀ.ਜੀ.ਆਈ. ਚੰਡੀਗੜ੍ਹ ਵਿਚ ਆਪਣੇ ਜੀਵਨ ਦਾ ਆਖਰੀ ਸਾਹ ਲਿਆ। 22 ਅਪਰੈਲ ਨੂੰ ਦੁਪਾਲਪੁਰ ਦੇ ਸੋਢੀਆਂ ਦੇ ਬਾਗ ਵਿਚ ਉਨ੍ਹਾਂ ਦੇ ਪੁਰਖਿਆਂ ਦੀਆਂ ਸਮਾਧਾਂ ਸਾਹਮਣੇ ਇਸ ਅਗੰਮੀ ਸ਼ਖ਼ਸੀਅਤ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪਹਿਲੀ ਮਈ 2011 ਨੂੰ ਉਨ੍ਹਾਂ ਦੇ ਘਰੋਂ, ਸਾਡੇ ਚਾਚੀ ਜੀ ਪੂਰੇ ਹੋ ਗਏ ਸਨ। ਪੂਰੇ ਦੋ ਸਾਲ ਬਾਅਦ ਪਹਿਲੀ ਮਈ 2013 ਨੂੰ ਹੀ ਬਾਬਾ ਜੀ ਦੀ ਅੰਤਿਮ ਅਰਦਾਸ ਹੋਈ।

ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ॥



ਬਾਬਾ ਬਲਦੇਵ ਸਿੰਘ ਸੋਢੀ ਦੇ ਵਡੇਰਿਆਂ ਦੀਆਂ ਸਮਾਧਾਂ

# ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ 'ਪਰਵਾਸ ਤੋਂ ਆਵਾਸ ਵੱਲ' ਪ੍ਰਕਾਸ਼ਿਤ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਵਸਦੇ ਪੰਜਾਬੀ ਲੇਖਕਾਂ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ




ਹਰਜਿੰਦਰ ਪੰਧੇਰ ਦੀ ਸੰਪਾਦਨਾ ਹੇਠ ਉਤਰੀ ਅਮਰੀਕਾ ਦੇ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਇਕ ਸੰਗ੍ਰਹਿ 'ਪਰਵਾਸ ਤੋਂ ਆਵਾਸ ਵੱਲ' ਪੰਜਾਬੀ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

ਇਸ ਕਹਾਣੀ ਸੰਗ੍ਰਹਿ ਵਿਚ ਅਮਰੀਕਾ ਅਤੇ ਕੈਨੇਡਾ ਵਿਚ ਰਚੀਆਂ ਗਿਆਰਾਂ-ਗਿਆਰਾਂ ਅਣਛਪੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਪਰਵਾਜ਼ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ ਸ਼ੀਸ਼ੇ 'ਤੇ ਜੰਮੀ ਬਰਫ਼ (ਸੁਰਿੰਦਰ ਸੋਹਲ), ਅਰਥ (ਬਲਦੇਵ ਸਿੰਘ ਗਰੇਵਾਲ), ਕਰਜ਼ (ਹਰਮਹਿੰਦਰ ਚਾਹਲ), ਕਿਸ ਪਹਿ ਖੋਲਉ ਗੰਠੜੀ (ਰਾਣੀ ਨਗੇਂਦਰ), ਗਲੇ 'ਚ ਗੰਢ, ਕੰਨ ਵਿਚ ਤੇਲ (ਮੁਮਤਾਜ਼ ਹੁਸੈਨ), ਲੇਖਾ-ਜੋਖਾ (ਰਾਠੀ ਸੂਰਾਪੁਰੀ), ਚਰਚਿਤ (ਨਵਨੀਤ ਪੰਨੂ), ਕਿਤੇ ਉਹ ਨਾ ਹੋਵੇ (ਡਾ. ਰਵੀ ਸ਼ੇਰਗਿੱਲ), ਕੱਚ ਦੀਆਂ ਤੰਦਾਂ (ਹਰਜਿੰਦਰ ਪੰਧੇਰ), ਵਸੀਅਤ (ਤਾਰਾ ਸਿੰਘ ਸਾਗਰ), ਰੂਹ 'ਤੇ ਉਕਰੇ ਚਿੱਤਰ (ਪ੍ਰੋ. ਹਰਭਜਨ ਸਿੰਘ ), ਵਿਗੜੇ ਹੋਏ ਕਾਮਰੇਡ (ਅਮਰਜੀਤ ਚਾਹਲ), ਵਿਆਹ (ਹਰਪ੍ਰੀਤ ਸੇਖਾ), ਹਾਦਸਾ (ਮਿੰਨੀ ਗਰੇਵਾਲ), ਸੱਪ ਤੇ ਨਿਉਲਾ (ਕੁਲਜੀਤ ਮਾਨ), ਵਿਸ਼ਨੂੰ (ਅੰਮ੍ਰਿਤ ਮਾਨ), ਭਿੰਡੀਆਂ ਤਰੀ ਵਾਲੀਆਂ (ਸੁਰਜੀਤ ਕਲਸੀ), ਮੇਰਾ ਟਰੰਕ (ਬਰਜਿੰਦਰ ਢਿਲੋਂ), ਮੈਨੂੰ ਬੀਬਾ ਕਬੂਤਰ ਚਾਹੀਦਾ (ਕਰਮਜੀਤ ਘੁੰਮਣ), ਪਾਰਲੇ ਪੁਲ (ਸੁਰਜੀਤ), ਬੱਸ! ਹੋਰ ਨ੍ਹੀ! (ਬਲਬੀਰ ਕੌਰ ਸੰਘੇੜਾ) ਅਤੇ ਸੁਰਖ਼ਰੂ (ਮੇਜਰ ਮਾਂਗਟ) ਕਹਾਣੀਆਂ ਸ਼ਾਮਿਲ ਹਨ।

ਸੰਪਾਦਕੀ ਟਿੱਪਣੀ ਤੋਂ ਇਲਾਵਾ ਸਾਰੀਆਂ ਕਹਾਣੀਆਂ ਉਪਰ ਆਲੋਚਨਾਤਮਕ ਝਾਤ ਪਾਉਂਦਾ ਡਾ. ਜਸਵਿੰਦਰ ਸਿੰਘ ਦਾ ਲੇਖ 'ਪਰਵਾਸ ਤੋਂ ਆਵਾਸ ਵੱਲ: ਸਭਿਆਚਾਰਕ ਸਿਆਸਤ ਦੀ ਬਿਰਤਾਂਤਕਾਰੀ' ਸ਼ਾਮਿਲ ਹੈ। ਡਾ. ਰਜਨੀਸ਼ ਬਹਾਦਰ ਦੀ ਭੂਮਿਕਾ ਪ੍ਰਸਤੁਤ ਕਹਾਣੀਆਂ ਦਾ ਨਿਰੀਖਣ ਕਰਨ ਵਿਚ ਸਹਾਈ ਹੁੰਦੀ ਹੈ।

# ਸ਼ਮਸ਼ਾਦ ਬੇਗਮ ਦੀ ਮੌਤ ਬਾਰੇ ਗਲਤ ਇੰਦਰਾਜ ਦਾ ਵਿਵਾਦ ਭਖਿਆ

**ਸ਼ਿਕਾਗੋ:** ਮਿਸਾਲੀ ਗਾਇਕਾ ਸ਼ਮਸ਼ਾਦ ਬੇਗਮ ਦੀ ਮੌਤ ਬਾਰੇ ਕੁਝ ਪੁਸਤਕਾਂ ਵਿਚ ਦਰਜ ਇੰਦਰਾਜ ਬਾਬਤ ਵਿਵਾਦ ਨੇ ਕਹਿੰਦੇ-ਕਹਾਉਂਦੇ ਵਿਦਵਾਨਾਂ ਦੇ ਚਿਹਰਿਆਂ ਤੋਂ ਪਰਦੇ ਲਾਹ ਦਿੱਤੇ ਹਨ। ਇਸ ਵਿਚ ਇਨ੍ਹਾਂ ਲੋਕਾਂ ਦੀ ਗੈਰ-ਦਿਆਨਤਦਾਰੀ ਵੀ ਸਾਹਮਣੇ ਆ ਗਈ ਹੈ। ਸ਼ਿਕਾਗੋ ਤੋਂ ਚਲਦੇ ਰੇਡੀਓ ਚੰਨ ਪਰਦੇਸੀ ਨੇ ਇਸ ਬਾਰੇ ਬਾਕਾਇਦਾ ਬਹਿਸ ਚਲਾਈ ਅਤੇ ਸਰੋਤਿਆਂ ਵੱਲੋਂ ਲਾਈ ਸਵਾਲਾਂ ਦੀ ਝੜੀ ਦਾ ਸਬੰਧਤ ਧਿਰਾਂ ਕੋਲ ਕੋਈ ਜਵਾਬ ਨਹੀਂ ਸੀ। ਸਰੋਤਿਆਂ ਨੇ ਅਦਾਰੇ ਦੀ ਇਸ ਪਹੁੰਚ ਨੂੰ ਬੇਹੱਦ ਪਸੰਦ ਕੀਤਾ ਹੈ ਕਿ ਅਦਾਰੇ ਨੇ ਇਸ ਹੋਈ ਗਲਤੀ ਅਤੇ ਇਸ ਗਲਤੀ ਨੂੰ ਪਿੱਛੋਂ ਠੀਕ ਨਾ ਕਰਨ ਵਾਲਿਆਂ ਵੱਲ ਸਹੀ ਉਂਗਲ ਉਠਾਈ ਹੈ।

ਇਸ ਵਿਵਾਦ ਬਾਰੇ ਮੁੱਖ ਤੱਥ ਇਹੀ ਹਨ ਕਿ 1998 ਵਿਚ ਜਿਹੜੀ ਸ਼ਮਸ਼ਾਦ ਬੇਗਮ ਦੀ ਮੌਤ ਹੋਈ ਸੀ, ਉਹ ਕਲਾਸੀਕਲ ਗਾਇਕਾ ਸ਼ਮਸ਼ਾਦ ਬੇਗਮ ਸੀ ਜੋ ਅਦਾਕਾਰਾ ਸਾਇਰਾ ਬਾਨੋ ਦੀ ਨਾਨੀ ਸੀ। ਇਹ ਭੁਲੇਖਾ ਇਕ ਨਾਂ ਹੋਣ ਕਰ ਕੇ ਪਿਆ ਸੀ ਅਤੇ ਉਦੋਂ ਇਸ ਬਾਰੇ ਪਤਾ ਲੱਗਣ 'ਤੇ ਅਗਲੇ ਹੀ ਦਿਨ ਸਭ ਅਖਬਾਰਾਂ ਨੇ ਇਸ ਬਾਰੇ ਸੋਧ ਦੀ ਡੱਬੀ ਲਾ ਦਿੱਤੀ ਸੀ; ਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਨਿੰਦਰ ਘੁਗਿਆਣਵੀ ਦੀ ਪੁਸਤਕ 'ਸਾਡੀਆਂ ਲੋਕ ਗਾਇਕਾਵਾਂ' ਵਿਚ ਵੀ ਸ਼ਮਸ਼ਾਦ ਬੇਗਮ ਦੀ ਮੌਤ ਦੀ ਇਹੀ ਮਿਤੀ ਦਰਜ ਹੈ। ਇਹ ਪੁਸਤਕ 2007 ਵਿਚ ਛਪੀ ਸੀ ਅਤੇ ਇਸ ਤੋਂ ਬਾਅਦ 2009 ਸ਼ਮਸ਼ਾਦ ਬੇਗਮ ਨੂੰ ਪਦਮ ਪੁਰਸਕਾਰ ਵੀ ਮਿਲ ਗਿਆ। ਸਾਰੀ ਦੁਨੀਆਂ ਨੂੰ ਪਤਾ ਲੱਗ ਗਿਆ 'ਕੱਤਿਆ ਕਰੂੰ ਤੇਰਾ ਰੂੰ' ਤੇ ਹੋਰ ਅਜਿਹੇ ਹਿੱਟ ਗੀਤ ਗਾਉਣ ਵਾਲੀ ਸ਼ਮਸ਼ਾਦ ਬੇਗਮ ਜ਼ਿੰਦਾ ਹੈ, ਪਰ ਯੂਨੀਵਰਸਿਟੀ ਨੇ ਆਪਣੀ ਇਹ ਗਲਤੀ ਸੁਧਾਰਨ ਦਾ ਕੋਈ ਯਤਨ ਨਹੀਂ ਕੀਤਾ। ਹੁਣ ਜਦੋਂ ਪੱਤਰਕਾਰਾਂ ਨੇ ਮੌਜੂਦਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੂੰ ਇਸ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਕੋਈ ਢੁਕਵਾਂ ਜਵਾਬ ਦੇਣ ਦੀ ਥਾਂ ਉਲਟਾ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਕੁਝ ਲੋਕ ਜਾਣ-ਬੁੱਝ ਕੇ ਪੁਸਤਕ ਦੇ ਲੇਖਕ ਖਿਲਾਫ ਲਾਬੀ ਬਣਾ ਰਹੇ ਹਨ।





ਐਸ ਅਸ਼ੋਕ ਭੌਰਾ ਦੀ ਪੁਸਤਕ 'ਗੱਲੀਂ ਬਾਤੀਂ' ਅਤੇ ਨਵੀਂ ਪੁਸਤਕ 'ਨੈਣ-ਨਕਸ਼' ਲੈਣ ਲਈ ਸੰਪਰਕ ਕਰੋ




ਫੋਨ: 510-695-4836, 510-512-3401, 847-359-0746


# ਮੇਜਰ ਗੁਰਚਰਨ ਸਿੰਘ ਝੱਜ ਨੇ ਕੁੜੀਆਂ ਦੇ ਕਾਲਜ ਲਈ 3 ਕਰੋੜ ਰੁਪਏ ਦਿੱਤੇ

**ਬਰਨਾਲਾ (ਬਿਊਰੋ):** ਕਲਗੀਧਰ ਟਰਸਟ ਬੜੂ ਸਾਹਿਬ ਵਲੋਂ ਬਰਨਾਲਾ ਜ਼ਿਲੇ ਦੇ ਪਿੰਡ ਮਨਾਲ ਵਿਚ ਲੜਕੀਆਂ ਲਈ ਨਵਾਂ ਅਕਾਲ ਕਾਲਜ ਖੋਲ੍ਹਿਆ ਜਾ ਰਿਹਾ ਹੈ। ਇਸ ਕਾਲਜ ਲਈ ਜ਼ਮੀਨ ਖਰੀਦੀ ਜਾ ਚੁਕੀ ਹੈ। ਦੋ ਸਾਲ ਪਹਿਲਾਂ ਇਸ ਪਿੰਡ ਵਿਚ 87ਵੀਂ ਅਕਾਲ ਅਕਾਦਮੀ ਸ਼ੁਰੂ ਕੀਤੀ ਗਈ ਸੀ। ਪਿੰਡ ਮਨਾਲ ਵਿਚ ਕਾਲਜ ਅਤੇ ਅਕਾਦਮੀ ਲਈ ਦਸ ਏਕੜ ਜ਼ਮੀਨ ਖਰੀਦੀ ਗਈ ਹੈ ਅਤੇ ਇਸ ਲਈ 6 ਲੱਖ ਡਾਲਰ (3 ਕਰੋੜ ਰੁਪਏ) ਦੀ ਰਕਮ ਸ਼ਿਕਾਗੋ ਵਸਦੇ ਅਤੇ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਵਿਤ ਸਕੱਤਰ ਮੇਜਰ ਗੁਰਚਰਨ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਅਟਾਰਨੀ ਨਵਦੀਪ ਸਿੰਘ ਝੱਜ ਵਲੋਂ ਦਾਨ ਵਿਚ ਦਿੱਤੀ ਗਈ ਹੈ। ਹੁਣ ਇਸ ਅਕਾਦਮੀ ਵਿਚ 300 ਤੋਂ ਵੱਧ ਕੁੜੀਆਂ-ਮੁੰਡੇ ਪੜ੍ਹਾਈ ਕਰ ਰਹੇ ਹਨ।




*ਮੇਜਰ ਗੁਰਚਰਨ ਸਿੰਘ ਝੱਜ ਅਤੇ ਉਨ੍ਹਾਂ ਦਾ ਸਪੁੱਤਰ ਨਵਦੀਪ ਸਿੰਘ ਝੱਜ*

ਜ਼ਿਕਰਯੋਗ ਹੈ ਕਿ ਕਲਗੀਧਰ ਟਰਸਟ ਵਲੋਂ ਇਸ ਵੇਲੇ 124 ਅਕਾਲ ਅਕਾਦਮੀਆਂ, 7 ਕਾਲਜ ਅਤੇ 2 ਯੂਨੀਵਰਸਿਟੀਆਂ ਚਲਾਈਆਂ ਜਾ ਰਹੀਆਂ ਹਨ। ਅਕਾਲ ਅਕਾਦਮੀ ਦਾ ਹੈਡ ਕੁਆਰਟਰ ਹਿਮਾਚਲ ਵਿਚ ਸੋਲਨ ਦੇ ਨਜ਼ਦੀਕ ਬੜੂ ਸਾਹਿਬ ਹੈ ਅਤੇ ਇਸ ਵਲੋਂ ਪੰਜਾਬ ਅਤੇ ਹੋਰਨੀਂ ਥਾਂਈਂ ਮਿਆਰੀ ਸਕੂਲ-ਕਾਲਜ ਚਲਾਏ ਜਾ ਰਹੇ ਹਨ।







ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?




- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

***100% SATISFACTION GUARANTEED***

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org

# ਲੈਨਸਿੰਗ ਵਿਚ ਸਜਿਆ ਸ਼ਾਨਦਾਰ ਨਗਰ ਕੀਰਤਨ

**ਲੈਨਸਿੰਗ, ਮਿਸ਼ੀਗਨ (ਦਲਬਾਰਾ ਸਿੰਘ ਮਾਂਗਟ):** ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਨੂੰ ਮੁੱਖ ਰੱਖਦਿਆਂ ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਦੇ ਉਦਮ ਅਤੇ ਮਿਡਵੈਸਟ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੰਘੇ ਸਨਿਚਰਵਾਰ ਨੂੰ ਮਹਾਨ ਨਗਰ ਕੀਰਤਨ ਇਥੇ ਸਜਾਇਆ ਗਿਆ ਜਿਸ ਵਿਚ ਮਿਸ਼ੀਗਨ, ਇੰਡੀਆਨਾ, ਇਲੀਨਾਏ ਅਤੇ ਵਿਸਕਾਨਸਿਨ ਤੋਂ ਇਲਾਵਾ ਕੈਨੇਡਾ ਤੋਂ ਪਹੁੰਚੀਆਂ ਰਿਕਾਰਡਤੋੜ ਸੰਗਤਾਂ ਨੇ ਹਿੱਸਾ ਲਿਆ। ਇਹ ਨੌਵਾਂ ਨਗਰ ਕੀਰਤਨ ਸੀ। ਇਸ ਨਗਰ ਕੀਰਤਨ ਵਿਚ ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਸ਼ਵਾਕਾ, ਡਿਟਰਾਇਟ, ਕੈਂਟਨ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸੈਗੀਨਾਅ, ਬੈਟਲ ਕਰੀਕ ਅਤੇ ਬੈਂਟਨ ਹਾਰਬਰ ਦੇ ਗੁਰੂ ਘਰਾਂ ਦੇ ਪ੍ਰਬੰਧਕ ਅਤੇ ਸੰਗਤਾਂ ਸ਼ਾਮਲ ਸਨ। ਇਸ ਵਾਰ ਦਾ ਨਗਰ ਕੀਰਤਨ ਸੈਂਡੀ ਹੁਕ ਐਲੀਮੈਂਟਰੀ ਸਕੂਲ, ਗੁਰਦੁਆਰਾ ਓਕ ਕਰੀਕ ਅਤੇ ਹੋਰ ਕਿਸੇ ਵੀ ਥਾਂ ਹੋਈ ਨਸਲੀ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਮਰਪਿਤ ਸੀ।

ਨਗਰ ਕੀਰਤਨ ਤੋਂ ਪਹਿਲਾਂ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦੀਵਾਨ ਸਜਿਆ ਜਿਸ ਵਿਚ ਭਾਈ ਤਰਲੋਕ ਸਿੰਘ ਦੇ ਜਥੇ ਤੋਂ ਇਲਾਵਾ ਗੋਬਿੰਦ ਮਾਰਗ ਸੁਸਾਇਟੀ ਕੈਂਟਨ ਤੋਂ ਭਾਈ ਸਿਮਰਨਜੀਤ ਸਿੰਘ, ਗੁਰਦੁਆਰਾ ਡਾਊਨ ਰਿਵਰ, ਡਿਟਰਾਇਟ ਤੋਂ ਭਾਈ ਪ੍ਰਕਾਸ਼ ਸਿੰਘ ਦੇ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਭਾਈ ਕੁਲਵੰਤ ਸਿੰਘ ਪੰਡੋਰੀ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ। ਨਗਰ ਕੀਰਤਨ ਦੇ ਅਰੰਭ ਵਾਲੀ ਥਾਂ ਰਿਵਰ ਫਰੰਟ ਪਾਰਕ ਵਿਚ ਸੰਗਤਾਂ ਸਵੇਰੇ 9 ਵਜੇ ਤੋਂ ਹੀ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਕੁਦਰਤ ਨੇ ਵੀ ਬਹੁਤ ਸੁਹਾਵਣੇ ਮੌਸਮ ਦੀ ਬਖਸ਼ਿਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਨਗਰ ਕੀਰਤਨ ਰਿਵਰ ਫਰੰਟ ਪਾਰਕ ਤੋਂ ਕਰੀਬ ਇਕ ਵਜੇ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਅਤੇ ਖਾਲਸਾਈ ਬਾਣੇ ਵਿਚ ਸਜੇ ਪੰਜ ਪਿਆਰਿਆਂ ਦੀ ਅਗਵਾਨੀ ਹੇਠ ਜੈਕਾਰਿਆਂ ਦੀ ਗੂੰਜ ਵਿਚ ਅਰੰਭ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਸਜਾਈ ਹੋਈ ਪਾਲਕੀ ਵਿਚ ਸੁਸ਼ੋਭਿਤ ਸੀ ਅਤੇ ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ ਦੇ ਸ਼ਬਦ ਦਾ ਗਾਇਨ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਿਹਾ ਸੀ। ਨਗਰ ਕੀਰਤਨ ਵਿਚ ਗੁਰੂ ਮਹਾਰਾਜ ਦੀ ਪਾਲਕੀ ਦੇ ਪਿਛੇ ਵੱਖ ਵੱਖ ਸ਼ਹਿਰਾਂ ਤੋਂ ਸੰਗਤਾਂ ਆਪਣੇ ਹੱਥਾਂ ਵਿਚ ਆਪੋ ਆਪਣੀ ਸੰਸਥਾ ਜਾਂ ਗੁਰੂ ਘਰ ਦੇ ਬੈਨਰ ਫੜੀ ਚੱਲ ਰਹੀਆਂ ਸਨ। ਕਈਆਂ ਨੇ 'ਪੰਜਾਬੀ ਸਾਡੀ ਸ਼ਾਨ ਹੈ, ਪੰਜਾਬੀ ਸਾਡੀ ਪਹਿਚਾਣ ਹੈ', 'ਸਿੱਖ ਭਾਈਚਾਰਾ ਬੋਸਟਨ ਮੈਰਾਥਨ ਧਮਾਕਿਆਂ ਦੀ ਨਿਖੇਧੀ ਕਰਦਾ ਹੈ' ਆਦਿ ਬੈਨਰ ਚੁੱਕੇ ਹੋਏ ਸਨ। ਬੈਟਲ ਕਰੀਕ ਦੀਆਂ ਸੰਗਤਾਂ ਛੋਟੇ ਬੱਚਿਆਂ ਨੂੰ ਕੇਸਰੀ ਟੀ-ਸ਼ਰਟਾਂ ਪੁਆ ਕੇ ਪਹੁੰਚੀਆਂ ਸਨ। ਡਿਟਰਾਇਟ ਤੋਂ ਬੱਚਿਆਂ ਦਾ ਸਕੂਲ ਬੈਂਡ ਵੀ ਨਗਰ ਕੀਰਤਨ ਵਿਚ ਹਾਜ਼ਰ ਸੀ।

ਨਗਰ ਕੀਰਤਨ ਵਿਚ ਲੈਨਸਿੰਗ ਸਿਟੀ ਦੇ ਮੇਅਰ ਵਰਗ ਬਰਨੇਰੋ, ਸਟੇਟ ਸੈਨੇਟਰ ਰਿੱਕ ਜੋਨ, ਪੁਲਿਸ ਮੁਖੀ ਮਾਈਕ ਯੁਲਵਾਂਸਕੀ, ਸਕੂਲ ਸਿੱਖਿਆ ਬੋਰਡ ਦੇ ਮੁਖੀ ਗੁਨੀਰੋਮ ਲੋਪੇਜ਼, ਕਮਿਸ਼ਨਰ ਕੈਰਲ ਵੁਡ, ਸਟੇਟ ਡੈਮੋਕਰੈਟਿਕ ਆਗੂ ਟਾਮ ਕੋਕਰਨ, ਪੁਲਿਸ ਅਫਸਰ ਬਰਾਇਨ ਅਤੇ ਲੈਨਸਿੰਗ ਦੇ ਸਾਬਕਾ ਮੇਅਰ ਟੋਨੀ ਬੈਨਰਾਈਡਜ਼ ਤੋਂ ਇਲਾਵਾ ਸਥਾਨਕ ਅਤੇ ਸਟੇਟ ਲੈਵਲ ਦੇ ਬਹੁਤ ਸਾਰੇ ਅਧਿਕਾਰੀ ਸ਼ਾਮਲ ਹੋਏ।

ਲੈਨਸਿੰਗ ਦੀਆਂ ਵੱਖ ਵੱਖ ਸੜਕਾਂ 'ਤੇ ਕੋਈ ਦੋ ਮੀਲ ਦਾ ਪੈਂਡਾ ਤੈਅ ਕਰਨ ਪਿਛੋਂ ਨਗਰ ਕੀਰਤਨ ਵਾਪਸ ਰਿਵਰ ਫਰੰਟ ਪਾਰਕ ਵਿਚ ਸਮਾਪਤ ਹੋਇਆ। ਪਾਰਕ ਵਿਚ ਵੰਨ ਸਵੰਨੇ ਭੋਜਨ ਪਦਾਰਥਾਂ ਦੇ ਲੰਗਰ ਚੱਲ ਰਹੇ ਸਨ। ਇਹ ਸੇਵਾ ਗਰਿਲ ਆਫ ਇੰਡੀਆ, ਫਲਿੰਟ ਨੇ ਨਿਭਾਈ। ਜੈਕਸਨ ਦੀਆਂ ਸੰਗਤਾਂ ਨੇ ਟੈਂਟਾਂ ਦੀ ਸੇਵਾ ਕੀਤੀ ਅਤੇ ਸਿਟੀ ਆਫ ਲੈਨਸਿੰਗ ਵਲੋਂ ਨਵੀਂ ਸਟੇਜ ਪ੍ਰੋਗਰਾਮ ਲਈ ਬਣਾਈ ਗਈ।

ਨਗਰ ਕੀਰਤਨ ਉਪਰੰਤ ਇਸ ਪਾਰਕ ਵਿਚ ਇਕ ਸਭਿਆਚਾਰਕ ਮੇਲਾ ਕਰਵਾਇਆ ਗਿਆ ਜਿਸ ਦੌਰਾਨ ਵੱਖ ਵੱਖ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਤੋਂ ਇਲਾਵਾ ਗਾਇਕਾਂ ਨੇ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ। ਪ੍ਰੋਗਰਾਮ ਦਾ ਮੰਚ ਸੰਚਾਲਨ ਕਰਦਿਆਂ ਸਭ ਤੋਂ ਪਹਿਲਾਂ ਡਾ. ਹਰਜਿੰਦਰ ਸਿੰਘ ਖਹਿਰਾ ਨੇ ਆਈਆਂ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ ਦੀ ਵਧਾਈ ਦਿੱਤੀ। ਡਾ. ਖਹਿਰਾ ਨੇ ਇਸ ਮੌਕੇ ਸਿਟੀ ਅਤੇ ਸਟੇਟ ਦੇ ਵੱਖ ਵੱਖ ਚੁਣੇ ਅਤੇ ਪ੍ਰਸ਼ਾਸਨੀ ਅਧਿਕਾਰੀਆਂ ਦਾ ਸੰਗਤਾਂ ਨਾਲ ਤੁਆਰਫ ਕਰਾਇਆ। ਇਨ੍ਹਾਂ ਪ੍ਰਤੀਨਿਧੀਆਂ ਅਤੇ ਅਧਿਕਾਰੀਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੀ ਵਧਾਈ ਦਿੱਤੀ। ਸਟੇਟ ਸੈਨੇਟਰ ਰਿਕ ਜੋਨ ਨੇ ਸਟੇਟ ਵਲੋਂ ਅਤੇ ਕੈਰਲ ਵੁਡ ਨੇ ਲੈਨਸਿੰਗ ਸਿਟੀ ਵਲੋਂ ਇਸ ਦਿਹਾੜੇ ਨੂੰ ਸਿੱਖ ਡੇ ਐਲਾਨ ਕੀਤਾ।

ਕੈਨੇਡਾ ਤੋਂ ਉਚੇਚੇ ਤੌਰ 'ਤੇ ਪਹੁੰਚੀ ਹੋਈ ਲਖਵਿੰਦਰ ਸਿੰਘ ਸੰਧੂ ਅਤੇ ਸਾਥੀਆਂ ਦੀ ਭੰਡਾਂ ਦੀ ਟੀਮ ਨੇ ਨਕਲਾਂ ਲਾ ਕੇ ਸਰੋਤਿਆਂ ਨੂੰ ਖੂਬ ਹਸਾਇਆ। ਡਿਟਰਾਇਟ ਤੋਂ ਵਿਰਕ ਵਲੋਂ ਤਿਆਰ ਕੀਤੀ ਗਈ ਭੰਗੜਾ ਟੀਮ ਦੇ ਬੱਚਿਆਂ ਨੇ ਟੀ-ਸ਼ਰਟਾਂ ਅਤੇ ਪੈਂਟਾਂ ਪਹਿਨ ਕੇ ਖੂਬਸੂਰਤ ਭੰਗੜਾ ਪਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ ਅਤੇ ਭੰਗੜੇ ਦਾ ਪਹਿਲਾ ਇਨਾਮ ਵੀ ਜਿੱਤਿਆ। ਛੋਟੇ ਛੋਟੇ ਬੱਚਿਆਂ ਦੀਆਂ ਕਈ ਟੀਮਾਂ ਨੇ ਭੰਗੜੇ ਅਤੇ ਗਿੱਧੇ ਦੀਆਂ ਆਈਟਮਾਂ ਪੇਸ਼ ਕੀਤੀਆਂ। ਕੈਨੇਡਾ ਤੋਂ ਆਏ ਪਰਮਜੀਤ ਸਿੰਘ ਹੰਸ, ਹੈਰੀ ਸੰਧੂ ਅਤੇ ਸਾਥੀਆਂ ਦੇ ਗਰੁਪ ਨੇ ਗੀਤਾਂ ਅਤੇ ਬੋਲੀਆਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਬੈਟਲ ਕਰੀਕ ਦੀਆਂ ਭੰਗੜਾ ਅਤੇ ਗਿੱਧਾ ਟੀਮਾਂ ਨੇ ਦਰਸ਼ਕਾਂ ਦੀਆਂ ਅੱਡੀਆਂ ਥਿਰਕਣ ਲਾ ਦਿੱਤੀਆਂ।

ਪਾਰਕ ਦੇ ਚਾਰੇ ਪਾਸੇ ਵੱਖ ਵੱਖ ਸਟਾਲ ਲੱਗੇ ਹੋਏ ਸਨ ਜਿਨ੍ਹਾਂ ਵਿਚ ਧਾਰਮਿਕ ਲਿਟਰੇਚਰ ਤੋਂ ਇਲਾਵਾ ਖਰੀਦਦਾਰੀ ਦੇ ਸਟਾਲ ਸ਼ਾਮਲ ਸਨ। ਇਕ ਸਟਾਲ ਵਰਲਡਵਾਈਡ ਟਰੈਵਲ ਦੀ ਤਰਫੋਂ ਹਰਪ੍ਰੀਤ ਸਿੰਘ ਨੇ ਰੈਫਲ ਦਾ ਲਾਇਆ ਹੋਇਆ ਸੀ। ਕੱਢੇ ਗਏ ਡਰਾਅ ਲਈ ਟਿਕਟਾਂ ਮਿਸ਼ੀਗਨ, ਇੰਡੀਆਨਾ ਅਤੇ ਇਲੀਨਾਏ ਦੇ ਗੁਰੂ ਘਰਾਂ ਵਿਚ ਵੇਚੀਆਂ ਗਈਆਂ ਸਨ।

ਇਸ ਨਗਰ ਕੀਰਤਨ ਵਿਚ ਭਾਰਤੀ ਹਾਕੀ ਟੀਮ ਦੇ ਸਾਬਕਾ ਖਿਡਾਰੀ ਹਰਦੀਪ ਸਿੰਘ ਬੱਲ ਤੋਂ ਇਲਾਵਾ ਸ਼ਿਕਾਗੋ ਤੋਂ ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ, ਮਿੱਕੀ ਕਾਹਲੋਂ, ਪਰਮਿੰਦਰ ਵਾਲੀਆ, ਜੈਦੇਵ ਸਿੰਘ ਭੱਠਲ ਅਤੇ ਉਨ੍ਹਾਂ ਦੇ ਸਾਥੀ ਪਹੁੰਚੇ ਹੋਏ ਸਨ।

ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਬੰਬੇ ਵੀਡੀਓ ਅਤੇ ਸਿਆਨ ਵੀਡੀਓ ਨੇ ਕੀਤੀ। ਗੈਟ ਪੰਜਾਬੀ ਟੀ ਵੀ ਵਲੋਂ ਇਸ ਸਾਰੇ ਪ੍ਰੋਗਰਾਮ ਨੂੰ ਚੈਨਲ 'ਤੇ ਨਾਲੋ ਨਾਲ ਦਿਖਾਇਆ ਗਿਆ। ਲੋਕਲ ਚੈਨਲਾਂ ਐਨ ਬੀ ਸੀ-3 ਅਤੇ ਐਨ ਸੀ ਬੀ ਸੀ-6 ਵਲੋਂ ਵੀ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ।

ਨਗਰ ਕੀਰਤਨ ਦੇ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਗੁਰੂ ਘਰ ਦੇ ਪ੍ਰਧਾਨ ਕੁਲਦੀਪ ਸਿੰਘ ਦੀ ਅਗਵਾਈ ਹੇਠ ਲਾਡੀ ਮੁਲਤਾਨੀ, ਬਲਬੀਰ ਸਿੰਘ ਲੰਮੇ, ਬਲਬੀਰ ਸਿੰਘ ਹਬੀਬਵਾਲ, ਕਸ਼ਮੀਰ ਸਿੰਘ, ਬਖਸ਼ੀਸ਼ ਸਿੰਘ, ਗੁਰਦੇਵ ਸਿੰਘ, ਜਸਵੰਤ ਸਿੰਘ, ਕਰਨੈਲ ਸਿੰਘ, ਸੁਖਜਿੰਦਰ ਸਿੰਘ, ਕੁਲਵੀਰ ਸਿੰਘ, ਬਲਵਿੰਦਰ ਸਿੰਘ, ਗੁਰਜਿੰਦਰ ਸਿੰਘ ਡਿੰਪਲ, ਕੁਲਵੰਤ ਸਿੰਘ, ਰੇਸ਼ਮ ਸਿੰਘ, ਦਲੇਰ ਸਿੰਘ, ਮਨਜੀਤ ਸਿੰਘ, ਰੇਸ਼ਮ ਸਿੰਘ, ਸੁਭਦਿਆਲ ਸਿੰਘ, ਗੁਰਿੰਦਰ ਸਿੰਘ ਮਿੰਟੂ, ਨਿਰਮਲ ਸਿੰਘ, ਸਵਰਨ ਸਿੰਘ, ਰੂਬੀ, ਬਿੱਲਾ, ਗੁਲਾਬ ਸਿੰਘ, ਸੁਖਵਿੰਦਰ ਸਿੰਘ, ਕੁਲਵਿੰਦਰ ਸਿੰਘ ਅਤੇ ਰਾਜਿੰਦਰ ਸਿੰਘ ਨੇ ਅਣਥੱਕ ਸੇਵਾ ਕੀਤੀ। ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਲਾਡੀ ਮੁਲਤਾਨੀ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸਿੱਖ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਦਾ ਧੰਨਵਾਦ ਕੀਤਾ ਹੈ।

**ਰੈਫਲ ਡਰਾਅ:** ਪਹਿਲਾ ਇਨਾਮ ਭਾਰਤ ਲਈ ਏਅਰ ਟਿਕਟ ਮਨਜੋਤ ਕੌਰ, ਦੂਜਾ ਇਨਾਮ ਮਿੰਨੀ ਆਈਪੈਡ ਗਗਨ ਸਿੰਘ ਸੋਮਾ ਅਤੇ ਤੀਜਾ ਇਨਾਮ ਡਬਲਯੂ ਆਈ ਆਈ ਗੇਮ ਕਨਸੋਲ ਇੰਦਰਜੀਤ ਸਿੰਘ ਨੇ ਜਿੱਤਿਆ। ਹੋਰ ਜਾਣਕਾਰੀ ਲਈ ਵਰਲਡਵਾਈਡ ਟਰੈਵਲ ਨਾਲ ਫੋਨ 734-838-9998 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸਨਿਚਰਵਾਰ 27 ਅਪਰੈਲ ਨੂੰ ਲੈਨਸਿੰਗ (ਮਿਸ਼ੀਗਨ) ਵਿਚ ਸਜਾਏ ਗਏ ਨਗਰ ਕੀਰਤਨ ਦਾ ਇਕ ਦ੍ਰਿਸ਼









ਤਸਵੀਰਾਂ: ਸਿਆਨ ਵੀਡੀਓ

Taj The Indian Curry House
418, Roberts Rd., Chesterton, IN 46304
(Interstate 94, Exit 26A Indiana)
Phone: 219-921-1900






Lunch Buffet
11AM to 2:30PM
ਭਾਰਤੀ ਖਾਣਿਆਂ ਦਾ ਅਨੰਦ ਮਾਣੋ
ਆਪਣੀ ਪਾਰਟੀ ਨੂੰ ਸਵਾਦੀ ਖਾਣਿਆਂ ਨਾਲ ਖੂਬਸੂਰਤ ਬਣਾਓ। ਕੈਟਰਿੰਗ ਲਈ ਕਾਲ ਕਰੋ
Call For Catering:
Paul 219-613-1011 or Vijay 219-308-9846

# ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਟੈਕਸਸ ਸਟੇਟ ਚੈਪਟਰ ਵਲੋਂ

# ਹਿਊਸਟਨ ਵਿਸਾਖੀ ਮੇਲਾ

**May 25, 2013** • *11am-7pm* • *Saturday*

**Venue: 14207 Tomball Pkwy, Houston, TX (Behind Preet Banquet Hall)**



ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਟੈਕਸਸ ਸਟੇਟ ਚੈਪਟਰ ਵਲੋਂ ਸ਼ਾਨਦਾਰ "ਹਿਊਸਟਨ ਵਿਸਾਖੀ ਮੇਲਾ" ਮਈ 25 2013 ਨੂੰ ਪ੍ਰੀਤ ਬੈਂਕੁਇਟ ਹਾਲ ਦੇ ਪਿਛਲੇ ਪਾਸੇ (ਸੱਤ ਏਕੜ) ਦੀਆਂ ਖੁੱਲੀਆਂ ਗਰਾਉਂਡਾਂ ਵਿਚ ਕਰਵਾਇਆ ਜਾ ਰਿਹਾ ਹੈ। ਜਿਸ ਦੌਰਾਨ ਖੇਡ ਟੂਰਨਾਮੈਂਟ ਦੇ ਨਾਲ ਨਾਲ ਸਭਿਆਚਾਰਕ ਮੇਲਾ ਵੀ ਕਰਵਾਇਆ ਜਾ ਰਿਹਾ ਹੈ। ਇਸ ਵਿਚ ਬੱਚਿਆਂ ਦੀਆਂ ਖੇਡਾਂ, ਬਜੁਰਗਾਂ ਦੀ ਰਸਾਕੱਸ਼ੀ, ਦੌੜਾਂ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੀਆਂ। ਕਬੱਡੀ ਵਿਚ ਭਾਗ ਲੈਣ ਲਈ ਕੈਲੀਫੋਰਨੀਆ, ਨਿਊ ਯਾਰਕ, ਡੈਲਸ, ਸਿਆਟਲ ਤੇ ਸ਼ਿਕਾਗੋ ਆਦਿ ਥਾਂਵਾਂ ਤੋਂ ਕਬੱਡੀ ਦੀਆਂ ਟੀਮਾਂ ਪਹੁੰਚਣਗੀਆਂ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਹੁਮਾ ਹੁਮਾ ਕੇ ਇਸ ਮੇਲੇ ਵਿਚ ਪਹੁੰਚੋ ਅਤੇ ਇਸ ਮੇਲੇ ਦੀ ਰੌਣਕ ਵਧਾਓ ਜੀ।

**DIAMOND SPONSOR:** Bawa Jewelers, Monty Singh Real Estate, Pritam Singh Toor, Sukhdev Singh Hayre, Jagjit Singh Mann, Tara Singh Grewal, Daljit Singh, Sudagar Singh Virk. **Grand Sponsors:** Hardial Singh Mangat, Paul Moore.
**VENUE SPONSOR:** Hardial Singh Mangat, Dr. Harpreet Singh Mangat, Preet Banquet Hall

RADIO CHARDI KALA
**Tournament Live Coverage**
**WWW.RADIOCK.COM**
**Dial and Listen 832.551.5038**

**Sponsors:** Hardyal Singh Mangat, Sudagar Singh & Teja Singh virk, Kamaljit Singh Otal, Tara Singh Grewal, Surinder Singh Pamma, Gurdev Singh sidhu, Parmjit Singh Toor, Lal Kumar, Jagjit Singh Gill, Nindar Singh Mangat, Balraj Singh, Amrik Singh (Sparrow), Ajit Dhillon, Satnam Singh (Delhiwala), Ramesh Singh (Delhiwala), Inderpal Singh Juhar, Kashmira Singh, Balwinder Singh - Lake Jackson, Rajinder Singh Ubhi (Raja), Harmeet Singh Ubhi, Harpreet Singh Garcha (Soni), Jaswant Singh Aulakh, Deep Singh Buttar, Jagdish Singh Bhinder, Pargat Singh Sandhar, Inderjit Singh Cheema, Vikram Singh Cheema, Iqbal Singh Tony (Photographer), Dr. Amarbeer Singh Mattewal, Balraj singh Ball, Amar Singh Birring, Jatinderpal Singh Randhawa, Kirpal Singh Gullu, Harjit Singh Bains, Harpal Singh, Parmnarinder Singh Chahal, Hamir Singh Chahal, Mohinder Singh (Mike), Baljinder Singh, Sohan Lal (Freeport), Charan Singh (Conroe), Rakhpal Singh Chahal, Manjeet Singh Cheema, Dhiyan Singh, Dharam Singh Padda, Paramjit Birring, Mohinder Singh Mann, Avninder Singh Sandhar, Gurdeep Singh Jammu, Balbir Singh Padda, Gurmeet Singh Dhoat, Hardeep Singh Dhoat (East West Grocery), Dr. Kamaljeet Singh Pamma, Avtar Singh Pingilia, Ajinderpal Singh, Balbir Singh Dhindsa, Mohinder Singh Mann, Harpreet Singh Kalkat, Harbhajan Singh Dulai, Shivinder Singh Randhawa, Jagdev Singh Khaira, Malkeet Singh Randhawa, Dr. Harbaksh Singh Satia, Dr. Gulsahan Sharma (UTMB), Major Thandi, Dr. Kirpal Singh Judge, Satminder Singh Attal, Boby Singh, Hardip Singh Grewal, Kundan Singh Josan, Sukhwinder Singh Randhawa, Sarwan Singh Virak, Bobby Singh, Anoop Singh (Wingate), Gulshan Jallan.

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਡਾ. ਗੁਰਦੀਪ ਸਿੰਘ ਬੁੱਟਰ (ਚੇਅਰਮੈਨ)
ਫੋਨ: 832-868-7100
ਗੁਰਨਾਮ ਸਿੰਘ ਸੰਧਰ (ਪ੍ਰਧਾਨ)
ਫੋਨ: 713-423-4831
ਡਾ. ਅਜਿੰਦਰ ਸਿੰਘ ਢੱਟ (ਜਨਰਲ ਸਕੱਤਰ)
ਫੋਨ: 832-640-3551
ਡਾ. ਜਸਵੰਤ ਸਿੰਘ ਪੰਧੇਰ (ਖਜ਼ਾਨਚੀ)
ਫੋਨ: 832-613-5755

**For Cultural Participation Call: Sukhpreet Kaur (713-291-5749), Hardeep K. Singh 713-459-4812**

**For Ladies Sports Participation Info Call:** **Kirandeep K. Sidhu (832-594-7388), Varinder K. Cheema (832-266-9400) Navneet Kaur Rimpy (832-656-8040), Jaswinder Kaur (832-883-4949), Parvinder Kaur Virk (979-203-1183)**

***Sports Organizing Committee:***

**Daljit Singh, Ph: 281-235-9637**
**Surinder Singh, Ph: 832-421-1004**
**Nachattar Lehga, Ph: 832-723-6837**
**Gurdev Sidhu, Ph: 832-233-1543**
**Jarnail Singh, Ph: 713-722-7070**
**Gurpreet Toor, Ph: 281-381-9265**
**Manjit Dhindsa, Ph: 832-922-1566**
**Sukhdev Singh, Ph: 832-330-9500**
**Inderbir Mann, Ph: 832-250-6266**
**Kamaljit Mann, Ph: 832-640-3426**
**Kabul Singh Batala, Ph: 713-624-0245**
**Gurcharan S. Sidhu, Ph: 832-797-6466**
**Mukhtiar Singh & Sukhdev Singh (Bombay Sweets) 832-724-1635**

# ਪਿਆਰ ਦੇ ਸ਼ਾਇਰ ਪਾਬਲੋ ਨੇਰੂਦਾ ਦਾ ਮੌਤ ਨਾਲ ਪੇਚਾ

ਕਲਾ ਪਰਿਕਰਮਾ

*ਚਿੱਲੀ ਦੇ ਨੋਬਲ ਇਨਾਮ ਜੇਤੂ ਸ਼ਾਇਰ ਪਾਬਲੋ ਨੇਰੂਦਾ ਦੀ ਮੌਤ ਦਾ ਭੇਤ ਜਾਣਨ ਲਈ ਕਵਾਇਦ ਸ਼ੁਰੂ ਹੋ ਚੁੱਕੀ ਹੈ। ਕਿਹਾ ਜਾਂਦਾ ਹੈ ਕਿ ਉਸ ਨੂੰ ਕੈਂਸਰ ਸੀ ਅਤੇ ਮੌਤ ਦਾ ਕਾਰਨ ਵੀ ਇਹੀ ਬਿਮਾਰੀ ਬਣੀ; ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਸ਼ਾਇਰ ਦੀ ਮੌਤ ਜ਼ਹਿਰ ਨਾਲ ਹੋਈ ਸੀ। ਉਸ ਨੂੰ ਤਖਤਾ ਪਲਟਾਉਣ ਵਾਲੇ ਜਨਰਲ ਅਗਸਤੋ ਪਿਨੋਚੇ ਦੇ ਏਜੰਟਾਂ ਨੇ ਜ਼ਹਿਰ ਦੇ ਕੇ ਮਾਰਿਆ ਸੀ। ਹੁਣ ਮਾਹਿਰਾਂ ਦੀ ਟੀਮ ਨੇ ਮੌਤ ਦਾ ਭੇਤ ਪਤਾ ਲਾਉਣ ਲਈ ਪਾਬਲੋ ਦੀ ਕਬਰ ਫਰੋਲੀ ਹੈ ਅਤੇ ਹੱਡੀਆਂ ਜਾਂਚ ਲਈ ਅਮਰੀਕਾ ਦੀ ਨਾਰਥ ਕੈਰੋਲੀਨਾ ਯੂਨੀਵਰਸਿਟੀ ਦੇ ਚੈਪਲ ਹਿੱਲ ਮੈਡੀਸਨ ਸਕੂਲ ਭੇਜੀਆਂ ਹਨ। -ਸੰਪਾਦਕ*



*ਆਈਲਾ ਨੇਗਰਾ (ਚਿੱਲੀ) 'ਚ ਸਮੁੰਦਰ ਕੰਢੇ ਸ਼ਾਇਰ ਪਾਬਲੋ ਨੇਰੂਦਾ ਦੀ ਕਬਰ ਫਰੋਲ ਰਹੇ ਮੈਡੀਕਲ ਲੀਗਲ ਸਰਵਿਸ ਦੇ ਮੈਂਬਰ।*

ਸੰਦੀਪ ਗਰਗ
ਫੋਨ:91-78370-26550

ਸ਼ਾਇਰ ਪਾਬਲੋ ਨੇਰੂਦਾ ਦੀ ਮੌਤ ਦਾ ਰਹੱਸ ਅੱਜ ਤੱਕ ਕਾਇਮ ਹੈ। ਇਸ ਖੱਬੇ ਪੱਖੀ ਸ਼ਾਇਰ ਦੀ ਮੌਤ 1973 ਦੇ ਫੌਜੀ ਰਾਜ ਪਲਟੇ ਤੋਂ 12 ਦਿਨ ਬਾਅਦ ਭੇਤ ਭਰੀ ਹਾਲਤ ਵਿਚ ਹੋ ਗਈ ਸੀ। ਇਸ ਰਾਜ ਪਲਟੇ ਵਿਚ ਸਮਾਜਵਾਦੀ ਰਾਸ਼ਟਰਪਤੀ ਸਲਵਾਡੋਰ ਅਲੇਂਦੇ ਨੂੰ ਸੱਤਾ ਤੋਂ ਲਾਹ ਕੇ ਜਨਰਲ ਅਗਸਤੋ ਪਿਨੋਚੇ ਨੇ ਕਮਾਨ ਸਾਂਭ ਲਈ ਸੀ। ਦੋ ਸਾਲ ਪਹਿਲਾਂ 2011 ਵਿਚ ਇਹ ਚਰਚਾ ਸ਼ੁਰੂ ਹੋ ਗਈ ਕਿ ਪਾਬਲੋ ਨੇਰੂਦਾ ਨੂੰ ਪਿਨੋਚੇ ਦੇ ਏਜੰਟਾਂ ਨੇ ਉਸ ਦੇ ਡਰਾਈਵਰ ਰਾਹੀਂ ਜ਼ਹਿਰ ਦਿੱਤੀ ਸੀ। ਇਸ ਤੋਂ ਬਾਅਦ ਇਸ ਭੇਤ ਦਾ ਪਤਾ ਲਾਉਣ ਲਈ ਕੰਮ ਵਿੱਢਿਆ ਗਿਆ। ਚਿੱਲੀ ਦੀ ਕਮਿਊਨਿਸਟ ਪਾਰਟੀ ਵੱਲੋਂ ਦਬਾਅ ਕਾਰਨ ਅਦਾਲਤ ਨੇ ਜੂਨ 2011 ਵਿਚ ਪਾਬਲੋ ਦੀ ਮੌਤ ਦਾ ਸੱਚ ਜਾਣਨ ਲਈ ਜਾਂਚ ਨੂੰ ਹਰੀ ਝੰਡੀ ਦੇ ਦਿੱਤੀ ਸੀ। ਪਾਬਲੋ ਨੂੰ 1971 ਵਿਚ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਨੋਬਲ ਇਨਾਮ ਮਿਲਿਆ ਸੀ।

ਪਾਬਲੋ ਨੇਰੂਦਾ (12 ਜੁਲਾਈ 1904-23 ਸਤੰਬਰ 1973) ਦਾ ਅਸਲ ਨਾਂ ਨੇਫਤਾਲੀ ਰਿਕਾਰਡੋ ਰੇਇਸ ਬਸੋਲਤੋ ਸੀ। ਉਸ ਨੇ ਚੈੱਕ ਲੇਖਕ ਜਾਨ ਨੇਰੂਦਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਕਲਮੀ ਨਾਂ ਪਾਬਲੋ ਨੇਰੂਦਾ ਰੱਖ ਲਿਆ। ਉਸ ਦੀਆਂ ਪਿਆਰ ਕਵਿਤਾਵਾਂ ਦੀ ਬੜੀ ਚਰਚਾ ਹੋਈ। ਕੋਲੰਬੀਆ ਦੇ ਮਸ਼ਹੂਰ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨੇ ਉਸ ਨੂੰ 20ਵੀ ਸਦੀ ਦਾ ਮਹਾਨਤਮ ਸ਼ਾਇਰ ਆਖਿਆ। 1948 ਵਿਚ ਜਦੋਂ ਚਿੱਲੀ ਦੇ ਰਾਸ਼ਟਰਪਤੀ ਗੋਂਜ਼ਾਲਵਜ਼ ਵਿਦੀਲਾ ਨੇ ਕਮਿਊਨਿਸਟ ਪਾਰਟੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਤਾਂ ਪਾਬਲੋ ਦੇ ਵੀ ਵਾਰੰਟ ਜਾਰੀ ਕਰ ਦਿੱਤੇ ਗਏ ਸਨ। ਉਸ ਦੇ ਮਿੱਤਰਾਂ-ਸੱਜਣਾਂ ਨੇ ਉਸ ਨੂੰ ਕਈ ਮਹੀਨੇ ਲਕੋਈ ਰੱਖਿਆ ਅਤੇ



ਫਿਰ ਉਹ ਇਕ ਦਿਨ ਦੇਸ਼ ਤੋਂ ਬਾਹਰ ਚਲਾ ਗਿਆ, ਪਰ 1952 ਵਿਚ ਜਦੋਂ ਰਾਸ਼ਟਰਪਤੀ ਗੋਂਜ਼ਾਲਵਜ਼ ਵਿਦੀਲਾ ਦੀ ਸਰਕਾਰ ਡਾਵਾਂਡੋਲ ਹੋ ਗਈ ਅਤੇ ਸਤੰਬਰ 1952 ਵਿਚ ਸਲਵਾਡੋਰ ਅਲੇਂਦੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣੇ ਤਾਂ ਸਲਵਾਡੋਰ ਅਲੇਂਦੇ ਦੇ ਪ੍ਰਚਾਰ ਲਈ ਪਾਬਲੋ ਚਿੱਲੀ ਪਰਤ ਆਇਆ। ਚਿੱਲੀ ਦੀ ਕਮਿਊਨਿਸਟ ਪਾਰਟੀ ਨੇ ਜਦੋਂ ਉਸ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਤਾਂ 30 ਸਤੰਬਰ 1969 ਨੂੰ ਉਸ ਨੇ ਕਿਹਾ ਸੀ ਕਿ ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਸ ਦੀ ਜ਼ਿੰਦਗੀ ਵਿਚ ਸ਼ਾਇਰੀ ਤੇ ਸਿਆਸਤ ਦਾ ਇੰਨਾ ਪੀਡਾ ਰਿਸ਼ਤਾ ਬਣ ਜਾਵੇਗਾ। ਉਹ ਖੁਦ ਸਿਆਸੀ ਕਵਿਤਾਵਾਂ ਤੋਂ ਪਹਿਲਾਂ ਪਿਆਰ ਕਵਿਤਾਵਾਂ ਲਿਖਣ ਦੇ ਹੱਕ ਵਿਚ ਸੀ। ਨੌਜਵਾਨ ਸ਼ਾਇਰਾਂ ਨੂੰ ਵੀ ਉਹ ਇਹੀ ਸਲਾਹ ਦਿੰਦਾ ਸੀ ਕਿ ਸਿਆਸੀ ਕਵਿਤਾਵਾਂ ਤੋਂ ਪਹਿਲਾਂ ਪਿਆਰ ਕਵਿਤਾਵਾਂ ਲਿਖੋ। ਇਸ ਚੋਣ ਲਈ ਪਾਬਲੋ ਨੇਰੂਦਾ ਨੇ ਪੂਰਾ ਟਿਲ ਲਾ ਦਿੱਤਾ, ਪਰ ਚਾਰ ਮਹੀਨੇ ਦੀ ਧੂੰਆਂ-ਧਾਰ ਚੋਣ ਪ੍ਰਚਾਰ ਤੋਂ ਬਾਅਦ ਉਸ ਨੇ ਆਪਣਾ ਨਾਂ ਵਾਪਸ ਲੈ ਲਿਆ ਅਤੇ ਸਲਵਾਡੋਰ ਅਲੇਂਦੇ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਉਹ ਖੱਬੇ ਪੱਖੀਆਂ ਦੀ ਪਾਟੋਧਾੜ ਤੋਂ ਨਿਰਾਸ਼ ਹੋ ਗਿਆ ਸੀ। ਸਲਵਾਡੋਰ ਅਲੇਂਦੇ ਰਾਸ਼ਟਰਪਤੀ ਚੁਣੇ ਗਏ। ਆਪਣੇ ਮਗਰਲੇ ਦਿਨਾਂ ਵਿਚ ਉਹ ਰਾਸ਼ਟਰਪਤੀ ਸਲਵਾਡੋਰ ਅਲੇਂਦੇ ਦੇ ਨੇੜਲੇ ਸਲਾਹਕਾਰਾਂ ਵਿਚ ਸ਼ੁਮਾਰ ਸੀ।

## ਫਿਲਮ 'ਦਿ ਪੋਸਟਮੈਨ' ਦਾ ਨਾਇਕ




*ਪਾਬਲੋ ਨੇਰੂਦਾ ਬਾਰੇ 1994 ਵਿਚ ਇਤਾਲਵੀ ਫਿਲਮ 'ਈ ਪੋਸਤੀਨੋ' ਬਣੀ ਸੀ। ਅਮਰੀਕਾ ਵਿਚ ਇਹ ਫ਼ਿਲਮ 'ਦਿ ਪੋਸਟਮੈਨ' ਦੇ ਨਾਂ ਤਹਿਤ ਰਿਲੀਜ਼ ਹੋਈ, ਪਰ ਕੇਵਿਨ ਕੌਸਟਨਰ ਵੱਲੋਂ ਵੀ ਇਸੇ ਨਾਂ 'ਦਿ ਪੋਸਟਮੈਨ' ਤਹਿਤ ਫ਼ਿਲਮ ਬਣਾਉਣ ਕਾਰਨ ਇਸ ਫਿਲਮ ਦੀਆਂ ਡੀ.ਵੀ.ਡੀਜ਼ ਦਾ ਨਾਂ 'ਈ ਪੋਸਤੀਨੋ: ਦਿ ਪੋਸਟਮੈਨ' ਰੱਖ ਦਿੱਤਾ ਗਿਆ। ਇਹ ਫ਼ਿਲਮ ਪਾਬਲੋ ਨੇਰੂਦਾ ਦੀ ਜ਼ਿੰਦਗੀ ਅਤੇ ਸ਼ਾਇਰੀ 'ਤੇ ਆਧਾਰਤ ਹੈ। ਇਸ ਫ਼ਿਲਮ ਵਿਚ ਪਾਬਲੋ ਨੇਰੂਦਾ ਦਾ ਕਿਰਦਾਰ ਫ਼ਿਲਿਪ ਨੋਇਰੇ ਨੇ ਨਿਭਾਇਆ। ਇਹ ਉਸ ਵੇਲੇ ਦੀ ਕਹਾਣੀ ਹੈ ਜਦੋਂ ਨੇਰੂਦਾ ਇਟਲੀ ਦੇ ਇਕ ਟਾਪੂ 'ਤੇ ਜਲਾਵਤਨੀ ਕੱਟ ਰਿਹਾ ਹੈ। ਉਥੇ ਉਸ ਦਾ ਸੰਪਰਕ, ਮਛੇਰੇ ਦੇ ਮੁੰਡੇ ਨਾਲ ਹੋ ਜਾਂਦਾ ਹੈ। ਇਸ ਮੁੰਡੇ ਦਾ ਪਿਆਰ ਬੜੀ ਪਿਆਰੀ ਕੁੜੀ ਬਿਤਰੀਸ ਰੂਸੋ ਨਾਲ ਹੈ। ਉਹ ਪਾਬਲੋ ਨੇਰੂਦਾ ਦੀਆਂ ਕਵਿਤਾਵਾਂ ਸੁਣਾ-ਸੁਣਾ ਕੇ ਉਹ ਕੁੜੀ ਦਾ ਪਿਆਰ ਹਾਸਲ ਕਰਦਾ ਹੈ। ਇਹ ਫਿਲਮ ਬੜੀ ਸਫਲ ਰਹੀ ਅਤੇ ਇਸ ਨੇ ਬਹੁਤ ਸਾਰੇ ਐਵਾਰਡ ਵੀ ਜਿੱਤੇ। 1995 ਵਿਚ ਆਸਕਰ ਐਵਾਰਡ ਲਈ ਫ਼ਿਲਮ ਦੀਆਂ 5 ਨਾਮਜ਼ਦਗੀਆਂ ਹੋਈਆਂ ਅਤੇ ਇਸ ਨੂੰ ਸਰਵੋਤਮ ਸੰਗੀਤ ਦਾ ਪੁਰਸਕਾਰ ਹਾਸਲ ਹੋਇਆ। ਹੋਰ ਨਾਮਜ਼ਦਗੀਆਂ ਵਿਚ ਸਰਵੋਤਮ ਡਾਇਰੈਕਟਰ, ਸਰਵੋਤਮ ਅਦਾਕਾਰ, ਸਰਵੋਤਮ ਪਟਕਥਾ ਸ਼ਾਮਲ ਸਨ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 11 ਮਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-63



*ਠੰਢ ਗਈ ਤੇ ਚੰਗੀ ਨਹੀਓਂ, ਲਗਦੀ ਮੇਰੀ ਛਾਂ।*
*ਇਹ ਫਿਰ ਮੇਰੀ ਹਾਲਤ ਮਿੱਤਰੋ, ਤੁਸੀਂ ਬਣਾਈ ਤਾਂ।*
*ਜ਼ਖ਼ਮੀ ਕਰ ਕੇ ਪਿੰਡਾ ਮੇਰਾ, ਪੱਟੀਆਂ ਦਿੱਤੀਆਂ ਬੰਨ੍ਹ।*
*ਤੁਸੀਂ ਵੀ ਮੇਰੀ ਹੂਕ ਨੂੰ ਕੇਰਾਂ, ਸੁਣ ਲਓ ਲਾ ਕੇ ਕੰਨ।*
*ਪਿੱਪਲਾਂ ਬੋਹੜਾਂ ਨਾਲ ਜਦੋਂ ਤੱਕ ਕਰਦੇ ਰਹੋਗੇ ਧੱਕਾ।*
*ਲੀਹੇ ਤੁਸਾਂ ਨੇ ਪਾ ਨਹੀਂ ਸਕਣਾ, ਜ਼ਿੰਦਗੀ ਦਾ ਇਹ ਯੱਕਾ।*

## ਕੈਪਸ਼ਨ ਮੁਕਾਬਲਾ-61



ਸੱਥ ਵਿਚ ਹੁਣ ਜੁੜ ਗਈ ਢਾਣੀ
ਸੀਪ ਦੀ ਬਾਜੀ ਮਘਦੀ ਜਾਵੇ।
ਕੱਟਣ, ਪੀਹਣ ਮਗਰੋਂ ਹਰ ਕੋਈ
ਨਾਲ ਰੰਗ ਦੇ ਰੰਗ ਮਿਲਾਵੇ।
ਅੱਖਾਂ ਗੱਡ ਗੱਡ ਝਾਕਣ ਸਾਰੇ
ਪਹਿਲਾਂ ਕਿਹੜਾ ਸੀਪ ਲਗਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਆ ਜਾ ਬਾਬਾ, ਬਹਿ ਜਾ ਬਾਈ,
ਹੋ ਇਕੱਠੇ ਤਾਸ਼ ਦੀ ਬਾਜ਼ੀ ਲਾਣੀ।
ਆ ਜਾ ਕਾਕਾ ਗੁਰ ਸਿੱਖ ਲੈ ਖੜ੍ਹ ਕੇ,
ਤੂੰ ਜ਼ਿੰਦਗੀ ਅਜੇ ਦਾਅ 'ਤੇ ਲਾਣੀ।
ਪਰ ਇੰਜ ਨਹੀਂ ਸਰਨਾ ਸਮਾਂ ਗਵਾ ਕੇ,
ਬਣਨਾ ਪਊ ਤੈਨੂੰ ਸਮੇਂ ਦਾ ਹਾਣੀ।
ਸੋਚ, ਲਗਨ ਤੇ ਮਿਹਨਤ ਹਨ ਤਿੰਨ ਗੁਣ,
ਮੰਜ਼ਿਲ ਜਿਨ੍ਹਾਂ ਦਾ ਭਰਦੀ ਪਾਣੀ।
***-ਅਮਨਦੀਪ ਤੇ ਸਤਿੰਦਰ ਮੰਗਰ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਬੋਹੜਾਂ ਥੱਲੇ ਸੱਥ ਵਿਚ
ਨਹੀਂ ਹੁਣ ਤਾਸ਼ ਖੇਡਦੇ ਬਾਬੇ।
ਹੁਣ ਨਸ਼ਿਆਂ ਨੇ ਘੇਰੇ
ਮਾਝੇ, ਮਾਲਵੇ ਅਤੇ ਦੁਆਬੇ।
ਬੇਗੀ, ਚੌਸਰ, ਯੱਕੇ, ਸਾਰੇ
ਡੁੱਬ ਗਏ ਵਿਚ ਸ਼ਰਾਬ।
ਉਜੜ ਗਿਆ 'ਸੁਰਜੀਤ'
ਅਸਾਡਾ ਉਜੜ ਗਿਆ ਪੰਜਾਬ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

## ਕੈਪਸ਼ਨ ਮੁਕਾਬਲਾ-60



ਨਵੇਂ ਯੁੱਗ ਦੀਆਂ ਨਵੀਆਂ ਬਾਤਾਂ
ਕੀ ਇਹਦੇ ਵਿਚ ਰੌਂਗ।
ਬਹਿ ਕੇ ਸੁਣਦੀ ਆਂ
ਰੋਜ਼ ਬੈਡ 'ਤੇ ਸੌਂਗ।
***-ਮਨਵੀਰ ਫ਼ਰੀਮਾਂਟ***

---

ਢੋਲ ਢਮੱਕਾ ਢੀਚੂੰ-ਮੀਚੂੰ
ਸਮਝ ਨਾ ਭਾਵੇਂ ਆਵੇ।
ਵੱਡੇ ਵੀਰ ਦੀ ਰੀਸੋ ਰੀਸੀ
ਕੰਨਾਂ ਤੋਂ ਨਾ ਲਾਹਵੇ!
***-ਫਕੀਰ ਚੰਦ ਸੈਂਪਲਾ, ਐਲ.ਏ.***

---

ਨਾਲ ਖਿਡੌਣਿਆਂ ਨਹੀਂਓ ਲਗਦਾ
ਸੱਚੀਂ ਮੇਰਾ ਜੀਅ।
ਡੈਡੀ ਆ ਕੇ ਸੌਂ ਗਿਆ ਕੰਮ ਤੋਂ
ਮੰਮੀ ਤੁਰ ਗਈ ਸੀ।
ਗਾਣੇ ਸੁਣ ਕੇ ਵਕਤ ਲੰਘਾਵਾਂ
'ਕੱਲੀ ਕਰ ਲਾਂ ਕੀ?
***-ਗੁਰਵੀਰ ਸਿੰਘ, ਨਿਊ ਯਾਰਕ***

# ਬਲਾਤਕਾਰੀਆਂ ਨੂੰ ਸ਼ਰੇਆਮ ਫਾਂਸੀ ਲਾਈ ਜਾਵੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤ ਦੇ ਵੱਖ ਵੱਖ ਰਾਜਾਂ ਤੋਂ ਜਿਸ ਪ੍ਰਕਾਰ ਬਲਾਤਕਾਰ ਦੀਆਂ ਖਬਰਾਂ ਆ ਰਹੀਆਂ ਹਨ, ਉਹ ਭਾਰਤੀ ਮਾਨਸਿਕਤਾ ਵਿਚ ਵਧ ਰਹੀ ਦਰਿੰਦਗੀ ਦੀਆਂ ਸੂਚਕ ਹਨ। ਨਾਬਾਲਗ ਬਾਲਿਕਾਵਾਂ ਹੀ ਨਹੀਂ ਨੰਨ੍ਹੀਆਂ ਜਿੰਦਾਂ ਇਸ ਦਾ ਸ਼ਿਕਾਰ ਹੋ ਰਹੀਆਂ ਹਨ। ਮਾਨਸਿਕ ਰੋਗਾਂ ਦੇ ਡਾਕਟਰ ਦੱਸ ਸਕਦੇ ਹਨ ਕਿ ਇਸ ਤਰ੍ਹਾਂ ਦੇ ਦੋਸ਼ ਦੀਆਂ ਸ਼ਿਕਾਰ ਹੋਈਆਂ ਬਾਲੜੀਆਂ ਮਰਨ ਤੋਂ ਬੱਚ ਵੀ ਜਾਣ ਤਾਂ ਕਿਹੋ ਜਿਹੀ ਅਭਾਗੀ ਜ਼ਿੰਦਗੀ ਜਿਓਂਦੀਆਂ ਹਨ। ਦੋਸ਼ੀ ਸਮੂਹਕ ਗੁੰਡੇ ਵੀ ਹਨ ਤੇ ਨਿਕਟੀ ਸਾਕ ਸਬੰਧੀ ਵੀ। ਆਪਣੀਆਂ ਧੀਆਂ, ਭੈਣਾਂ ਤੇ ਬਾਲੜੀਆਂ ਵਿਚ ਪਲੇ ਇਹ ਕੁੱਤੇ ਜੇ ਕੁੱਤੇ ਦੀ ਮੌਤ ਵੀ ਮਾਰੇ ਜਾਣ ਤਾਂ ਵੀ ਕਾਫ਼ੀ ਨਹੀਂ। ਨਿਸਚੇ ਹੀ ਇਨ੍ਹਾਂ ਦੀ ਹੋਂਦ ਤੇ ਮਾਨਸਿਕਤਾ ਦੇ ਜ਼ਿੰਮੇਵਾਰ ਨਿਰੇ ਪਾਲਣ-ਪੋਸ਼ਣ ਵਾਲੇ ਮਾਪੇ ਹੀ ਨਹੀਂ ਸਮਾਜਕ ਵਰਤਾਰਾ ਵੀ ਹੈ। ਇਸ ਮਾਨਸਿਕਤਾ ਨੂੰ ਸੁਧਾਰਨ ਲਈ ਬਚਪਨ ਦੀ ਸਿੱਖਿਆ, ਉਸਾਰੂ ਪਾਲਣ-ਪੋਸ਼ਣ ਤੇ ਚੰਗੇਰਾ ਵਾਤਾਵਰਣ ਪੈਦਾ ਕਰਨ ਦੀ ਲੋੜ ਹੈ। ਸਮਾਜਕ ਸ਼ਿਕੰਜੇ ਸਮੇਤ। ਪਰ ਇਸ ਲਈ ਲੰਮਾ ਸਮਾਂ ਚਾਹੀਦਾ ਹੈ।




ਇਸ ਦਾ ਫੌਰੀ ਹੱਲ ਨਵੇਂ ਕਾਨੂੰਨ ਬਣਾਏ ਜਾਣ ਦੀ ਉਡੀਕ ਕੀਤੇ ਬਿਨਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣਾ ਹੈ। ਫਾਂਸੀ ਦੇ ਫੱਟੇ ਉਤੇ ਲਟਕਾ ਕੇ ਮੁਕਤ ਕਰਨਾ ਕਾਫੀ ਨਹੀਂ ਪੱਥਰਾਂ ਤੇ ਛੁਰੀਆਂ ਨਾਲ ਤੜਪਦਾ ਵੀ ਦਿਖਾਈਏ। ਵਹਿਸ਼ੀ ਕਾਰਿਆਂ ਦੀ ਸਜ਼ਾ ਨੂੰ ਵਹਿਸ਼ੀ ਢੰਗ ਨਾਲ ਨੇਪਰੇ ਚਾੜ੍ਹ ਕੇ ਹੀ ਇਨ੍ਹਾਂ ਦਰਿੰਦਿਆਂ ਦੀਆਂ ਅੱਖਾਂ ਖੋਲ੍ਹੀਆਂ ਜਾ ਸਕਦੀਆਂ ਹਨ। ਘੋਰ ਅਪਰਾਧ ਕਰਨ ਵਾਲਿਆਂ ਦੇ ਅੰਗ ਕੱਟ ਕੇ ਤੁਰਦੇ-ਫਿਰਦੇ ਛਡਣਾ ਵੀ ਸਮਾਜ ਲਈ ਖਤਰਨਾਕ ਹੈ। ਇਤਿਹਾਸ ਵਿਚ ਬਿਜਲੀ ਦੇ ਕਰੰਟ ਦੇ ਕੇ ਤੜਫਾਏ ਜਾਣ ਦੇ ਪ੍ਰਮਾਣ ਮਿਲਦੇ ਹਨ। ਵੇਖਣ ਵਾਲਿਆਂ ਉਤੇ ਅਸਰ ਹੁੰਦਾ ਹੈ। ਸਜ਼ਾ ਦਾ ਪ੍ਰਦਰਸ਼ਨ ਕਰਨ ਲਈ ਬਿਜਲਈ ਮੀਡੀਆ ਦੀ ਮਦਦ ਲਈ ਜਾ ਸਕਦੀ ਹੈ। ਜੇ ਅਪੰਗ ਕਰਕੇ ਭੀਖ ਮੰਗਦੇ ਦਿਖਾਈਏ ਤਾਂ ਸਬਕ ਮਿਲ ਸਕਦਾ ਹੈ। ਇਸ ਦਾ ਸਮਾਜ ਉਤੇ ਹੀ ਨਹੀਂ ਪਾਲਣ-ਪੋਸ਼ਣ ਕਰਨ ਵਾਲੇ ਮਾਪਿਆਂ ਉਤੇ ਵੀ ਲੋੜੀਂਦਾ ਅਸਰ ਪੈ ਸਕਦਾ ਹੈ।

ਵੱਡੀ ਗੱਲ ਇਹ ਕਿ ਤੁਰੰਤ ਅਮਲ ਕਰਨ ਦੀ ਲੋੜ ਹੈ। ਚਿਕਿਤਸਾ ਤੇ ਕਾਨੂੰਨ ਦੇ ਮਾਹਿਰਾਂ ਦੀ ਕੋਈ ਝਟ ਫੈਸਲੇ ਦੇਣ ਵਾਲੀ ਕੇਂਦਰੀ ਅਦਾਲਤ ਸਥਾਪਤ ਕਰਕੇ ਉਸ ਨੂੰ ਸਮਾਂ ਬਧ ਫੈਸਲਿਆਂ ਤੇ ਸਜ਼ਾਵਾਂ ਦੇ ਅਧਿਕਾਰ ਦਿੱਤੇ ਜਾ ਸਕਦੇ ਹਨ। ਹੋ ਸਕੇ ਤਾਂ ਛੇਤੀ ਛੇਤੀ ਤਰੀਕਾਂ ਪਾ ਕੇ ਤੁਰੰਤ ਨਿਪਟਾਰਾ ਕੀਤਾ ਜਾਵੇ। ਦਿੱਲੀ ਵਾਲੀ ਦਿਲ ਕੰਬਾਊ ਵਰਦਾਤ ਨੂੰ ਚਾਰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਹੁਣ ਤੱਕ ਮੁੱਖ ਦੋਸ਼ੀ ਨੂੰ ਸਜ਼ਾ ਦਿੱਤੀ ਹੁੰਦੀ ਤਾਂ ਕੁੱਝ ਨਾ ਕੁੱਝ ਅਸਰ ਹੋ ਜਾਣਾ ਸੀ। ਅਜਿਹੇ ਕੇਸ ਨੂੰ ਲਟਕਾਏ ਜਾਣਾ ਵੀ ਮਾੜਾ ਹੈ। ਆਮ ਆਦਮੀ ਦੀ ਦਿਲਚਸਪੀ ਕਾਨੂੰਨਾਂ ਦੀ ਸੋਧ-ਸੁਧਾਈ ਵਿਚ ਨਹੀਂ ਹੁੰਦੀ। ਉਹ ਤਾਂ ਨਤੀਜਾ ਵੇਖਣ ਦਾ ਚਾਹਵਾਨ ਹੁੰਦਾ ਹੈ। ਦਰਿੰਦਗੀ ਵਾਲੇ ਕੇਸਾਂ ਨੂੰ ਆਰਥਕ ਘੁਟਾਲੇ ਕਰਨ ਵਾਲਿਆਂ ਜਿੰਨੀ ਦੇਰ ਲਟਕਾਉਣ ਦਾ ਕੀ ਅਰਥ ਹੈ? ਪੰਜ ਛੇ ਸਾਲ ਦੀਆਂ ਬਾਲੜੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ੀਆਂ ਨੂੰ ਤਾਂ ਤੁਰੰਤ ਫਾਂਸੀ ਲਾਉਣ ਦੀ ਲੋੜ ਹੈ ਤੇ ਉਹ ਵੀ ਸ਼ਰੇਆਮ, ਟੀ.ਵੀ. ਚੈਨਲਾਂ ਉਤੇ ਦਿਖਾਈ ਜਾਣ ਵਾਲੀ। ਫੱਟਾ ਖਿੱਚਣ ਤੋਂ ਪਹਿਲਾਂ ਇੱਟਾਂ-ਵੱਟਿਆਂ ਦੀ ਵਾਛੜ ਕਰਵਾ ਕੇ।

ਛੇਤੀ ਤੋਂ ਛੇਤੀ ਕੁਝ ਨਾ ਕੁਝ ਕਰੀਏ ਜਿਹੜਾ ਅਖਬਾਰਾਂ ਦੇ ਪਾਠਕਾਂ ਅਤੇ ਟੀ.ਵੀ. ਦੇ ਦਰਸ਼ਕਾਂ ਦਾ ਦਿਲ ਦੁਖਾਉਣ ਦੀ ਥਾਂ ਰਾਹਤ ਦੇਵੇ। ਆਮ ਆਦਮੀ ਨੂੰ ਦਰਿੰਦਗੀ ਦੇ ਕਾਰੇ ਦਿਖਾਉਣ ਤੇ ਪੜ੍ਹਾਉਣ ਨਾਲੋਂ ਮਾਨਸਿਕ ਤਸੱਲੀ ਦੇਣ ਦੀ ਲੋੜ ਹੁੰਦੀ ਹੈ। ਉਹ ਦੋਸ਼ੀ ਨੂੰ ਦੋਸ਼ ਦੀ ਸਜ਼ਾ ਭੁਗਤਦੇ ਦੇਖ ਕੇ ਹੀ ਮਿਲ ਸਕਦੀ ਹੈ।

## ਜੰਮੂ-ਕਸ਼ਮੀਰ ਦੀ ਗਵਰਨਰੀ

ਭਾਰਤੀ ਰਾਜਾਂ ਵਿਚ ਜੰਮੂ-ਕਸ਼ਮੀਰ ਦਾ ਪ੍ਰਸ਼ਾਸਨ ਸਾਂਭਣਾ ਬੇਹਦ ਔਖਾ ਮੰਨਿਆ ਜਾਂਦਾ ਹੈ। ਇਥੋਂ ਦੇ ਗਵਰਨਰ ਲਈ ਮੁੱਖ ਮੰਤਰੀ ਦੀ ਸਰਪ੍ਰਸਤੀ ਕਰਨਾ ਹੋਰ ਵੀ ਔਖਾ। ਸ਼੍ਰੀ ਨਰਿੰਦਰ ਨਾਥ ਵੋਹਰਾ ਨੇ ਇਥੋਂ ਦੇ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ ਨੂੰ ਆਪਣੇ ਹਾਣ ਦਾ ਬਣਾ ਕੇ ਕਰਾਮਾਤੀ ਪ੍ਰਾਪਤੀ ਕੀਤੀ ਹੈ। ਆਮ ਤੌਰ 'ਤੇ ਭਾਰਤੀ ਸੈਨਾ ਦੇ ਸੇਵਾ ਮੁਕਤ ਜਰਨੈਲਾਂ ਦੀ ਸਰਪ੍ਰਸਤੀ ਹੇਠ ਇਸ ਅਸੈਨਿਕ ਰਾਜਪਾਲ ਨੇ ਇਥੋਂ ਦੀ ਰਾਜਨੀਤਕ ਤੇ ਸਭਿਆਚਾਰਕ ਸਥਿਤੀ ਨੂੰ ਅਜਿਹੀ ਕੁਸ਼ਲਤਾ ਨਾਲ ਸੰਭਾਲਿਆ ਹੈ ਕਿ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਮੰਗਦੇ ਇਸ ਰਾਜ ਦਾ ਦੂਜੀ ਵਾਰ ਗਵਰਨਰ ਥਾਪਿਆ ਗਿਆ ਹੈ।



*ਨਰਿੰਦਰ ਨਾਥ ਵੋਹਰਾ*

ਮੈਂ ਉਸ ਨੂੰ ਪ੍ਰਸ਼ਾਸਨਕ ਜ਼ਿੰਮੇਵਾਰੀਆਂ ਤੋਂ ਹਟਵੇਂ ਪਿੜ ਵਿਚ ਵਿਚਰਦੇ ਵੇਖਿਆ ਹੈ, ਪਹਿਲਾਂ ਆਪਣੇ ਸਵਰਗਵਾਸੀ ਮਿੱਤਰ ਬਲਵੰਤ ਗਾਰਗੀ ਦੇ ਕਰਜ਼ਨ ਰੋਡ ਵਾਲੇ ਟਿਕਾਣੇ ਉਤੇ ਇੱਕ ਰੰਗੀਨ ਸ਼ਾਮ ਦਾ ਅਨੰਦ ਮਾਣਦਿਆਂ ਤੇ ਫੇਰ ਨਵੀਂ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਦਾ ਨਿਰਦੇਸ਼ਨ ਕਰਦਿਆਂ। ਮੇਰੇ ਮਨ ਉਤੇ ਉਸ ਦੇ ਨਿਰੋਲ ਪੰਜਾਬੀ ਖਲੂਸ ਵਾਲੇ ਉਸਾਰੂ ਸੁਭਾਅ ਦੀ ਡੂੰਘੀ ਛਾਪ ਹੈ। ਉਸ ਨੂੰ ਵਿਚੋਲਗਿਰੀ ਵੀ ਕਰਨੀ ਆਉਂਦੀ ਹੈ ਤੇ ਰਾਜਨੀਤਕ ਸਰਪ੍ਰਸਤੀ ਵੀ। ਉਹ ਕਦਆਵਰ ਹਸਤੀ ਦਾ ਮਾਲਕ ਹੈ। ਮਨਮੋਹਨ ਸਿੰਘ ਸਰਕਾਰ ਵਲੋਂ ਉਸ ਦੀ ਸਿਆਣਪ ਨੂੰ ਪਛਾਣੇ ਜਾਣ ਦਾ ਸਵਾਗਤ ਹੋਣਾ ਚਾਹੀਦਾ ਹੈ।

**ਅੰਤਿਕਾ:**

(ਟੀ ਐਨ ਰਾਜ਼: ਗਾਲਿਬ ਦੀ ਜ਼ਮੀਨ ਵਿਚ)
ਫਾਈਲੇਂ ਚਲਤੀ ਹੈਂ ਕਛੂਆ ਚਾਲ ਸੇ
ਨੋਟ ਬਰਸੇਂ ਤੋ ਰਵਾਨੀ ਔਰ ਹੈ।
ਬਹਿਤਾ ਦਰਿਆ ਕਾਟ ਦੋ ਤਲਵਾਰ ਸੇ
ਇਸ ਤਰਫ ਕਾ ਮੇਰਾ ਪਾਨੀ ਔਰ ਹੈ।
ਰੁਕ ਸਕੇ ਤੋ ਰੋਕ ਲੋ ਮੇਰੀ ਜ਼ੁਬਾਂ
ਇੱਕ ਗ਼ਜ਼ਲ ਮੁਝ ਕੋ ਸੁਨਾਨੀ ਔਰ ਹੈ।

# ਕੈਨੇਡਾ ਵਿਚ ਸੜਕ ਹਾਦਸੇ ਦੌਰਾਨ ਪੰਜਾਬੀ ਪਰਿਵਾਰ ਦੇ ਪੰਜ ਜੀਅ ਹਲਾਕ

**ਸਰੀ:** ਦੱਖਣੀ ਸਰੀ ਵਿਚ ਵਾਪਰੇ ਸੜਕ ਹਾਦਸੇ ਵਿਚ ਸਰੀ ਦੀ 'ਸਚਦੇਵਾ ਸਵੀਟਸ' ਦੇ ਮਾਲਕ ਜੌਲੀ ਸਚਦੇਵਾ ਦਾ ਪਰਿਵਾਰ ਉਸ ਵੇਲੇ ਮੌਤ ਦੇ ਮੂੰਹ ਜਾ ਪਿਆ ਜਦ ਪਰਿਵਾਰ ਦੀ ਕਾਰ ਨੂੰ ਇਕ ਹੋਰ ਵੈਨ ਚਾਲਕ ਨੇ ਲਾਲ ਬੱਤੀ ਟੱਪ ਕੇ ਟੱਕਰ ਮਾਰ ਦਿੱਤੀ। ਸਿੱਟੇ ਵਜੋਂ ਸਚਦੇਵਾ ਪਰਿਵਾਰ ਵਾਲੀ ਕਾਰ ਦੇ ਦੋ ਟੋਟੇ ਹੋ ਗਏ ਤੇ ਕਾਰ ਦਾ ਮਲਬਾ ਦੂਰ ਤੱਕ ਖਿੱਲਰ ਗਿਆ। ਕਾਰ ਵਿਚ ਉਸ ਵੇਲੇ ਜੌਲੀ ਸਚਦੇਵਾ ਦੀ ਪਤਨੀ ਰੀਨਾ, ਮਾਂ ਤੇ ਵਿਆਹੁਤਾ ਭੈਣ ਨੀਲਮ ਤੋਂ ਇਲਾਵਾ ਜੌਲੀ ਦਾ ਪੰਜ ਸਾਲਾ ਪੁੱਤਰ ਅਨੀਸ਼ ਤੇ ਤਿੰਨ ਸਾਲਾ ਧੀ ਜੈਸਿਕਾ ਮੌਜੂਦ ਸਨ।

ਹਾਲੇ ਇਕ ਦਿਨ ਪਹਿਲਾਂ ਹੀ ਸਚਦੇਵਾ ਪਰਿਵਾਰ ਦੇ ਇਸ ਪੰਜ ਸਾਲਾ ਬੱਚੇ ਦਾ ਜਨਮ ਦਿਨ ਸੀ ਤੇ ਉਨ੍ਹਾਂ ਐਤਵਾਰ ਸ਼ਾਮ ਉਸ ਦਾ ਕੇਕ ਕੱਟਣਾ ਸੀ। ਦੁਰਘਟਨਾ ਲਈ ਜ਼ਿੰਮੇਵਾਰ ਸਮਝੇ ਜਾ ਰਹੇ ਵੈਨ ਚਾਲਕ ਦੀ ਉਮਰ 42-43 ਸਾਲ ਦੇ ਕਰੀਬ ਹੈ। ਸਚਦੇਵਾ ਪਰਿਵਾਰ ਨੇੜੇ ਹੀ ਸਥਿਤ 'ਡੇਰਾ ਰਾਧਾ ਸੁਆਮੀ' ਵਿਖੇ ਸਤਿਸੰਗ 'ਚ ਹਿੱਸਾ ਲੈਣ ਤੋਂ ਬਾਅਦ 176 ਸਟਰੀਟ 'ਤੇ ਸਰੀ ਵੱਲ ਨੂੰ ਆ ਰਿਹਾ ਸੀ। ਦੁਰਘਟਨਾ ਵਿਚ ਵੈਨ ਚਾਲਕ ਵੀ ਜ਼ਖਮੀ ਹੋ ਗਿਆ ਤੇ ਉਸ ਨੂੰ ਹੈਲੀਕਾਪਟਰ ਐਂਬੂਲੈਂਸ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ ਗਿਆ।

# ਅਕਾਲੀ ਦਲ-ਭਾਜਪਾ 'ਚ ਸੀਟਾਂ ਦੀ ਵੰਡ ਦਾ ਰੇੜਕਾ ਵਧਿਆ

**ਚੰਡੀਗੜ੍ਹ:** ਪੰਜਾਬ ਦੀਆਂ ਹਾਕਮ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਦੀਆਂ ਸੀਟਾਂ ਦਾ ਵੰਡ ਦਾ ਮਾਮਲਾ ਗੁੰਝਲਦਾਰ ਹੋਣ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਰਬਾਰ ਵਿਚ ਪਹੁੰਚ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬਣਾਈ ਡਾ. ਦਲਜੀਤ ਸਿੰਘ ਚੀਮਾ ਤੇ ਸਾਬਕਾ ਮੰਤਰੀ ਤੀਕਸ਼ਨ ਸੂਦ ਦੋ ਮੈਂਬਰੀ ਕਮੇਟੀ ਦੋਵਾਂ ਪਾਰਟੀਆਂ ਦਰਮਿਆਨ ਸੀਟਾਂ ਦੀ ਵੰਡ ਦੇ ਰੇੜਕੇ ਨੂੰ ਨਬੇੜ ਨਹੀਂ ਸਕੀ ਜਿਸ ਕਰਕੇ ਭਾਜਪਾ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਇਸ ਮੁੱਦੇ ਬਾਰੇ ਮੀਟਿੰਗ ਕੀਤੀ।

ਸੂਤਰਾਂ ਮੁਤਾਬਕ ਭਾਜਪਾ ਆਗੂਆਂ ਨੇ ਮੰਗ ਕੀਤੀ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੀਆਂ 50 ਸੀਟਾਂ ਭਾਈਵਾਲ ਪਾਰਟੀ ਲਈ ਛੱਡੀਆਂ ਜਾਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜਿਨ੍ਹਾਂ ਜ਼ਿਲ੍ਹਿਆਂ ਵਿਚ ਭਾਜਪਾ ਵੱਲੋਂ ਵਿਧਾਨ ਸਭਾ ਦੀ ਚੋਣ ਨਹੀਂ ਲੜੀ ਜਾਂਦੀ ਉਨ੍ਹਾਂ ਜ਼ਿਲ੍ਹਿਆਂ ਵਿਚ ਵੀ ਇਸ ਨੂੰ ਸੀਟਾਂ ਦਿੱਤੀਆਂ ਜਾਣ। ਉਧਰ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਨੂੰ ਜ਼ਿਆਦਾ ਸੀਟਾਂ ਛੱਡਣ ਦਾ ਮਤਲਬ ਕਾਂਗਰਸ ਲਈ ਜਿੱਤ ਦਾ ਰਾਹ ਪੱਧਰਾ ਕਰਨਾ ਹੋਏਗਾ ਕਿਉਂਕਿ ਇਸ ਦਾ ਪਿੰਡਾਂ ਵਿਚ ਆਧਾਰ ਨਹੀਂ।

ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਸੀਟਾਂ ਦੀ ਵੰਡ ਦਾ ਰੇੜਕਾ ਪਿਛਲੇ ਇਕ ਹਫ਼ਤੇ ਤੋਂ ਚੱਲ ਰਿਹਾ ਹੈ। ਅਕਾਲੀ ਦਲ ਭਾਜਪਾ ਨੂੰ 25 ਸੀਟਾਂ ਦੇਣ ਲਈ ਰਾਜ਼ੀ ਹੋਇਆ ਹੈ। ਭਾਜਪਾ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਤੇ ਡਾ. ਦਲਜੀਤ ਸਿੰਘ ਚੀਮਾ ਨਾਲ ਕਈ ਮੀਟਿੰਗਾਂ ਕੀਤੀਆਂ ਪਰ ਇਹ ਬੇਸਿੱਟਾ ਰਹੀਆਂ। ਅਕਾਲੀ ਸੂਤਰਾਂ ਮੁਤਾਬਕ ਸੁਖਬੀਰ ਬਾਦਲ ਭਾਜਪਾ ਨੂੰ 25 ਤੋਂ ਵੱਧ ਸੀਟਾਂ ਦੇਣ ਲਈ ਤਿਆਰ ਨਹੀਂ। ਅਖੀਰ ਭਾਜਪਾ ਆਗੂਆਂ ਨੇ ਮੁੱਖ ਮੰਤਰੀ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ।

ਮੁੱਖ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਭਾਜਪਾ ਆਗੂਆਂ ਨੇ ਕਿਹਾ ਕਿ ਜਥੇਦਾਰਾਂ ਤੇ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਵੱਲੋਂ ਰਾਜਸੀ ਭਾਈਵਾਲਾਂ ਨਾਲ ਤਾਲਮੇਲ ਨਹੀਂ ਬਣਾਇਆ ਜਾ ਰਿਹਾ ਤੇ ਪੰਚਾਇਤ ਸਮਿਤੀਆਂ ਦੇ ਉਮੀਦਵਾਰਾਂ ਦਾ ਆਪਣੇ ਤੌਰ 'ਤੇ ਹੀ ਐਲਾਨ ਕੀਤਾ ਜਾ ਰਿਹਾ ਹੈ। ਭਾਜਪਾ ਆਗੂਆਂ ਨੇ ਸ. ਬਾਦਲ ਨੂੰ ਕਿਹਾ ਕਿ ਪਠਾਨਕੋਟ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿਚ ਬਹੁ ਗਿਣਤੀ ਵਿਧਾਇਕ ਭਾਜਪਾ ਦੇ ਹਨ ਇਸ ਲਈ ਇਨ੍ਹਾਂ ਜ਼ਿਲ੍ਹਿਆਂ ਵਿਚ ਵਧੀਆਂ ਹੋਈਆਂ ਸੀਟਾਂ ਭਾਰਤੀ ਜਨਤਾ ਪਾਰਟੀ ਲਈ ਹੀ ਛੱਡੀਆਂ ਜਾਣ।

ਭਾਜਪਾ ਦੇ ਆਗੂਆਂ ਨੇ 2008 ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਦੌਰਾਨ ਦੋਵਾਂ ਪਾਰਟੀਆਂ ਦੇ ਆਗੂਆਂ ਦਰਮਿਆਨ ਹੋਈ ਖਾਨਾਜੰਗੀ ਦਾ ਮੁੱਦਾ ਚੁੱਕਦਿਆਂ ਸ. ਬਾਦਲ ਨੂੰ ਕਿਹਾ ਕਿ ਆਉਣ ਵਾਲੀਆਂ ਚੋਣਾਂ ਦੌਰਾਨ ਟਕਰਾਅ ਵਾਲੀ ਰਾਜਨੀਤੀ ਤੋਂ ਗੁਰੇਜ਼ ਕੀਤਾ ਜਾਵੇ। ਭਾਜਪਾ ਦੇ ਆਗੂਆਂ ਨੇ ਫਤਹਿਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ, ਬਠਿੰਡਾ, ਫਰੀਦਕੋਟ, ਮੋਗਾ, ਮੁਕਤਸਰ, ਤਰਨ ਤਾਰਨ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਵੀ ਸੀਟਾਂ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੂੰ ਕਿਹਾ ਕਿ ਪਾਰਟੀ ਇਨ੍ਹਾਂ ਜ਼ਿਲ੍ਹਿਆਂ ਵਿਚ ਆਪਣੇ ਕਾਡਰ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਲੜਾਉਣੀਆਂ ਚਾਹੁੰਦੀ ਹੈ।

ਇਨ੍ਹਾਂ ਜ਼ਿਲ੍ਹਿਆਂ ਵਿਚ ਭਾਜਪਾ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਜਾਂਦਾ। ਸ. ਬਾਦਲ ਨੇ ਭਾਜਪਾ ਆਗੂਆਂ ਨੂੰ ਕਿਹਾ ਕਿ ਸੀਟਾਂ ਦੀ ਵੰਡ ਦੇ ਮੁੱਦੇ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਦੇ ਹੋਰ ਆਗੂਆਂ ਨਾਲ ਗੱਲਬਾਤ ਕੀਤੀ ਜਾਵੇਗੀ।

# ਕ੍ਰੈਡਿਟ ਕਾਰਡ ਕਰਜਿਆਂ ਦੀ ਸੰਭਾਲ ਵੇਲੇ ਯਾਦ ਰੱਖਣ ਯੋਗ 6 ਨੁਕਤੇ

ਜੇ ਤੁਸੀਂ ਭਾਰੀ ਕ੍ਰੈਡਿਟ ਕਾਰਡ ਕਰਜਿਆਂ ਨਾਲ ਜੂਝ ਰਹੇ ਹੋ, ਤਾਂ ਉਨ੍ਹਾਂ ਦਾ ਪ੍ਰਬੰਧ ਕਰਨਾ ਕਾਫੀ ਮੁਸ਼ਕਲ ਹੋ ਸਕਦਾ ਹੈ। ਜੇ ਤੁਸੀਂ ਉਨ੍ਹਾਂ ਬਾਰੇ ਸਾਵਧਾਨ ਨਹੀਂ ਹੋ, ਕ੍ਰੈਡਿਟ ਕਾਰਡ ਬਹੁਤ ਭਾਰੀ ਪ੍ਰੇਸ਼ਾਨੀ ਬਣ ਸਕਦੇ ਹਨ। ਹਾਲਾਂਕਿ

**ਵਿਤੀ ਮਾਮਲੇ**

ਸਰਕਾਰ ਨੇ ਕ੍ਰੈਡਿਟ ਕਾਰਡ ਕਾਨੂੰਨਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਹਨ, ਫੇਰ ਵੀ ਕੁੱਝ ਚੀਜ਼ਾਂ ਹਨ ਜਿਹੜੀਆਂ ਤੁਹਾਨੂੰ ਕ੍ਰੈਡਿਟ ਕਾਰਡਾਂ ਨਾਲ ਵਰਤਾਓ ਵੇਲੇ ਯਾਦ ਰੱਖਣੀਆਂ ਚਾਹੀਦੀਆਂ ਹਨ, ਇਨ੍ਹਾਂ ਨਾਲ ਨਿਪਟਣ ਲਈ ਹੇਠਾਂ ਕੁੱਝ ਨੁਕਤੇ ਦਿੱਤੇ ਗਏ ਹਨ, ਜਿਹੜੇ ਤੁਹਾਨੂੰ ਤੁਹਾਡੇ ਕ੍ਰੈਡਿਟ ਕਾਰਡ ਕਰਜਿਆਂ ਦਾ ਬਿਹਤਰ ਪ੍ਰਬੰਧ ਕਰਨ ਵਿਚ ਮਦਦ ਕਰ ਸਕਦੇ ਹਨ।

**ਕ੍ਰੈਡਿਟ ਰਿਪੋਰਟ:** ਤਿੰਨ ਪ੍ਰਮੁੱਖ ਕ੍ਰੈਡਿਟ ਬਿਊਰੋ ਤੋਂ ਹਰ ਸਾਲ ਆਪਣੀ ਕ੍ਰੈਡਿਟ ਰਿਪੋਰਟ ਲਵੋ। ਇਸ ਤਰ੍ਹਾਂ ਤੁਸੀਂ ਆਪਣੇ ਕ੍ਰੈਡਿਟ ਦੀ ਮੌਜੂਦਾ ਸਥਿਤੀ ਤੋਂ ਜਾਣੂੰ ਹੋ ਸਕਦੇ ਹੋ ਅਤੇ ਕੋਈ ਵੀ ਗਲਤ ਭੁਗਤਾਨ ਕਰਨ ਤੋਂ ਬਚ ਸਕਦੇ ਹੋ। ਤੁਹਾਨੂੰ ਕਿਸੇ ਵੀ ਗਲਤ ਜਾਂ ਧੋਖੇਧੜੀ ਵਾਲੀ ਐਂਟਰੀ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ। ਜੇ ਇਸ ਵਿਚ ਕੋਈ ਵੀ ਗਲਤੀ ਹੈ, ਤਾਂ ਉਸ ਨੂੰ ਹਟਾਓ।

**ਕ੍ਰੈਡਿਟ ਰਿਸਕ ਅਤੇ ਕਰਜਾ:** ਜਦੋਂ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਮਿਲ ਕੇ ਕਰਜਾ ਚੁੱਕਦੇ ਹੋ ਜਿਸ ਦਾ ਕ੍ਰੈਡਿਟ ਰਿਕਾਰਡ ਮਾੜਾ ਹੈ, ਤਾਂ ਤੁਹਾਡੇ ਲਈ ਮੁਸ਼ਕਲ ਹੋ ਸਕਦੀ ਹੈ। ਜੇ ਪ੍ਰਮੁੱਖ ਲੈਣਦਾਰ ਕਰਜਾ ਵਾਪਸ ਕਰਨ ਦੇ ਅਸਮਰਥ ਹੈ ਤਾਂ ਤੁਸੀਂ ਹੀ ਜ਼ਿੰਮੇਵਾਰ ਹੋਵੋਗੇ।

**ਆਪਣੀ ਪਛਾਣ ਬਾਰੇ ਜਾਣਕਾਰੀ ਦੇਣਾ:** ਹਰ ਥਾਂ 'ਤੇ ਆਪਣੀ ਪਛਾਣ ਦੀ ਇੱਕੋ ਜਿਹੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੋ। ਹਰ ਵਾਰੀ ਕ੍ਰੈਡਿਟ ਵਾਸਤੇ ਅਪਲਾਈ ਕਰਦੇ ਸਮੇਂ ਜਾਣਕਾਰੀ ਨਾ ਬਦਲੋ। ਤੁਹਾਡੀ ਮੁੱਢਲੀ ਜਾਣਕਾਰੀ, ਜਿਵੇਂ ਕਿ ਤੁਹਾਡਾ ਨਾਂ, ਟੈਲੀਫੋਨ ਨੰਬਰ, ਸੋਸ਼ਲ ਸਕਿਊਰਿਟੀ ਨੰਬਰ ਆਦਿ ਹਮੇਸ਼ਾ ਇੱਕ ਹੀ ਹੋਣੇ ਚਾਹੀਦੇ ਹਨ ਤਾਂ ਜੋ ਫਰਜੀ ਕ੍ਰੈਡਿਟ ਫਾਈਲਾਂ ਅਤੇ ਕ੍ਰੈਡਿਟ ਦੇ ਘਪਲਿਆਂ ਤੋਂ ਬਚਿਆ ਜਾ ਸਕੇ। ਮਿਸਾਲ ਵਜੋਂ ਜੇ ਤੁਸੀਂ ਇੱਕ ਕ੍ਰੈਡਿਟ ਕਾਰਡ ਉਤੇ ਵਿਚਕਾਰਲਾ ਨਾਂ ਇਸਤੇਮਾਲ ਕਰਦੇ ਹੋ, ਤਾਂ ਉਸ ਨੂੰ ਹਮੇਸ਼ਾ ਵਰਤੋ।

**ਕ੍ਰੈਡਿਟ ਆਪਣੇ ਨਾਂ 'ਤੇ ਹੀ ਲਵੋ:** ਕ੍ਰੈਡਿਟ ਦੀ ਜਾਣਕਾਰੀ ਆਪਣੇ ਨਾਂ 'ਤੇ ਹੀ ਲਵੋ। ਜੇ ਤੁਹਾਡੇ ਕੋਲ ਕ੍ਰੈਡਿਟ ਰਿਪੋਰਟ ਨਹੀਂ ਹੈ ਤਾਂ ਤੁਸੀਂ ਵੱਡੀਆਂ ਚੀਜ਼ਾਂ ਜਿਵੇਂ ਕਿ ਘਰ ਜਾਂ ਕਾਰ ਨਹੀਂ ਖਰੀਦ ਸਕੋਗੇ। ਆਪਣੇ ਵਿਆਹ ਤੋਂ ਬਾਅਦ ਤੁਸੀਂ ਆਪਣੇ ਪਤੀ/ਪਤਨੀ ਦੇ ਅਕਾਊਂਟ ਉਤੇ ਵੀ ਇੱਕ ਅਧਿਕਾਰਪ੍ਰਾਪਤ ਉਪਯੋਗਕਰਤਾ ਦੀ ਤਰ੍ਹਾਂ ਹੱਕ ਜਤਾ ਸਕਦੇ ਹੋ। ਪਰ ਜੇ ਤੁਸੀਂ ਤਲਾਕ ਲੈਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਇਹ ਹੱਕ ਖੋ ਦਿੰਦੇ ਹੋ। ਇਸ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਕ੍ਰੈਡਿਟ ਆਪਣੇ ਹੀ ਨਾਂ 'ਤੇ ਲਵੋ।

**ਕ੍ਰੈਡਿਟ ਕਾਰਡਾਂ ਲਈ ਅਪਲਾਈ ਕਰਨਾ:** ਕ੍ਰੈਡਿਟ ਕਾਰਡ ਵਾਲੇ ਕਈ ਵਾਰ ਤੁਹਾਨੂੰ ਕਿਸੇ ਵੱਡੀ ਪ੍ਰਾਪਤੀ ਦਾ ਝੂਠਾ ਅਹਿਸਾਸ ਕਰਾਉਂਦੇ ਹਨ ਪਰ ਜ਼ਿਆਦਾਤਰ ਹਾਲਾਤ ਵਿਚ ਤੁਸੀਂ ਕਰਜਿਆਂ ਵਿਚ ਫਸ ਜਾਂਦੇ ਹੋ। ਕ੍ਰੈਡਿਟ ਕਾਰਡ ਕਿਸੇ ਆਫਤ ਵੇਲੇ ਇਸਤੇਮਾਲ ਕਰਨ ਲਈ ਹੁੰਦੇ ਹਨ, ਪਰ ਜ਼ਿਆਦਾਤਰ ਲੋਕ ਇਨ੍ਹਾਂ ਨੂੰ ਹਰ ਜਗ੍ਹਾ ਵਰਤਦੇ ਹਨ। ਇਨ੍ਹਾਂ ਪ੍ਰੇਸ਼ਾਨੀਆਂ ਤੋਂ ਬਚਣ ਲਈ ਆਮ ਖਰਚਿਆਂ ਲਈ ਤੁਹਾਨੂੰ ਨਕਦ ਪੈਸੇ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਤੁਹਾਡੇ ਕੋਲ ਸਿਰਫ ਕੁੱਝ ਹੀ ਕਾਰਡ ਨੇ, ਤਾਂ ਤੁਸੀਂ ਆਸਾਨੀ ਨਾਲ ਆਪਣੇ ਖਰਚਿਆਂ ਦਾ ਹਿਸਾਬ ਰੱਖ ਸਕਦੇ ਹੋ ਅਤੇ ਮਾੜੇ ਕ੍ਰੈਡਿਟ ਤੋਂ ਬਚ ਸਕਦੇ ਹੋ।

**ਵੱਧ ਤੋਂ ਵੱਧ ਰਕਮ ਦਾ ਭੁਗਤਾਨ:** ਘੱਟ ਭੁਗਤਾਨ ਕਰਕੇ ਤੁਸੀਂ ਜ਼ਿਆਦਾ ਫਾਇਦਾ ਕਮਾਉਂਦੇ ਹੋ। ਤੁਹਾਡੇ ਜ਼ਿਆਦਾ ਪੈਸੇ ਖਰਚਣ 'ਤੇ ਸਿਰਫ ਇੱਕੋ ਹੀ ਵਿਅਕਤੀ ਫਾਇਦੇ ਵਿਚ ਰਹਿੰਦਾ ਹੈ, ਤੁਹਾਡਾ ਕ੍ਰੈਡਿਟਰ, ਕਿਉਂਕਿ ਤੁਸੀਂ ਵਿਆਜ ਦੇ ਰੂਪ ਵਿਚ ਜ਼ਿਆਦਾ ਭੁਗਤਾਨ ਕਰ ਰਹੇ ਹੋ। ਜਿੰਨਾ ਛੋਟਾ ਭੁਗਤਾਨ ਤੁਸੀਂ ਕਰੋਗੇ, ਤੁਹਾਨੂੰ ਕਰਜਾਮੁਕਤ ਹੋਣ ਵਿਚ ਉਨੀ ਹੀ ਜ਼ਿਆਦਾ ਦੇਰ ਲੱਗੇਗੀ। ਨਤੀਜੇ ਵਜੋਂ, ਤੁਸੀ ਜ਼ਿਆਦਾ ਪੈਸੇ ਅਦਾ ਕਰ ਦਿੰਦੇ ਹੋ। ਇਸ ਲਈ ਤੁਹਾਨੂੰ ਆਪਣਾ ਕਰਜਾ ਵੱਡੀਆਂ ਮਾਸਿਕ ਕਿਸ਼ਤਾਂ ਵਿਚ ਚੁਕਾਉਣਾ ਚਾਹੀਦਾ ਹੈ। ਇਸ ਨਾਲ ਤੁਸੀਂ ਛੇਤੀ ਕਰਜਾਮੁਕਤ ਹੋ ਜਾਓਗੇ।

ਜੇ ਤੁਸੀਂ ਕ੍ਰੈਡਿਟ ਕਾਰਡ ਕਰਜੇ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਊਰਾ ਇੰਕ ਨਾਲ ਫੋਨ 888-888-9914 ਰਾਹੀਂ ਸੰਪਰਕ ਕਰ ਸਕਦੇ ਹੋ।

*-ਸੁਰਿੰਦਰ ਸਿੰਘ*

# ਸ਼੍ਰੋਮਣੀ ਕਮੇਟੀ ਵੱਲੋਂ ਫੰਡਾਂ ਦੀ ਦੁਰਵਰਤੋਂ: ਮਾਨ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਜਿਸ ਦੀ ਪੂਰਤੀ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਸ. ਮਾਨ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਪਾਇਲ ਦੇ ਪਿੰਡ ਗੋਬਿੰਦਪੁਰਾ ਵਿਚ ਸ਼੍ਰੋਮਣੀ ਕਮੇਟੀ ਦੀ 115 ਏਕੜ ਜ਼ਮੀਨ ਨੂੰ ਦਿਲਸ਼ੇਰ ਸਿੰਘ ਤੇ ਉਸ ਦੇ ਸਾਥੀਆਂ ਤੋਂ ਖਾਲੀ ਕਰਵਾਉਣ ਲਈ ਗੁਰੂ ਦੀ ਗੋਲਕ ਵਿਚੋਂ ਤਿੰਨ ਕਰੋੜ ਰੁਪਏ ਦੀ ਅਦਾਇਗੀ ਕਰਨ ਲਈ ਵਰਕਿੰਗ ਕਮੇਟੀ ਨੇ 15 ਮਾਰਚ ਨੂੰ ਮਤਾ ਪਾਸ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤਹਿਤ ਸ਼੍ਰੋਮਣੀ ਕਮੇਟੀ ਨੂੰ ਇਹ ਜ਼ਮੀਨ ਕਾਬਜ਼ਾਂ ਤੋਂ ਵਾਪਸ ਲੈਣ ਲਈ ਆਦੇਸ਼ ਦਿੱਤੇ ਗਏ ਸਨ ਕਿਉਂਕਿ ਦਿਲਸ਼ੇਰ ਸਿੰਘ ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਨੂੰ ਬਿਨਾ ਕੋਈ ਠੇਕਾ ਦਿੱਤੇ ਇਸ ਜ਼ਮੀਨ ਦੀ ਵਾਹੀ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨਾਲ ਮਿਲੀਭੁਗਤ ਕਰਕੇ ਉਸ ਵੱਲੋਂ ਜ਼ਮੀਨ ਦੇ ਠੇਕੇ ਦੀ ਇਕ ਵੀ ਪੈਸੇ ਦੀ ਅਦਾਇਗੀ ਨਹੀਂ ਸੀ ਕੀਤੀ ਜਾ ਰਹੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਤਾਂ ਉਸ ਨੂੰ 12 ਏਕੜ ਥਾਂ ਛੱਡ ਦਿੱਤੀ ਫਿਰ ਉਸ ਨੂੰ ਪ੍ਰਾਪਤ ਕਰਨ ਲਈ ਉਕਾ ਪੁੱਕਾ ਤਿੰਨ ਕਰੋੜ ਰੁਪਏ ਦੇਣ ਦਾ ਮਤਾ ਪਾਇਆ। ਸ. ਮਾਨ ਨੇ ਕਿਹਾ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੂੰ ਸਿਰਫ਼ ਬਜਟ ਪਾਸ ਕਰਨ ਦੇ ਹੀ ਅਧਿਕਾਰ ਦਿੱਤੇ ਗਏ ਹਨ ਜਦਕਿ ਹੋਰ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਦਾ ਕੋਈ ਕਾਨੂੰਨੀ ਹੱਕ ਪ੍ਰਾਪਤ ਨਹੀਂ। ਉਨ੍ਹਾਂ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਵਿੱਤੀ ਮਾਮਲਿਆਂ ਤੋਂ ਇਲਾਵਾ ਹੋਰ ਕੰਮ ਕਰਕੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਕਰ ਰਹੇ ਹਨ। ਸ. ਮਾਨ ਨੇ ਇਹ ਵੀ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਚੜ੍ਹਾਏ ਜਾਂਦੇ ਚੰਦੋਏ ਬਾਰੇ ਵੀ ਸ਼ਰਧਾਲੂਆਂ ਦੀ ਲੁੱਟ-ਖਸੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਰੇ ਮਾਮਲੇ ਦੀ ਵੀ ਜਾਂਚ ਹੋਣੀ ਚਾਹੀਦੀ ਹੈ।



## ਜਥੇਦਾਰ ਅਵਤਾਰ ਸਿੰਘ ਵੱਲੋਂ ਦੋਸ਼ਾਂ ਦਾ ਖੰਡਨ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ. ਸਿਮਰਨਜੀਤ ਸਿੰਘ ਮਾਨ ਵਰਗੇ ਆਗੂ ਨੂੰ ਬਿਨਾ ਠੋਸ ਸਬੂਤ ਸ਼੍ਰੋਮਣੀ ਕਮੇਟੀ ਖਿਲਾਫ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਕਰਕੇ ਸੱਚੇ ਪੰਥਕ ਆਗੂ ਦਾ ਰੋਲ ਅਦਾ ਕਰਨਾ ਚਾਹੀਦਾ ਹੈ ਨਹੀਂ ਤਾਂ ਨਕਾਰੇ ਹੋਏ ਆਗੂ ਨੂੰ ਸਮੁੱਚੀਆਂ ਸਿੱਖ ਸੰਗਤਾਂ ਹੋਰ ਨਕਾਰ ਦੇਣਗੀਆਂ। ਜਥੇਦਾਰ ਅਵਤਾਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਦੀ ਕਈ ਸੌ ਏਕੜ ਜ਼ਮੀਨ ਨੂੰ ਕਬਜ਼ੇ ਤੋਂ ਮੁਕਤ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਕੜੀ ਤਹਿਤ ਪਾਇਲ ਦੀ 115 ਏਕੜ ਜ਼ਮੀਨ ਨੂੰ ਵੀ ਕਬਜ਼ਾ ਮੁਕਤ ਕਰਵਾਇਆ ਗਿਆ ਹੈ ਤੇ ਇਸੇ ਤਰ੍ਹਾਂ ਹੀ ਜਿਨ੍ਹਾਂ ਜ਼ਮੀਨਾਂ ਦਾ ਠੇਕਾ 500 ਰੁਪਏ ਪ੍ਰਤੀ ਏਕੜ ਸਾਲਾਨਾ ਸੀ, ਉਸ ਨੂੰ ਵਧੇ ਹੋਏ ਰੇਟਾਂ 'ਤੇ ਠੇਕੇ ਉਪਰ ਚਾੜ੍ਹ ਕੇ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਆਮਦਨ ਵਿਚ ਵਾਧਾ ਕੀਤਾ ਹੈ।

# ਡੇਰਾ ਬੱਲਾਂ ਦੀ ਅੰਮ੍ਰਿਤਬਾਣੀ ਨੂੰ ਹਾਈ ਕੋਰਟ ਵਿਚ ਚੁਣੌਤੀ

**ਜਲੰਧਰ:** ਡੇਰਾ ਸੱਚਖੰਡ ਬੱਲਾਂ ਵੱਲੋਂ ਬਣਾਈ ਗਈ 'ਅੰਮ੍ਰਿਤਬਾਣੀ' ਨੂੰ ਚੁਣੌਤੀ ਦਿੰਦਿਆਂ ਚੱਕ ਹਕੀਮ ਵਿਚਲੇ ਸ੍ਰੀ ਗੁਰੂ ਰਵਿਦਾਸ ਮੰਦਰ ਦੇਹੁਰਾ ਦੇ ਮੁਖੀ ਮਹੰਤ ਪ੍ਰਸ਼ੋਤਮ ਲਾਲ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਬਜ਼ੁਰਗ ਸੰਤ ਹੀਰਾ ਦਾਸ ਨੇ 1908 ਵਿਚ ਧਾਰਮਿਕ ਗ੍ਰੰਥ ਸ੍ਰੀ ਰਵਿਦਾਸ ਆਪਣੇ ਹੱਥੀਂ ਲਿਖਿਆ ਸੀ ਤੇ ਇਸ ਨੂੰ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ 1912 ਵਿਚ ਛਪਵਾਇਆ ਗਿਆ ਸੀ। ਮਹੰਤ ਪ੍ਰਸ਼ੋਤਮ ਲਾਲ ਨੇ ਦੋਸ਼ ਲਾਇਆ ਕਿ ਸ੍ਰੀ ਰਵਿਦਾਸ ਵਿਚਲੀ ਬਾਣੀ ਨੂੰ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਮੁਖੀ ਸੰਤ ਨਿਰੰਜਣ ਦਾਸ ਤੇ ਸੰਤ ਸੁਰਿੰਦਰ ਦਾਸ ਬਾਵਾ ਨੇ 'ਅੰਮ੍ਰਿਤਬਾਣੀ' ਨਾਂ ਦੀ ਪੁਸਤਕ ਵਿਚ ਦਰਜ ਕਰ ਦਿੱਤਾ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਇਹ ਬਾਣੀ ਸ੍ਰੀ ਗੁਰੂ ਰਵਿਦਾਸ ਦੀ ਨਹੀਂ ਹੈ ਜਦਕਿ ਡੇਰਾ ਬੱਲਾਂ ਵੱਲੋਂ 'ਅੰਮ੍ਰਿਤਬਾਣੀ' ਵਿਚ ਇਹ ਬਾਣੀ ਦਰਜ ਕਰਕੇ ਸੰਗਤ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਅਸਲ ਵਿਚ ਇਹ ਰਚਨਾ ਸੰਤ ਹੀਰਾ ਦਾਸ ਦੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਪਹਿਲਾਂ ਵੀ ਪ੍ਰੈਸ ਕਾਨਫਰੰਸ ਕਰਕੇ ਡੇਰਾ ਸੱਚਖੰਡ ਬੱਲਾਂ ਨੂੰ ਇਸ ਲਈ ਮੁਆਫੀ ਮੰਗਣ ਵਾਸਤੇ ਕਿਹਾ ਸੀ ਪਰ ਉਨ੍ਹਾਂ ਮੁਆਫੀ ਤਾਂ ਕੀ ਮੰਗਣੀ ਸੀ, ਉਲਟਾ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਧਮਕੀਆਂ ਦਿੱਤੀਆਂ ਗਈਆਂ ਜਿਨ੍ਹਾਂ ਦੀ ਸ਼ਿਕਾਇਤ ਉਨ੍ਹਾਂ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਕੀਤੀ ਹੋਈ ਹੈ। ਮਹੰਤ ਪ੍ਰਸ਼ੋਤਮ ਲਾਲ ਨੇ ਕਿਹਾ ਕਿ ਉਹ ਅਗਲੇ ਹਫਤੇ ਡੇਰਾ ਸੱਚਖੰਡ ਬੱਲਾਂ 'ਤੇ ਇਕ ਹੋਰ ਕੇਸ ਕਾਪੀ ਰਾਈਟ ਐਕਟ ਤਹਿਤ ਦਰਜ ਕਰਵਾਉਣਗੇ।

# ਅਮਰੀਕਾ ਗਏ ਵਿਦਿਆਰਥੀਆਂ ਨੇ ਮਾਰੀ ਉਡਾਰੀ

**ਚੰਡੀਗੜ੍ਹ:** ਅਮਰੀਕਾ ਵਿਚ ਵਿੱਦਿਅਕ ਟੂਰ 'ਤੇ ਗਏ ਜਲੰਧਰ ਜ਼ਿਲ੍ਹੇ ਦੇ ਸੱਤ ਵਿਦਿਆਰਥੀਆਂ ਦੇ ਰੂਪੋਸ਼ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦਿੱਲੀ ਦੀ ਅਕੈਡਮੀ ਏਮਜ਼ ਇੰਟਰਨੈਸ਼ਨਲ ਵੱਲੋਂ ਬਣਾਏ ਗਏ ਵਿਦਿਅਕ ਟੂਰ ਤਹਿਤ 50 ਵਿਦਿਆਰਥੀ ਨਾਸਾ ਕੇਂਦਰ ਵਿਖੇ 11 ਅਪਰੈਲ ਨੂੰ ਗਏ ਤੇ ਉਨ੍ਹਾਂ ਨੇ 23 ਅਪਰੈਲ ਨੂੰ ਵਾਪਸ ਆਉਣਾ ਸੀ ਪਰ ਵਾਪਸੀ ਮੌਕੇ ਸਟੇਟ ਪਬਲਿਕ ਸਕੂਲ ਨਕੋਦਰ ਦੇ ਤਿੰਨ, ਸਟੇਟ ਪਬਲਿਕ ਸਕੂਲ ਸ਼ਾਹਕੋਟ ਦੇ ਤਿੰਨ ਤੇ ਐਮ.ਆਰ ਇੰਟਰਨੈਸ਼ਨਲ ਸਕੂਲ ਆਦਮਪੁਰ ਦਾ ਇਕ ਵਿਦਿਆਰਥੀ ਵਿਦੇਸ਼ੋਂ ਵਾਪਸ ਨਹੀਂ ਆਏ।

ਉਧਰ, ਸਕੂਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਖਿਸਕਣ ਵਾਲੇ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਦੀ ਰਜ਼ਾਮੰਦੀ ਨਾਲ ਹੀ ਇਹ ਹਰਕਤ ਕੀਤੀ ਜਾਪਦੀ ਹੈ। ਅਮਰੀਕੀ ਪ੍ਰਸ਼ਾਸਨ ਨੂੰ ਉਨ੍ਹਾਂ ਦੇ ਭੱਜਣ ਬਾਰੇ ਇਤਲਾਹ ਦਿੱਤੀ ਗਈ ਹੈ। ਇਸ ਵਿਦਿਅਕ ਟੂਰ ਤੋਂ ਇਲਾਵਾ ਉਥੋਂ ਦੇ ਮਸ਼ਹੂਰ ਸਾਈਟਸ ਜਿਵੇਂ ਨਾਗਰਾ ਫਾਲਜ਼ ਦੇਖਣ ਦੀ ਵਿਵਸਥਾ ਵੀ ਕੀਤੀ ਗਈ ਸੀ ਜਿਥੋਂ ਇਹ ਵਿਦਿਆਰਥੀ ਆਪਣੇ ਮਾਪਿਆਂ ਦੀ ਰਜ਼ਾਮੰਦੀ ਨਾਲ ਖਿਸਕੇ ਹਨ।

ਇਸ ਵਿਦਿਅਕ ਟੂਰ ਦਾ ਪ੍ਰਬੰਧ ਕਰਨ ਵਾਲੀ ਅਕੈਡਮੀ ਏਮਜ਼ ਇੰਟਰਨੈਸ਼ਨਲ ਦੇ ਪ੍ਰਬੰਧਕ ਸੰਦੀਪ ਸਿੰਘ ਮੁਤਾਬਕ ਉਨ੍ਹਾਂ ਵੱਲੋਂ ਅਜਿਹੇ ਵਿਦਿਅਕ ਪ੍ਰੋਗਰਾਮ ਪਿਛਲੇ ਚਾਰ ਸਾਲਾਂ ਤੋਂ ਉਲੀਕੇ ਜਾ ਰਹੇ ਹਨ ਪਰ ਅਜੇ ਤੱਕ ਅਜਿਹੀ ਕੋਈ ਘਟਨਾ ਨਹੀਂ ਵਾਪਰੀ। 17 ਅਪਰੈਲ ਨੂੰ ਐਮ.ਆਰ ਇੰਟਰਨੈਸ਼ਨਲ ਸਕੂਲ ਆਦਮਪੁਰ ਦਾ ਕਰਮਜੋਤ ਸਿੰਘ ਓਰਲਾਂਡੋ ਤੋਂ ਖਿਸਕ ਗਿਆ ਜਿਥੇ ਛੇ ਵਿਦਿਆਰਥੀ ਗਏ ਸਨ। ਇਥੋਂ ਹੀ ਰਣਜੀਤ ਸਿੰਘ ਵੀ ਖਿਸਕ ਗਿਆ। ਦੋ ਦਿਨਾਂ ਬਾਅਦ ਨਾਗਰਾ ਫਾਲਜ਼ ਦੇਖਣ ਜਾਣ ਮੌਕੇ ਚਾਰ ਹੋਰ ਵਿਦਿਆਰਥੀ ਵੀ ਦੌੜ ਗਏ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਦੇ ਪ੍ਰਤੀਨਿਧ ਵੱਲੋਂ ਅਮਰੀਕਾ ਪ੍ਰਸ਼ਾਸਨ ਨੂੰ ਵੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਰੂਪੋਸ਼ ਹੋਣ ਵਾਲੇ ਵਿਦਿਆਰਥੀਆਂ ਵਿਚ ਸ਼ਾਹਕੋਟ ਸਕੂਲ ਦੇ ਜਸਕਰਨਬੀਰ ਸਿੰਘ ਤੇ ਲਵਦੀਪ ਸਿੰਘ, ਨਕੋਦਰ ਸਕੂਲ ਦੇ ਹਰਪ੍ਰੀਤ ਸਿੰਘ, ਸਾਹਿਲ ਤੇ ਮਨਵੀਰ ਸ਼ਾਮਲ ਹਨ।

# ਸਿੱਖ ਕਤਲੇਆਮ ਦਾ ਕੇਸ ਜਾਣ-ਬੁੱਝ ਕੇ ਲਮਕਾਉਣ ਦਾ ਦੋਸ਼

**ਬਠਿੰਡਾ:** ਹਰਿਆਣਾ ਸਰਕਾਰ ਗੁੜਗਾਓਂ ਵਿਚ 1984 ਵੇਲੇ ਕਤਲ ਹੋਏ 47 ਸਿੱਖਾਂ ਤੇ ਸਾੜੇ ਗਏ 300 ਘਰਾਂ ਦੇ ਮਾਮਲੇ ਦਾ ਕਮਿਸ਼ਨ ਨੂੰ ਜਵਾਬ ਦਾਇਰ ਨਹੀਂ ਕਰ ਰਹੀ ਜਿਸਦਾ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜ. ਭਾਈ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਸਖ਼ਤ ਸਟੈਂਡ ਲਿਆ ਹੈ। ਇੰਜ. ਭਾਈ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਹਰਿਆਣਾ ਸਰਕਾਰ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਹਰਿਆਣਾ ਦੀ ਕਾਂਗਰਸ ਸਰਕਾਰ ਸਿੱਖ ਕਤਲੇਆਮ ਦੇ ਇਸ ਕੇਸ ਨੂੰ ਜਾਣਬੁੱਝ ਕੇ ਲਮਕਾ ਰਹੀ ਹੈ ਤੇ ਪੀੜਤਾਂ ਨੂੰ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਪੀੜਤਾਂ ਲਈ ਇਨਸਾਫ਼ ਵਿਚ ਲਗਾਤਾਰ ਹੋ ਰਹੀ ਦੇਰੀ ਕਾਰਨ ਤਾਲਮੇਲ ਕਮੇਟੀ ਪੀੜਤ ਪਰਿਵਾਰਾਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਦੇ ਸਹਿਯੋਗ ਨਾਲ ਜਲਦੀ ਹੀ ਹਰਿਆਣਾ ਦੇ ਮੁੱਖ ਮੰਤਰੀ ਨਿਵਾਸ ਦਾ ਘਿਰਾਓ ਕਰੇਗੀ। ਸ. ਘੋਲੀਆਂ ਨੇ ਦੱਸਿਆ ਕਿ 1984 ਵੇਲੇ ਹਰਿਆਣਾ ਰਾਜ ਦੇ ਹੋਂਦ ਚਿੱਲੜ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਏ ਗਰਗ ਕਮਿਸ਼ਨ ਦਾ ਦਾਇਰਾ ਪਟੀਸ਼ਨ ਤਹਿਤ ਵਧਾਇਆ ਗਿਆ ਸੀ ਜਿਸ ਵਿਚ ਗੁੜਗਾਓਂ ਤੇ ਪਟੌਦੀ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਨਵੰਬਰ 1984 ਨੂੰ ਗੁੜਗਾਓਂ ਤੇ ਪਟੌਦੀ ਵਿਚ 47 ਸਿੱਖਾਂ ਨੂੰ ਮਾਰਿਆ ਗਿਆ ਸੀ ਤੇ ਇਸ ਵਹਿਸ਼ਿਆਨਾ ਕਾਰੇ ਵਿਚ 300 ਦੇ ਕਰੀਬ ਸਿੱਖਾਂ ਦੇ ਘਰਾਂ ਨੂੰ ਅੱਗ ਲਾ ਕੇ ਉਨ੍ਹਾਂ ਨੂੰ ਵੱਡਾ ਮਾਲੀ ਨੁਕਸਾਨ ਪਹੁੰਚਾਇਆ ਗਿਆ ਸੀ। ਇਸ ਵਹਿਸ਼ੀਆਨਾ ਕਤਲੋਗਾਰਤ ਵਿਚ ਆਪਣੇ ਪਿਤ ਜੋਧ ਸਿੰਘ ਨੂੰ ਗਵਾ ਚੁੱਕੇ ਪੀੜਤ ਸੰਤੋਖ ਸਿੰਘ ਸਾਹਨੀ ਦਾ ਕਹਿਣਾ ਹੈ ਕਿ ਉਹ ਹਰ ਵਾਰ ਤਾਰੀਕ 'ਤੇ ਜਾਂਦੇ ਹਨ ਪਰ ਸਰਕਾਰੀ ਪੱਖ ਵੱਲੋਂ ਕੋਈ ਵੀ ਜਵਾਬ ਦਾਇਰ ਨਾ ਹੋਣ ਕਾਰਨ ਅਗਲੀ ਤਾਰੀਕ ਦੇ ਦਿੱਤੀ ਜਾਂਦੀ ਹੈ ਇਸ ਪ੍ਰਕਾਰ ਇਨਸਾਫ਼ ਦੀ ਉਮੀਦ 'ਚ ਉਨ੍ਹਾਂ ਨੂੰ ਭਟਕਦਿਆਂ ਨੂੰ 28 ਸਾਲ ਹੋ ਗਏ ਹਨ ਪਰ ਇਨਸਾਫ਼ ਨਹੀਂ ਮਿਲ ਸਕਿਆ।

ਪੀੜਤ ਪਰਿਵਾਰਾਂ ਨੇ ਕਿਹਾ ਕਿ ਉਹ ਇਨਸਾਫ਼ ਦੀ ਉਮੀਦ ਵਿਚ ਦਿਨ ਕੱਟੀ ਕਰ ਰਹੇ ਹਨ। ਇਹ ਵੀ ਕੁਝ ਪਤਾ ਨਹੀਂ ਲੱਗ ਰਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਆਖਰ ਇਨਸਾਫ਼ ਲਈ ਹੋਰ ਕਿੰਨਾ ਕੁ ਸਮਾਂ ਤਰੀਕਾਂ ਭੁਗਤਣੀਆਂ ਪੈਣਗੀਆਂ। ਸ. ਘੋਲੀਆਂ ਨੇ ਕਿਹਾ ਸਰਕਾਰ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਜਿਸ ਦਾ ਪੀੜਤਾਂ ਤੇ ਇਨਸਾਫਪਸੰਦ ਵਿਅਕਤੀਆਂ ਵਿਚ ਭਾਰੀ ਰੋਸ ਹੈ।

# ਅਮਰੀਕੀ ਸਿੱਖਾਂ ਦੀਆਂ ਮੁਸ਼ਕਿਲਾਂ ਲਈ ਸੰਸਥਾ ਕਾਇਮ

**ਵਾਸ਼ਿੰਗਟਨ:** ਅਮਰੀਕਾ ਦੇ 28 ਕਾਂਗਰਸ ਸੰਸਦ ਮੈਂਬਰਾਂ ਨੇ ਇਥੇ ਵਸਦੇ ਸਿੱਖਾਂ ਦੀਆਂ ਦਰਪੇਸ਼ ਮੁਸ਼ਕਲਾਂ ਤੇ ਉਨ੍ਹਾਂ ਸਾਹਮਣੇ ਭੱਖਦੇ ਮਸਲਿਆਂ ਦੇ ਹੱਲ ਲਈ 'ਅਮਰੀਕਨ ਸਿੱਖ ਕਾਂਗਰਸ ਕੌਕਸ' ਦੀ ਸਥਾਪਨਾ ਕੀਤੀ ਹੈ। ਇਨ੍ਹਾਂ ਕਾਂਗਰਸ ਮੈਂਬਰਾਂ ਦਾ ਮੰਨਣਾ ਹੈ ਕਿ ਸਿੱਖ ਭਾਈਚਾਰੇ ਦੀ ਅਮਰੀਕਾ ਦੇ ਵਿਕਾਸ ਵਿਚ ਅਹਿਮ ਭੂਮਿਕਾ ਰਹੀ ਹੈ। ਕੈਪੀਟੋਲ ਹਿੱਲ ਵਿਖੇ ਰਸਮੀ ਤੌਰ 'ਤੇ ਲਾਂਚ ਕੌਕਸ ਦੇ ਚੇਅਰਪਰਸਨ ਡੈਮੋਕਰੈਟਿਕ ਪਾਰਟੀ ਦੀ ਜੂਡੀ ਚੂ ਤੇ ਰਿਪਬਲਿਕਨ ਪਾਰਟੀ ਦੇ ਡੇਵਿਡ ਜੀ. ਵਾਲਾਡਾਓ ਸਾਂਝੇ ਤੌਰ 'ਤੇ ਹੋਣਗੇ। ਫਲੋਰੀਡਾ ਤੋਂ ਰਿਪਬਲਿਕਨ ਕਾਂਗਰਸ ਦੀ ਮੈਂਬਰ ਇਲਿਆਨਾ ਰੋਸ-ਲੇਟਿਨਨ ਨੇ ਸਿੱਖ ਅਮਰੀਕਨ ਮੰਡਲ ਦੇ ਲਾਂਚ ਦਾ ਐਲਾਨ ਕਰਨ ਲਈ ਸੱਦੀ ਗਈ ਕਾਨਫਰੰਸ ਵਿਚ ਕਿਹਾ ਕਿ ਸਿੱਖਾਂ ਨੂੰ ਇਸ ਕਰਕੇ ਦੁੱਖ ਝੱਲਣੇ ਪੈ ਰਹੇ ਹਨ ਕਿਉਂਕਿ ਜਾਂ ਤਾਂ ਬਹੁਤੇ ਲੋਕ ਉਨ੍ਹਾਂ ਦੇ ਧਰਮ ਬਾਰੇ ਸਮਝਦੇ ਨਹੀਂ ਜਾਂ ਫਿਰ ਇਸ ਬਾਰੇ ਬਿਲਕੁਲ ਨਹੀਂ ਜਾਣਦੇ। ਅਮਰੀਕੀ ਸਿੱਖ ਭਾਈਚਾਰੇ ਨੂੰ ਲਗਾਤਾਰ ਸਕੂਲਾਂ ਵਿਚ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਜਾਂ ਫਿਰ ਉਨ੍ਹਾਂ ਨੂੰ ਨਫਰਤੀ ਅਪਰਾਧਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਓਕ ਕਰੀਕ ਵਿਸਕੋਨਸਨ ਜਿਹਾ ਦੁਖਾਂਤ ਕਦੇ ਵੀ ਵਾਪਰਨਾ ਨਹੀਂ ਚਾਹੀਦਾ ਸੀ। ਸਿੱਖ-ਅਮਰੀਕਨ ਮੰਡਲ- ਸਿੱਖ ਧਰਮ ਬਾਰੇ ਚੇਤਨਾ ਪੈਦਾ ਕਰਨ ਦੇ ਨਾਲ-ਨਾਲ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ, ਉਨ੍ਹਾਂ ਨੂੰ ਨਸਲੀ ਆਧਾਰ 'ਤੇ ਵਖਰਿਆਉਣ ਦੇ ਨਾਲ-ਨਾਲ ਕੰਮਕਾਰ ਵਾਲੀ ਥਾਂ 'ਤੇ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੀ ਪੈਰਵੀ ਕਰੇਗਾ। ਉਨ੍ਹਾਂ ਕਿਹਾ ਕਿ ਇਹ ਸਹੀ ਸਮਾਂ ਹੈ ਕਿ ਅਸੀਂ ਆਪਣੇ ਸਿੱਖ ਭੈਣ-ਭਰਾਵਾਂ ਨੂੰ ਅਮਰੀਕੀ ਸਮਾਜ ਦੇ ਅਮਨ-ਅਮਾਨ ਵਾਲੇ ਤੇ ਕੰਮਕਾਜੀ ਮੈਂਬਰਾਂ ਵਜੋਂ ਸ਼ਾਮਲ ਕਰੀਏ।2001 ਵਿਚ ਹੋਏ 9/11 ਦੇ ਹਮਲੇ ਮਗਰੋਂ ਸਿੱਖਾਂ ਦੀ ਹੋਂਦ ਲਈ ਬਣੇ ਸੰਕਟ ਦੇ ਨਿਬੇੜੇ ਲਈ ਕੰਮ ਕਰੇਗਾ। ਕੌਕਸ ਵਿਚ 21 ਡੈਮੋਕਰੈਟਿਕ ਤੇ 7 ਰਿਪਬਲਿਕਨ ਪਾਰਟੀ ਦੇ (ਕੁੱਲ 28) ਕਾਂਗਰਸ ਮੈਂਬਰ ਸ਼ਾਮਲ ਹਨ। ਹੋਰ ਮੈਂਬਰਾਂ ਦੇ ਇਸ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ।



# ਕੈਨੇਡਾ ਵਿਚ ਦਸਤਾਰ ਬੰਨ੍ਹ ਕੇ ਖੇਡਣ ਦੀ ਇਜਾਜ਼ਤ

**ਵੈਨਕੂਵਰ:** ਕੈਨੇਡਾ ਦੇ ਮੈਦਾਨਾਂ ਵਿਚ ਦਸਤਾਰ, ਰੁਮਾਲ, ਕੇਸਕੀ ਜਾਂ ਪਟਕਾ ਬੰਨ੍ਹ ਕੇ ਖੇਡਣ ਵਾਲੇ ਸਿੱਖ ਖਿਡਾਰੀਆਂ ਨੂੰ ਉਸ ਵੇਲੇ ਵੱਡੀ ਰਾਹਤ ਮਿਲੀ ਜਦੋਂ ਕੈਨੇਡੀਅਨ ਸੌਕਰ ਐਸੋਸੀਏਸ਼ਨ ਨੇ ਸੌਕਰ ਵਿਚ ਦਸਤਾਰ ਬੰਨ੍ਹਣ ਦੀ ਪ੍ਰਵਾਨਗੀ ਦਾ ਐਲਾਨ ਕਰ ਦਿੱਤਾ। ਇਸ ਸੰਸਥਾ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਰੈਫਰੀ ਹੁਣ ਦਸਤਾਰਧਾਰੀ ਖਿਡਾਰੀਆਂ ਨੂੰ ਸੌਕਰ ਟੂਰਨਾਮੈਂਟਾਂ ਵਿਚ ਖੇਡਣ ਲਈ ਨਿਯਮ-ਪੂਰਵਕ ਯੋਗ ਪ੍ਰਵਾਨ ਕਰਨਗੇ।

ਇਸ ਫੈਸਲੇ ਨੂੰ ਲੈ ਕੇ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਨੇ ਜਿਥੇ ਕੈਨੇਡੀਅਨ ਸੌਕਰ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਹੈ, ਉਥੇ ਕਿਊਬਕ ਵਿਚ ਸੌਕਰ ਖਿਡਾਰੀਆਂ 'ਤੇ ਦਸਤਾਰ ਬੰਨ੍ਹਣ ਦੀ ਪਾਬੰਦੀ ਨੂੰ ਵੀ ਹਟਾਉਣ ਦੀ ਅਪੀਲ ਕੀਤੀ ਹੈ। ਵਿਸ਼ਵ ਸਿੱਖ ਸੰਸਥਾ ਕੈਨੇਡਾ ਦੀ ਕਿਊਬਕ ਇਕਾਈ ਦੇ ਉਪ ਪ੍ਰਧਾਨ ਮੁੱਖਬੀਰ ਸਿੰਘ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਟੀਮ ਮੌਂਟਰੀਅਲ ਦੇ 18 ਸਾਲਾ ਖਿਡਾਰੀ ਅਨਿਲ ਸਿੰਘ ਸਮਰਾ ਨੂੰ ਸੌਕਰ ਵਿਚੋਂ ਸਿਰਫ਼ ਇਸ ਕਰਕੇ ਬਾਹਰ ਕਰ ਦਿੱਤਾ ਗਿਆ ਕਿਉਂਕਿ ਉਹ ਦਸਤਾਰਧਾਰੀ ਖਿਡਾਰੀ ਹੈ। ਉਨ੍ਹਾਂ ਅਜਿਹੇ ਨਿਯਮਾਂ ਨੂੰ ਮੰਦਭਾਗਾਂ ਦੱਸਦਿਆਂ ਕਿਊਬਕ ਨੂੰ, ਕੈਨੇਡਾ ਦੀ ਕੌਮੀ ਸੌਕਰ ਸੰਸਥਾ ਤੋਂ ਸੇਧ ਲੈ ਕੇ ਧਾਰਮਿਕ ਤੇ ਮਨੁੱਖੀ ਹੱਕਾਂ ਦੇ ਵਿਰੋਧੀ ਨਿਯਮ ਸੁਧਾਰਨ ਦੀ ਅਪੀਲ ਕੀਤੀ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਕੌਮੀ ਪ੍ਰਧਾਨ ਪ੍ਰੇਮ ਸਿੰਘ ਵਿਨਿੰਗ ਨੇ ਕੈਨੇਡੀਅਨ ਸੌਕਰ ਐਸੋਸੀਏਸ਼ਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਮੌਂਟਰੀਅਲ ਵਿਚਲੇ ਦੋਸ਼ ਪੂਰਨ ਨਿਯਮਾਂ ਵਿਰੁੱਧ ਕਾਨੂੰਨੀ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ।



# ਬਰਤਾਨੀਆ ਵਿਚ ਜਾਤੀ ਭੇਦਭਾਵ ਵਿਰੁਧ ਬਣਿਆ ਕਾਨੂੰਨ

## ਮਹਾਰਾਣੀ ਵੱਲੋਂ ਬਿੱਲ ਨੂੰ ਮਨਜ਼ੂਰੀ




**ਲੰਡਨ:** ਦੱਖਣੀ ਏਸ਼ੀਆ ਤੋਂ ਬਾਹਰ ਬਰਤਾਨੀਆ ਪਹਿਲਾ ਮੁਲਕ ਬਣ ਗਿਆ ਹੈ ਜਿਸ ਨੇ ਜਾਤ-ਪਾਤ ਆਧਾਰਤ ਭੇਦਭਾਵ ਵਿਰੁੱਧ ਕਾਨੂੰਨ ਬਣਾਇਆ ਹੈ। ਇਹ ਬਰਤਾਨੀਆ ਦੇ ਚਾਰ ਲੱਖ ਦਲਿਤਾਂ ਲਈ ਜਿੱਤ ਦੀ ਖ਼ਬਰ ਹੈ। ਬਰਤਾਨੀਆ ਵਿਚ ਜਾਤ ਦੇ ਆਧਾਰ 'ਤੇ ਪੱਖਪਾਤ ਨੂੰ ਗੈਰ-ਕਾਨੂੰਨੀ ਕਰਾਰ ਦਿੰਦੇ ਬਿੱਲ ਨੂੰ ਰਾਣੀ ਵੱਲੋਂ ਵੀ ਮਨਜ਼ੂਰੀ ਮਿਲ ਗਈ ਹੈ।

ਐਂਟਰਪ੍ਰਾਈਜ਼ ਐਂਡ ਰੈਗੂਲੇਟਰੀ ਸੋਧ ਬਿੱਲ ਨੇ ਇਸ ਹਫਤੇ ਸੰਸਦ ਵਿਚ ਇਤਿਹਾਸ ਰਚ ਦਿੱਤਾ ਜਦੋਂ ਉਪਰਲੇ ਸਦਨ (ਹਾਊਸ ਆਫ ਲਾਰਡਜ਼) ਵੱਲੋਂ ਬਰਾਬਰੀ ਬਾਰੇ ਐਕਟ 2010 ਦੇ ਹਿੱਸੇ ਵਜੋਂ ਜਾਤ ਨੂੰ ਨਸਲੀ ਭੇਦਭਾਵ ਵਜੋਂ ਲਏ ਜਾਣ ਦੀ ਦਲੀਲ ਅੱਗੇ ਹੇਠਲੇ ਸਦਨ ਨੂੰ ਆਪਣਾ ਫੈਸਲਾ ਬਦਲਣਾ ਪਿਆ। ਬਰਾਬਰੀ ਬਾਰੇ ਮੰਤਰੀ ਜੋ ਸਵਾਈਨਸਨ ਨੇ ਹੇਠਲੇ ਸਦਨ ਵਿਚ ਦੱਸਿਆ ਕਿ ਇਸ ਮੁੱਦੇ 'ਤੇ ਉਪਰਲੇ ਸਦਨ ਵਿਚ ਜ਼ੋਰਦਾਰ ਢੰਗ ਨਾਲ ਗੱਲਬਾਤ ਉਠਣ 'ਤੇ ਉਨ੍ਹਾਂ ਨੂੰ ਆਪਣੀ ਪੁਜ਼ੀਸ਼ਨ ਮੁੜ ਵਿਚਾਰਨੀ ਪਈ ਹੈ ਤੇ ਜਾਤ ਨਾਲ ਸਬੰਧਤ ਕਾਨੂੰਨ ਲਿਆਉਣ ਲਈ ਸਹਿਮਤੀ ਦੇਣੀ ਪਈ ਹੈ।

ਇਸ ਤਰ੍ਹਾਂ ਸਰਕਾਰ ਨੂੰ ਕੂਹਣੀ ਮੋੜ ਮੁੜਨਾ ਪਿਆ ਹੈ। ਰਾਣੀ ਦੀ ਸਹਿਮਤੀ ਮਗਰੋਂ ਇਹ ਬਿੱਲ ਕਾਨੂੰਨ ਬਣਨ ਦੇ ਰਾਹ ਪੈ ਗਿਆ ਹੈ। ਵੱਡੀ ਸੰਸਦੀ ਖੜੋਤ ਦੌਰਾਨ ਬਰਤਾਨੀਆ ਵਿਚ ਰਹਿੰਦੇ ਚਾਰ ਲੱਖ ਦਲਿਤਾਂ ਨੂੰ ਕਾਨੂੰਨੀ ਸੁਰੱਖਿਆ ਛਤਰੀ ਦੇਣ ਲਈ ਉਪਰਲੇ ਸਦਨ ਵਿਚ ਦੋ ਵਾਰ ਵੋਟਾਂ ਪਈਆਂ। ਹੇਠਲੇ ਸਦਨ ਨੇ ਪਹਿਲੀ ਵਾਰ ਦੀ ਵੋਟਿੰਗ ਉਲਟਾ ਦਿੱਤੀ ਪਰ ਦੂਜੀ ਵੋਟਿੰਗ ਦਬਾਅ ਪੈਣ ਮਗਰੋਂ ਸਰਕਾਰ ਨੂੰ ਮੰਨਣੀ ਪਈ ਤੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਪਿਆ।

# ਫੀਦਲ ਕਾਸਤਰੋ ਲਿਖਾਉਣਗੇ ਆਪਣੀਆਂ ਯਾਦਾਂ

**ਹਵਾਨਾ:** ਸਾਬਕਾ ਰਾਸ਼ਟਰਪਤੀ ਫੀਦਲ ਕਾਸਤਰੋ ਬਾਰੇ ਕਾਤੀਉਸਕਾ ਬਲੈਂਕੋ ਇਕ ਹੋਰ ਪੁਸਤਕ ਲਿਖ ਰਹੇ ਹਨ। ਬਲੈਂਕੋ ਸਰਕਾਰੀ ਅਖ਼ਬਾਰ ਗਰੈਨਮਾ ਦੀ ਸਾਬਕਾ ਰਿਪੋਰਟਰ ਹੈ ਤੇ ਉਸ ਨੇ 86 ਸਾਲਾ ਆਗੂ ਬਾਰੇ ਪਹਿਲਾਂ ਵੀ ਦੋ ਕਿਤਾਬਾਂ ਲਿਖੀਆਂ ਸਨ। ਇਸ ਪੁਸਤਕ ਵਿਚ ਕਿਊਬਾ ਦੇ ਕ੍ਰਾਂਤੀਕਾਰੀ, ਦੇਸ਼ ਦੇ ਵੱਡੇ ਆਗੂ ਵਜੋਂ ਉਨ੍ਹਾਂ ਦੀਆਂ ਯਾਦਾਂ ਸ਼ਾਮਲ ਹੋਣਗੀਆਂ।

ਕਾਸਤਰੋ ਬਾਰੇ ਕਈ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਪੁਸਤਕ 25 ਕੁ ਸਾਲ ਪਹਿਲਾਂ ਉਨ੍ਹਾਂ ਦੇ ਨੇੜਲੇ ਮਿੱਤਰ ਨੋਬੈਲ ਪੁਰਸਕਾਰ ਜੇਤੂ ਕੋਲੰਬਿਆਈ ਲੇਖਕ ਗੈਬਰੀਅਲ ਗਾਰਸ਼ੀਆਂ ਮਾਰਕੁਏਜ਼ ਨੇ ਲਿਖੀ ਸੀ। 48 ਸਾਲਾ ਬਲੈਂਕੋ ਲੇਖਣੀ ਦੇ ਵੱਖ-ਵੱਖ ਪ੍ਰਾਜੈਕਟਾਂ 'ਤੇ ਕਾਸਟਰੋ ਨਾਲ ਕੰਮ ਕਰਦੀ ਰਹੀ ਹੈ ਤੇ ਉਹ ਉਸ ਦੇ ਤੇ ਉਸ ਦੇ ਪਰਿਵਾਰ ਬਾਰੇ 2003 ਤੇ 2008 ਵਿਚ ਦੋ ਪੁਸਤਕਾਂ ਲਿਖ ਚੁੱਕੀ ਹੈ।

ਕਾਸਤਰੋ ਨੇ ਤਾਨਾਸ਼ਾਹ ਫੁਲਜੇਨਿਕੋ ਬਾਤਿਸਤਾ ਦਾ ਤਖ਼ਤਾ ਪਲਟਾਉਣ ਲਈ ਕੀਤੇ ਯਤਨਾਂ ਬਾਰੇ ਜੋ ਵੇਰਵੇ ਲਿਖੇ ਸਨ, ਉਨ੍ਹਾਂ ਵਿਚ



ਵੀ ਬਲੈਂਕੋ ਭਾਈਵਾਲ ਸੀ ਤੇ 2012 ਵਿਚ ਉਸ ਨੇ ਉਸ ਦੀ ਜੀਵਨੀ ਲਿਖਣ ਵਿਚ ਵੀ ਸ਼ਮੂਲੀਅਤ ਕੀਤੀ ਸੀ। ਪੁਸਤਕ ਲਿਖਣ ਲਈ ਬਲੈਂਕੋ ਨੂੰ ਕਾਸਤਰੋ ਦੇ ਦਸਤਾਵੇਜ਼ਾਂ ਤੱਕ ਪਹੁੰਚ ਕਰਨ ਦੀ ਖੁੱਲ੍ਹ ਹੈ। ਬਲੈਂਕੋ ਮੁਤਾਬਕ ਕਾਸਤਰੋ ਇੰਟਰਨੈੱਟ ਦਾ ਬਹੁਤ ਸ਼ੁਕੀਨ ਹੈ ਤੇ ਮਈ 2001 ਤੋਂ ਇਹ ਵਰਤ ਰਿਹਾ ਹੈ। ਉਹ ਕੋਈ ਵੀ ਚੀਜ਼ ਪੂਰੀ ਜੀਅ ਜਾਨ, ਦਿਲਚਸਪੀ ਤੇ ਪੂਰਾ ਮਨ ਲਾਏ ਬਿਨਾਂ ਨਹੀਂ ਲਿਖਦਾ।

# ਨਾਟੋ ਫੌਜਾਂ ਨੂੰ ਤਾਲਿਬਾਨ ਵਿਰੁਧ ਫਤਿਹ ਦਾ ਭਰੋਸਾ



**ਕਾਬੁਲ:** ਬਾਗ਼ੀਆਂ ਵੱਲੋਂ ਹਮਲਿਆਂ ਵਿਚ ਵਾਧੇ ਦੀ ਰਿਪੋਰਟ ਨੂੰ ਦਰਕਿਨਾਰ ਕਰਦੇ ਹੋਏ ਨਾਟੋ ਨੇ ਦਾਅਵਾ ਕੀਤਾ ਹੈ ਕਿ ਅਫਗਾਨਿਸਤਾਨ ਵਿਚ ਤਾਲਿਬਾਨ ਵਿਰੁੱਧ ਜੰਗ ਜਿੱਤੀ ਜਾ ਰਹੀ ਹੈ। ਨਾਟੋ ਦੀ ਅਗਵਾਈ ਵਾਲੀਆਂ ਫੌਜਾਂ ਦੇ ਮੁਖੀ ਅਮਰੀਕੀ ਜਨਰਲ ਜੋਸਫ ਡਨਫੋਰਡ ਨੇ ਕਿਹਾ ਕਿ ਬਹੁਤ ਸਾਰੀਆਂ ਚੁਣੌਤੀਆਂ ਬਰਕਰਾਰ ਹਨ ਪਰ ਫਿਰ ਵੀ ਕੁਝ ਬੁਨਿਆਦੀ ਤੱਥ ਹਨ ਜੋ ਦੇਸ਼ ਵਿਚ ਸੁਰੱਖਿਆ ਪ੍ਰਬੰਧਾਂ ਵਿਚ ਸੁਧਾਰ ਦੀ ਸ਼ਾਹਦੀ ਭਰਦੇ ਹਨ। ਡਨਫੋਰਡ ਨੇ ਇਕ ਬਿਆਨ ਵਿਚ ਦੱਸਿਆ ਕਿ ਤਕਰੀਬਨ 80 ਲੱਖ ਬੱਚੇ ਸਕੂਲਾਂ ਵਿਚ ਜਾ ਰਹੇ ਹਨ ਜਿਨ੍ਹਾਂ ਵਿਚੋਂ 40 ਫੀਸਦੀ ਲੜਕੀਆਂ ਹਨ। ਜਦਕਿ 1996-2001 ਤੱਕ ਤਾਲਿਬਾਨ ਦੇ ਰਾਜ ਵਿਚ ਸਿਰਫ 10 ਲੱਖ ਉਹ ਵੀ ਬਹੁਤੇ ਲੜਕੇ ਹੀ ਸਕੂਲ ਜਾ ਰਹੇ ਸਨ। 2002 ਵਿਚ ਸਿਰਫ ਨੌਂ ਫੀਸਦੀ ਅਫਗਾਨਿਸਤਾਨੀਆਂ ਦੀ ਬੁਨਿਆਦੀ ਸਿਹਤ ਸੰਭਾਲ ਢਾਂਚੇ ਤੱਕ ਪਹੁੰਚ ਸੀ ਜਦਕਿ ਹੁਣ ਇਕ ਘੰਟੇ ਵਿਚ 85 ਫੀਸਦੀ ਲੋਕ ਡਾਕਟਰੀ ਸਹੂਲਤਾਂ ਆਸਾਨੀ ਨਾਲ (ਇਕ ਘੰਟੇ ਵਿਚ) ਹਾਸਲ ਕਰ ਸਕਦੇ ਹਨ। ਅਮਰੀਕੀ ਜਰਨੈਲ ਮੁਤਾਬਕ ਤਾਲਿਬਾਨ ਵੇਲੇ ਸਿਰਫ 10,000 ਪੱਕੀਆਂ ਫੋਨ ਲਾਈਨਾਂ ਸਨ। ਅੱਜ ਇਕ ਕਰੋੜ 70 ਲੱਖ ਲੋਕ ਸੈਲਫੋਨ ਵਰਤ ਰਹੇ ਹਨ। ਔਰਤਾਂ ਕੋਲ 25 ਫੀਸਦੀ ਸੀਟਾਂ ਪਾਰਲੀਮੈਂਟ ਵਿਚ ਹਨ ਤੇ ਪੁਲਿਸ ਤੇ ਫ਼ੌਜ ਵਿਚ ਇਨ੍ਹਾਂ ਦੀ ਹਾਜ਼ਰੀ ਹੌਲੀ-ਹੌਲੀ ਜ਼ੋਰ ਫੜ ਰਹੀ ਹੈ। ਅਫਗਾਨਿਸਤਾਨ ਦੀ ਐਨਜੀਓ ਸੇਫਟੀ ਆਫਿਸ ਮੁਤਾਬਕ ਤਾਲਿਬਾਨ ਤੇ ਹੋਰ ਬਾਗੀਆਂ ਵੱਲੋਂ ਪਿਛਲੇ ਸਾਲ ਦੇ ਮੁਕਾਬਲੇ ਜਨਵਰੀ-ਮਾਰਚ ਵਿਚ 47 ਫੀਸਦੀ ਹਮਲੇ ਵਧ ਗਏ ਸਨ।

# ਬੇਨਜ਼ੀਰ ਭੁੱਟੋ ਕਤਲ ਕੇਸ ਵਿਚ ਮੁਸ਼ੱਰਫ਼ ਗ੍ਰਿਫ਼ਤਾਰ

**ਇਸਲਾਮਾਬਾਦ:** ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਕਤਲ ਕੇਸ ਵਿਚ ਪਾਕਿਸਤਾਨ ਦੇ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਦੀ ਇਕ ਦਹਿਸ਼ਤਗਰਦੀ ਵਿਰੋਧੀ ਅਦਾਲਤ ਨੇ ਮੁਲਕ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਕੇਸ ਦੀ ਜਾਂਚ ਵਿਚ ਮੁਸ਼ੱਰਫ ਨੂੰ ਸ਼ਾਮਲ ਕਰਨ ਤੇ ਉਨ੍ਹਾਂ ਤੋਂ ਇਸ ਮੁਤੱਲਕ ਪੁੱਛਗਿੱਛ ਕਰਨ ਦੀ ਇਜਾਜ਼ਤ ਦੇ ਦਿੱਤੀ।



ਰਾਵਲਪਿੰਡੀ ਆਧਾਰਤ ਅਤਿਵਾਦੀ ਰੋਕੂ ਅਦਾਲਤ ਨੇ ਇਸ ਬਾਰੇ ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐਫਆਈਏ) ਦੀ ਅਰਜ਼ੀ ਮਨਜ਼ੂਰ ਕਰ ਲਈ। ਵਿਸ਼ੇਸ਼ ਸਰਕਾਰੀ ਵਕੀਲ ਚੌਧਰੀ ਜ਼ੁਲਫਿਕਾਰ ਅਲੀ ਮੁਤਾਬਕ ਐਫਆਈਏ ਨੇ ਸ੍ਰੀ ਮੁਸ਼ੱਰਫ ਦੀ ਜ਼ਮਾਨਤ ਖਾਰਜ ਹੋ ਜਾਣ ਪਿੱਛੋਂ ਉਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਕਰਨ ਦੀ ਗੁਜਾਰਸ਼ ਕੀਤੀ ਸੀ।

ਅਦਾਲਤ ਨੇ ਐਫਆਈਏ ਦੀ ਜਾਂਚ ਟੀਮ ਨੂੰ ਸ੍ਰੀ ਮੁਸ਼ੱਰਫ ਨੂੰ ਜਾਂਚ ਵਿਚ ਸ਼ਾਮਲ ਕਰਨ ਤੇ ਗ੍ਰਿਫਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਦਰਪੇਸ਼ ਖਤਰੇ ਦੇ ਮੱਦੇਨਜ਼ਰ ਇਹ ਜਾਂਚ ਸਬ ਜੇਲ੍ਹ (ਸ੍ਰੀ ਮੁਸ਼ੱਰਫ ਦਾ ਫਾਰਮ ਹਾਊਸ) ਵਿਚ ਹੀ ਕੀਤੀ ਜਾਵੇਗੀ।

# ਅਮਰੀਕੀ ਸੰਸਦ ਮੈਂਬਰਾਂ ਵੱਲੋਂ ਅਹਿਮਦੀਆਂ ਦੇ ਹੱਕ ਵਿਚ ਆਵਾਜ਼ ਬੁਲੰਦ

**ਵਾਸ਼ਿੰਗਟਨ:** ਪਾਕਿਸਤਾਨ ਵਿਚ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਅਮਰੀਕੀ ਕਾਂਗਰਸ ਵਿਚ ਦੋਵੇਂ ਪਾਰਟੀਆਂ ਦੇ ਇਕ ਗਰੁੱਪ ਨੇ ਵਿਦੇਸ਼ ਮੰਤਰੀ ਜੌਹਨ ਕੈਰੀ ਨੂੰ ਉਥੇ ਅਹਿਮਦੀ ਭਾਈਚਾਰੇ ਦੇ ਵੋਟਰਾਂ ਨਾਲ ਹੋ ਰਿਹਾ ਵਿਤਕਰਾ ਬੰਦ ਕਰਾਉਣ ਵਿਚ ਮਦਦ ਦੀ ਅਪੀਲ ਕੀਤੀ ਹੈ।



ਵਰਜੀਨੀਆ ਤੋਂ ਰਿਪਬਲਿਕਨ ਕਾਂਗਰਸਮੈਨ ਫਰੈਂਕ ਵੂਲਫ ਦੀ ਅਗਵਾਈ ਹੇਠ 33 ਕਾਨੂੰਨਸਾਜ਼ਾਂ ਨੇ ਸ੍ਰੀ ਕੈਰੀ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਪਾਕਿਸਤਾਨੀ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਕੋਲ ਆਪਣਾ ਅਸਰ-ਰਸੂਖ ਵਰਤ ਕੇ 'ਕਾਰਜਕਾਰੀ ਆਦੇਸ਼ ਨੰਬਰ 15 ਰੱਦ ਕਰਾਉਣ ਤੇ ਅਹਿਮਦੀਆਂ 'ਤੇ ਲਾਈਆਂ ਹੋਈਆਂ ਨਾਜਾਇਜ਼ ਰੋਕਾਂ ਖਤਮ ਕਰਾਉਣ ਤਾਂ ਕਿ ਉਹ ਵੀ ਚੋਣਾਂ ਵਿਚ ਆਪਣੇ ਜਮਹੂਰੀ ਹੱਕ ਦਾ ਖੁੱਲ੍ਹ ਕੇ ਇਸਤੇਮਾਲ ਕਰ ਸਕਣ।

ਟੌਮ ਲੈਂਟੋਸ ਹਿਊਮਨ ਰਾਈਟਸ ਕਮਿਸ਼ਨ ਦੇ ਸਹਿ-ਚੇਅਰਮੈਨ ਵੂਲਫ ਨੇ ਕਿਹਾ ਕਿ" ਉਹ ਇਸ ਗੱਲੋਂ ਬਹੁਤ ਪ੍ਰੇਸ਼ਾਨ ਹਨ ਕਿ ਪਾਕਿਸਤਾਨ ਦਾ ਚੋਣ ਨਿਸ਼ਾਨ ਧਰਮ ਦੇ ਆਧਾਰ 'ਤੇ ਵਿਤਕਰਾ ਕਰਦਾ ਹੈ ਜਿਸ ਨਾਲ ਸੁਤੰਤਰ ਤੇ ਸਾਫ-ਸੁਥਰੀਆਂ ਚੋਣਾਂ ਦੇ ਦਾਅਵੇ ਨਿਰਮੂਲ ਲੱਗਣ ਲੱਗਦੇ ਹਨ। ਉਂਜ ਵਿਤਕਰੇ ਭਰਿਆ ਇਹ ਪ੍ਰਬੰਧ ਬਦਲਣਾ ਕੋਈ ਔਖਾ ਕੰਮ ਵੀ ਨਹੀਂ ਹੈ। ਉਨ੍ਹਾਂ ਧਿਆਨ ਦਿਵਾਇਆ ਕਿ ਹਰ ਨਾਗਰਿਕ ਨੂੰ ਆਪਣੀ ਵੋਟ ਰਜਿਸਟਰ ਕਰਾਉਣ ਵੇਲੇ ਆਪਣੇ ਧਾਰਮਿਕ ਅਕੀਦੇ ਬਾਰੇ ਜਾਣਕਾਰੀ ਦੇਣੀ ਪੈਂਦੀ ਹੈ ਜੋ ਨਾਗਰਿਕਤਾ ਦੇ ਬੁਨਿਆਦੀ ਹੱਕ ਦੇ ਅਮਲ ਪੱਖੋਂ ਨਾ ਸਿਰਫ਼ ਗੈਰ-ਪ੍ਰਸੰਗਕ ਹੈ ਸਗੋਂ ਇਹ ਚਾਰ ਲੱਖ ਅਹਿਮਦੀ ਮੁਸਲਮਾਨਾਂ ਦੇ ਵੋਟ ਦੇ ਹੱਕ ਦੇ ਰਾਹ ਵਿਚ ਰੋੜਾ ਬਣਦੀ ਹੈ। ਸਰਕਾਰ ਦਾ ਮੰਨਣਾ ਹੈ ਕਿ ਅਹਿਮਦੀਆਂ ਨੂੰ ਵੋਟ ਰਜਿਸਟਰ ਕਰਾਉਣ ਵੇਲੇ ਆਪਣੇ ਆਪ ਨੂੰ ਗੈਰ-ਮੁਸਲਿਮ ਲਿਖਾਉਣਾ ਚਾਹੀਦਾ ਹੈ। ਅਹਿਮਦੀ ਖ਼ੁਦ ਨੂੰ ਮੁਸਲਿਮ ਮੰਨਦੇ ਹਨ ਤੇ ਇਸ ਤਰ੍ਹਾਂ ਭਾਈਚਾਰਾ ਵੋਟ ਦੇ ਹੱਕ ਤੋਂ ਵਾਂਝਾ ਹੋ ਜਾਂਦਾ ਹੈ।

# ਚੀਨ ਨੇ ਕੀਤੀ ਸੀ ਪਾਕਿ ਦੀ ਪਰਮਾਣੂ ਇਮਦਾਦ

**ਵਾਸ਼ਿੰਗਟਨ:** ਆਪਣੇ ਕਰੀਬੀ ਭਾਈਵਾਲ ਪਾਕਿਸਤਾਨ ਨੂੰ 1970ਵਿਆਂ ਦੇ ਅਖ਼ੀਰ ਵਿਚ ਚੀਨ ਨੇ ਪਰਖੇ ਹੋਏ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਦਾ ਵਿਆਪਕ ਪੈਕੇਜ ਮੁਹੱਈਆ ਕਰਵਾਇਆ ਸੀ ਤੇ ਅਮਰੀਕੀ ਖ਼ੁਫੀਆ ਏਜੰਸੀ ਸੀਆਈਏ ਨੂੰ ਵੀ ਇਸ ਦੀ ਜਾਣਕਾਰੀ ਸੀ। ਇਹ ਜਾਣਕਾਰੀ ਹਾਲ ਹੀ ਵਿਚ ਆਮ ਲੋਕਾਂ ਦੀ ਪਹੁੰਚ ਲਈ ਖੋਲ੍ਹੇ ਗਏ ਦਸਤਾਵੇਜ਼ਾਂ ਤੋਂ ਮਿਲੀ ਹੈ। ਨੈਸ਼ਨਲ ਸਕਿਉਰਟੀ ਆਰਕਾਈਵ ਵੱਲੋਂ ਸੂਚਨਾ ਦੀ ਆਜ਼ਾਦੀ ਐਕਟ ਰਾਹੀਂ ਹਾਸਲ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਮੁਤਾਬਕ ਕਿ ਸੀਆਈਏ ਕੋਲ ਪਾਕਿਸਤਾਨ ਤੇ ਚੀਨ ਦੇ ਪਰਮਾਣੂ ਸਹਿਯੋਗ ਬਾਰੇ ਜਾਣਕਾਰੀ ਸੀ। ਦਸਤਾਵੇਜ਼ਾਂ ਮੁਤਾਬਕ ਇਹ ਦੋਸ਼ ਪਹਿਲਾਂ ਵੀ ਸਾਹਮਣੇ ਆ ਚੁੱਕੇ ਸਨ ਜਿਨ੍ਹਾਂ ਦਾ ਜ਼ਿਕਰ ਵਿਦੇਸ਼ ਵਿਭਾਗ ਦੇ ਦਸਤਾਵੇਜ਼ਾਂ ਤੇ ਅਖ਼ਬਾਰਾਂ ਵਿਚ ਹੋਇਆ ਸੀ ਪਰ ਅਜਿਹਾ ਪਹਿਲੀ ਵਾਰ ਹੈ ਜਦੋਂ ਸੀਆਈਏ ਨੇ ਇਸ ਬਾਰੇ ਆਪਣੀ ਸੂਚਨਾ ਰਿਲੀਜ਼ ਕੀਤੀ ਹੈ।

# ਆਸਟਰੇਲੀਆ 'ਚ ਪੰਜਾਹ ਹਜ਼ਾਰ ਸਾਲ ਪਹਿਲਾਂ ਪੁੱਜੇ ਸਨ ਮੂਲਵਾਸੀ

**ਨਿਊ ਯਾਰਕ:** ਇਕ ਨਵੇਂ ਅਧਿਐਨ ਰਾਹੀਂ ਖੁਲਾਸਾ ਕੀਤਾ ਗਿਆ ਹੈ ਕਿ ਆਸਟਰੇਲੀਆ ਵਿਚ ਮਾਨਵੀ ਵਸੇਬਾ ਇਕ ਮਿਥੇ ਉਪਰਾਲੇ ਵਜੋਂ ਸੀ। ਇਸ ਮਹਾਂਦੀਪ ਵਿਚ ਪਹਿਲਾਂ ਪਹਿਲ ਸਿਰਫ਼ 1000 ਤੋਂ 3000 ਲੋਕ ਜਾ ਕੇ ਵਸੇ ਸਨ। ਆਸਟਰੇਲੀਆ ਦੇ ਮੂਲਵਾਸੀ ਕੋਈ 50,000 ਸਾਲ ਪਹਿਲਾਂ ਉਥੇ ਆ ਕੇ ਵਸੇ ਸਨ। ਇਕ ਪੱਤਰਿਕਾ ਵਿਚ ਛਪੀ ਇਸ ਅਧਿਐਨ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਜ ਜਾਪਦਾ ਹੈ ਕਿ ਕੋਈ 1000 ਤੋਂ 3000 ਤੱਕ ਲੋਕ ਸ਼ੁਰੂ ਵਿਚ ਆਸਟਰੇਲੀਆ ਦੇ ਕੰਢਿਆਂ 'ਤੇ ਜਾ ਕੇ ਉੱਤਰੇ ਸਨ।

ਖੋਜਕਾਰ ਐਲਨ ਵਿਲੀਅਮਜ਼ ਦਾ ਕਹਿਣਾ ਹੈ ਕਿ ਇਹ ਛੋਟੀ ਗਿਣਤੀ ਸਮੂਹ ਦਾ ਵਸੇਬਾ ਯੋਜਨਾ ਰਹਿਤ ਯਾਤਰਾ ਤਹਿਤ ਹੀ ਹੋਇਆ ਹੋਵੇਗਾ। ਇਹ ਹੋਰ ਸੰਸਾਰ ਖੋਜਣ ਦੇ ਮਿਥੇ ਉਪਰਾਲੇ ਵਜੋਂ ਸੀ, ਜਿਹੋ ਜਿਹਾ ਪਿਛਲੇ ਸਮਿਆਂ ਵਿਚ ਹਵਾਈ ਤੇ ਹੋਰ ਪ੍ਰਸ਼ਾਂਤ ਟਾਪੂਆਂ ਵਿਚ ਹੁੰਦਾ ਰਿਹਾ ਹੈ। ਆਸਟਰੇਲੀਆ ਨੈਸ਼ਨਲ ਯੂਨੀਵਰਸਿਟੀ



ਦੇ ਡਾਕਟਰੇਟ ਕਰ ਰਹੇ ਵਿਲੀਅਮਜ਼ ਨੇ ਦੱਸਿਆ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਆਸਟਰੇਲੀਆ ਦੇ ਮੂਲਵਾਸੀ ਵਧ-ਫੁੱਲ ਕੇ ਹੋਰ ਖੇਤਰ ਵਿਚ ਤੇਜ਼ੀ ਨਾਲ ਫੈਲੇ ਜਾਂ ਫਿਰ 5000 ਸਾਲ ਪਹਿਲਾਂ ਤੱਕ ਸਿਰਫ਼ ਇਕ ਖਿੱਤੇ ਵਿਚ ਹੀ ਥੋੜ੍ਹੀ ਜਿਹੀ ਗਿਣਤੀ ਤੱਕ ਸੀਮਤ ਰਹੇ।

ਵਿਲੀਅਮਜ਼ ਨੇ ਸਾਰੇ ਮਹਾਂਦੀਪ ਵਿਚ 1750 ਟਿਕਾਣਿਆਂ ਤੋਂ 4575 ਰੇਡੀਓ ਕਾਰਬਨ ਡੇਟਾਂ ਦੀ ਵਰਤੋਂ ਕੀਤੀ। ਉਸ ਨੇ ਫਰਜ਼ ਕੀਤਾ ਕਿ ਇਕ ਖਾਸ ਸਮੇਂ ਵਧੇਰੇ ਡੇਟਿੰਗ ਟਿਕਾਣੇ ਮਿਲਣਾ ਇਹ ਸਿੱਧ ਕਰਦਾ ਹੈ ਕਿ ਉਸ ਵੇਲੇ ਉਨ੍ਹਾਂ ਦੀ ਆਬਾਦੀ ਕਾਫੀ ਸੀ। ਵਿਲੀਅਮਜ਼ ਨੇ ਪੂਰਵ ਇਤਿਹਾਸ ਵਿਚ ਆਸਟਰੇਲੀਆ ਦੀ ਆਬਾਦੀ ਬਾਰੇ ਇਕ ਟਾਈਮ ਲਾਈਨ ਬਣਾਈ ਹੈ। ਉਸ ਦਾ ਕਹਿਣਾ ਹੈ ਕਿ 11000 ਸਾਲ ਪਹਿਲਾਂ ਤੱਕ ਆਸਟਰੇਲੀਆ ਵਿਚ ਆਬਾਦੀ ਬੜੀ ਵਿਰਲੀ ਸੀ। ਫਿਰ 500 ਕੁ ਸਾਲ ਪਹਿਲਾਂ ਹੌਲੀ-ਹੌਲੀ ਆਬਾਦੀ ਵਧ ਕੇ 30 ਲੱਖ ਦੀ ਸਿਖਰ ਤੱਕ ਪੁੱਜ ਗਈ ਤੇ ਯੂਰਪ ਨਾਲ ਸੰਪਰਕ ਮੌਕੇ ਆ ਕੇ ਘਟ ਕੇ ਸੱਤ ਲੱਖ ਰਹਿ ਗਈ ਸੀ। ਆਸਟਰੇਲੀਆ ਦੀ ਆਬਾਦੀ ਵਿਚ ਬੜੇ ਉਤਰਾਅ-ਚੜ੍ਹਾਅ ਆਏ ਜਿਨ੍ਹਾਂ ਵਿਚੋਂ ਕੁਝ ਜਲਵਾਯੂ ਤਬਦੀਲੀ ਨਾਲ ਹੋਏ।

# ਸਿੱਖ ਇਸਤਰੀ ਦੀ ਮੁਖਤਿਆਰਤਾ ਤੇ ਇਤਿਹਾਸ 'ਚ ਯੋਗਦਾਨ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਤੇ ਗੁਰੂ ਸਾਹਿਬਾਨ ਵੱਲੋਂ ਅਮਲੀ ਰੂਪ ਵਿਚ ਦਿੱਤੇ ਇਸਤਰੀ ਪੁਰਸ਼ ਦੀ ਬਰਾਬਰੀ ਦੇ ਸਿਧਾਂਤ ਵਿਚੋਂ ਹੀ ਇਸਤਰੀ ਦੀ ਮੁਖਤਿਆਰਤਾ (ਇੰਪਾਵਰਮੈਂਟ) ਦਾ ਸਿਧਾਂਤ ਨਿਕਲਦਾ ਹੈ। ਸਮੱਸਿਆ ਵੱਧ ਅਧਿਕਾਰ ਦੇਣ ਜਾਂ ਘੱਟ ਫਰਜ਼ ਦੇਣ ਦੀ ਨਹੀਂ ਹੈ। ਸਮੱਸਿਆ ਇਸਤਰੀ ਨੂੰ ਪੁਰਸ਼ ਵਾਂਗ ਹੀ ਇਨਸਾਨ ਸਮਝਦੇ ਹੋਏ, ਪੁਰਸ਼ ਦੇ ਬਰਾਬਰ ਨੈਤਿਕ ਅਤੇ ਅਧਿਆਤਮਕ ਅਧਿਕਾਰ ਦਿੰਦਿਆਂ ਉਸ ਦੇ ਬਰਾਬਰ ਥਾਂ ਦੇਣ ਦੀ ਹੈ। ਗੁਰੂ ਨਾਨਕ ਸਾਹਿਬ ਨੇ ਇਸਤਰੀ ਅਤੇ ਸਮਾਜ-ਦੋਵਾਂ ਨੂੰ ਹੀ ਉਸ ਦੇ ਹਾਲਾਤ, ਉਸ ਦੀ ਗੁਲਾਮੀ, ਉਸ ਤੇ ਲੱਗੀਆਂ ਰੋਕਾਂ ਤੋਂ ਜਾਣੂ ਕਰਵਾਇਆ ਹੈ, ਉਸ ਅੰਦਰ ਆਪਣੀ ਅਸਲੀ ਯੋਗਤਾ ਦੀ ਚੇਤੰਨਤਾ ਪੈਦਾ ਕੀਤੀ ਅਤੇ ਸਮਾਜ ਦੇ ਦਿਮਾਗ ਵਿਚੋਂ ਉਸ ਪ੍ਰਤੀ ਪਾਲੇ ਜਾ ਰਹੇ ਪੱਖਪਾਤਾਂ ਨੂੰ ਦੂਰ ਕੀਤਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਨੈਤਿਕ ਅਤੇ ਅਧਿਆਤਮਕ ਅਧਿਕਾਰ ਦੇ ਕੇ ਉਸ ਨੂੰ ਉਸ ਦੀ ਬਣਦੀ ਥਾਂ ਮੁਹੱਈਆ ਕਰਾਈ। ਇਸੇ ਲਈ ਸਿੱਖ ਧਰਮ ਦੇ ਅਰੰਭ ਤੋਂ ਹੀ ਸਿੱਖ ਇਸਤਰੀ ਖਾਲਸੇ ਦੀ ਰੀੜ੍ਹ ਦੀ ਹੱਡੀ ਰਹੀ ਹੈ ਅਤੇ ਰਹੇਗੀ। ਅਸੀਂ ਸਿੱਖ ਇਸਤਰੀਆਂ ਦੇ ਜੀਵਨ ਇਤਿਹਾਸ ਵਿਚੋਂ ਦੇਖ ਸਕਦੇ ਹਾਂ ਕਿ ਜਾਗੀਆਂ ਹੋਈਆਂ ਰੂਹਾਂ ਵਜੋਂ ਉਹ ਕਿਵੇਂ ਅਧਿਆਤਮਕ ਅਨੁਭਵ, ਧਾਰਮਿਕ ਕਾਰਜਾਂ, ਸਮਾਜਿਕ ਅਤੇ ਸਭਿਆਚਾਰਕ ਸ਼ਕਤੀ ਲਈ ਬਰਾਬਰ ਦੀਆਂ ਹੱਕਦਾਰ ਬਣੀਆਂ ਅਤੇ ਬਾਣੀ ਦੀ ਉਨ੍ਹਾਂ ਨੂੰ ਬਰਾਬਰ ਦੀ ਸੂਝ ਸੀ। ਸਿੱਖ ਇਸਤਰੀ ਬਾਣੀ ਪੜ੍ਹ ਸਕਦੀ ਹੈ, ਕੀਰਤਨ ਕਰ ਸਕਦੀ ਹੈ ਅਤੇ ਇਸ ਦਾ ਪ੍ਰਚਾਰ ਕਰ ਸਕਦੀ ਹੈ। ਬੀਬੀਆਂ ਦੇ ਉਪਰ ਵਰਣਨ ਕੀਤੇ ਬਰਾਬਰੀ ਦੇ ਹੱਕਾਂ ਅਤੇ ਉਨ੍ਹਾਂ ਦੇ ਸਮਾਜ ਅਤੇ ਧਰਮ ਦੇ ਖੇਤਰ ਵਿਚ ਪਾਏ ਯੋਗਦਾਨ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਇਤਿਹਾਸ ਵਿਚ ਪਈਆਂ ਹਨ, ਜਿਨ੍ਹਾਂ ਵਿਚੋਂ ਕੁੱਝ-ਇੱਕ ਚੋਣਵੀਆਂ ਦਾ ਜ਼ਿਕਰ ਇਸ ਲੇਖ-ਲੜੀ ਵਿਚ ਕੀਤਾ ਜਾਵੇਗਾ।

**ਬੇਬੇ ਨਾਨਕੀ:** ਪਹਿਲੇ ਸਮਿਆਂ ਵਿਚ ਵੱਡੀਆਂ ਭੈਣਾਂ ਨੂੰ ਆਮ ਤੌਰ 'ਤੇ 'ਬੇਬੇ' ਸ਼ਬਦ ਨਾਲ ਸੰਬੋਧਨ ਕਰਨ ਦਾ ਰਿਵਾਜ ਸੀ। ਇਸੇ ਲਈ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਨੂੰ ਜਨਮ ਸਾਖੀਆਂ ਜਾਂ ਪੁਰਾਣੇ ਇਤਿਹਾਸ ਵਿਚ 'ਬੇਬੇ' ਕਰਕੇ ਸੰਬੋਧਨ ਕੀਤਾ ਮਿਲਦਾ ਹੈ। ਬੀਬੀ ਨਾਨਕੀ ਗੁਰੂ ਨਾਨਕ ਸਾਹਿਬ ਤੋਂ ਪੰਜ ਸਾਲ ਵੱਡੀ ਸੀ ਅਤੇ ਉਨ੍ਹਾਂ ਦਾ ਜਨਮ ਆਪਣੇ ਨਾਨਕੇ ਘਰ ਪੰਜਾਬ ਦੇ ਜ਼ਿਲਾ ਲਾਹੌਰ (ਹੁਣ ਪਾਕਿਸਤਾਨ) ਦੇ ਪਿੰਡ ਚਾਹਲ ਵਿਚ ਹੋਇਆ। ਸ਼ਾਇਦ ਨਾਨਕੇ ਘਰ ਜਨਮ ਹੋਣ ਕਰਕੇ ਹੀ ਉਨ੍ਹਾਂ ਦਾ ਨਾਮ 'ਨਾਨਕੀ' ਰੱਖਿਆ ਗਿਆ ਹੋਵੇ। ਸਾਖੀਆਂ ਵਿਚ ਬੀਬੀ ਨਾਨਕੀ ਅਤੇ ਬਾਬਾ ਨਾਨਕ ਦੇ ਭਰਾਤ੍ਰੀ ਪ੍ਰੇਮ ਦਾ ਜ਼ਿਕਰ ਬਹੁਤ ਹੀ ਭਾਵੁਕ ਸ਼ਬਦਾਂ ਵਿਚ ਕੀਤਾ ਮਿਲਦਾ ਹੈ। ਬੀਬੀ ਨਾਨਕੀ ਨੂੰ ਆਪਣੇ ਛੋਟੇ ਭਰਾ ਨਾਲ ਬਹੁਤ ਹੀ ਡੂੰਘਾ ਪ੍ਰੇਮ ਅਤੇ ਅਥਾਹ ਸ਼ਰਧਾ ਸੀ। ਬੀਬੀ ਨਾਨਕੀ ਸਿੱਖ ਇਤਿਹਾਸ ਵਿਚ ਅਜਿਹੇ ਪਹਿਲੇ ਇਨਸਾਨ ਹੋਏ ਹਨ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਅੰਦਰ ਰੌਸ਼ਨ ਰੱਬੀ ਜੋਤਿ ਨੂੰ ਪਛਾਣਿਆ। ਸਾਖੀਆਂ ਵਿਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ ਜਦੋਂ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਕਿਸੇ ਗੱਲੋਂ ਬਾਲਕ ਨਾਨਕ ਨਾਲ ਨਾਰਾਜ਼ ਹੁੰਦੇ ਤਾਂ ਬੀਬੀ ਨਾਨਕੀ ਨੇ ਸਦਾ ਹੀ ਆਪਣੇ ਛੋਟੇ ਵੀਰ ਦਾ ਪੱਖ ਪੂਰਿਆ ਅਤੇ ਪਿਤਾ ਦੇ ਗੁੱਸੇ ਤੋਂ ਬਚਾਇਆ। ਉਨ੍ਹਾਂ ਸਮਿਆਂ ਵਿਚ ਲੜਕੀਆਂ ਦਾ ਵਿਆਹ ਛੋਟੀ ਉਮਰ ਵਿਚ ਕਰ ਦਿੱਤਾ ਜਾਂਦਾ ਸੀ। ਬੀਬੀ ਨਾਨਕੀ ਦਾ ਵਿਆਹ ਵੀ 11 ਸਾਲ ਦੀ ਉਮਰ ਵਿਚ ਭਾਈ ਜੈ ਰਾਮ ਜੀ ਨਾਲ ਕਰ ਦਿੱਤਾ ਗਿਆ ਜੋ ਸੁਲਤਾਨਪੁਰ ਲੋਧੀ, ਹੁਣ ਜ਼ਿਲਾ ਕਪੂਰਥਲਾ, ਦੇ ਵਾਸੀ ਸਨ। ਉਹ ਮਾਲ ਅਫਸਰ ਸਨ ਅਤੇ ਉਨ੍ਹਾਂ ਦਾ ਅਸਰ-ਰਸੂਖ ਕਾਫੀ ਸੀ। ਬੀਬੀ ਨਾਨਕੀ ਦੀ ਸਲਾਹ ਨਾਲ ਭਾਈ ਜੈ ਰਾਮ ਜੀ ਬਾਬਾ ਨਾਨਕ ਨੂੰ 15 ਸਾਲ ਦੀ ਉਮਰ ਵਿਚ ਸੁਲਤਾਨਪੁਰ ਆਪਣੇ ਪਾਸ ਲੈ ਗਏ ਅਤੇ ਉਥੇ ਨਵਾਬ ਦੌਲਤ ਖਾਨ ਦੇ ਮੋਦੀਖਾਨੇ ਵਿਚ ਨੌਕਰੀ ਕਰਨ ਲਾ ਦਿੱਤਾ। ਉਥੇ ਹੀ ਪਰਿਵਾਰ ਨਾਲ ਸਲਾਹ ਕਰਕੇ ਭਾਈ ਜੈ ਰਾਮ ਅਤੇ ਬੀਬੀ ਨਾਨਕੀ ਨੇ ਗੁਰੂ ਨਾਨਕ ਦੇਵ ਦਾ ਵਿਆਹ ਬਟਾਲੇ ਦੇ ਖੱਤਰੀ ਪਰਿਵਾਰ ਦੀ ਲੜਕੀ ਬੀਬੀ ਸੁਲੱਖਣੀ ਨਾਲ ਕਰ ਦਿੱਤਾ। ਵਿਆਹ ਪਿਛੋਂ ਵੱਡੀ ਭੈਣ ਦਾ ਫਰਜ਼ ਨਿਭਾਉਂਦੇ ਹੋਏ ਬੀਬੀ ਨਾਨਕੀ ਨੇ ਆਪਣੇ ਵੀਰ ਨੂੰ ਵੱਖਰਾ ਘਰ ਦੇ ਦਿੱਤਾ।

ਸਿੱਖ ਇਲਹਾਮ ਦਾ ਪ੍ਰਕਾਸ਼ਨ ਸੰਨ 1499 ਵਿਚ ਬਾਨੀ ਗੁਰੂ ਨਾਨਕ ਦੇਵ ਦੇ 'ਵੇਈਂ ਨਦੀ' ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ। ਸਾਖੀਆਂ ਅਨੁਸਾਰ ਗੁਰੂ ਨਾਨਕ ਹਰ ਰੋਜ਼ ਵੇਈਂ ਵਿਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇੱਕ ਦਿਨ ਜਦੋਂ ਗੁਰੂ ਨਾਨਕ ਇਸ਼ਨਾਨ ਕਰਨ ਗਏ ਅਤੇ ਨਦੀ ਵਿਚ ਅਲੋਪ ਹੋ ਗਏ ਤਾਂ ਉਨ੍ਹਾਂ ਦੀ ਕਾਫੀ ਭਾਲ ਕੀਤੀ ਗਈ। ਜਦੋਂ ਬਾਹਰ ਨਹੀਂ ਆਏ ਤਾਂ ਸਭ ਨੇ ਸਮਝਿਆ ਕਿ ਨਦੀ ਦਾ ਪਾਣੀ ਉਨ੍ਹਾਂ ਨੂੰ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਉਸ ਵੇਲੇ ਬੀਬੀ ਨਾਨਕੀ ਦਾ ਪ੍ਰਤੀਕਰਮ ਸੀ, "ਮੇਰਾ ਵੀਰ ਤਾਂ ਡੁੱਬਦਿਆਂ ਨੂੰ ਤਾਰਨ ਆਇਆ ਹੈ। ਉਹ ਨਦੀ ਵਿਚ ਨਹੀਂ ਡੁੱਬ ਸਕਦਾ।" ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਵਿਚ ਸੁਸ਼ੋਭਿਤ ਰੱਬੀ ਜੋਤਿ ਦੀ ਸਭ ਤੋਂ ਪਹਿਲਾਂ ਪਛਾਣ ਬੀਬੀ ਨਾਨਕੀ ਨੇ ਕੀਤੀ ਅਤੇ ਉਹ ਗੁਰੂ ਨਾਨਕ ਦੇ ਪਹਿਲੇ ਸਿੱਖ ਹੋਏ ਹਨ, ਦੂਸਰੇ ਰਾਇ ਬੁਲਾਰ, ਜਿਨ੍ਹਾਂ ਨੂੰ ਗੁਰੂ ਨਾਨਕ ਦੇ ਵੱਡੀ ਦੈਵੀ ਹਸਤੀ ਹੋਣ ਦਾ ਪੂਰਾ ਯਕੀਨ ਸੀ। ਸਾਖੀਕਾਰਾਂ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ 'ਵੇਈਂ ਨਦੀ ਪ੍ਰਵੇਸ਼' ਤੋਂ ਬਾਅਦ ਸੰਸਾਰ ਦਾ ਉਧਾਰ ਕਰਨ ਲਈ 'ਉਦਾਸੀਆਂ' 'ਤੇ ਨਿਕਲੇ ਤਾਂ ਬੀਬੀ ਨਾਨਕੀ ਨੇ ਭਾਈ ਮਰਦਾਨੇ ਨੂੰ ਉਨ੍ਹਾਂ ਦੇ ਨਾਲ ਜਾਣ ਲਈ ਦੀ ਸਲਾਹ ਦਿੱਤੀ ਅਤੇ ਗੁਰੂ ਨਾਨਕ ਦੇਵ ਦੇ 'ਰੱਬੀ ਬਾਣੀ' ਦਾ ਕੀਰਤਨ ਕਰਨ ਵਾਸਤੇ ਮਰਦਾਨੇ ਨੂੰ ਵਜਾਉਣ ਲਈ ਰਬਾਬ ਭੇਟ ਕੀਤੀ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦੇ ਇਸ ਮਿਸ਼ਨ ਦਾ ਜ਼ਿਕਰ ਕਰਦਿਆਂ ਭਾਈ ਮਰਦਾਨੇ ਦਾ ਉਨ੍ਹਾਂ ਦੇ ਸਾਥੀ ਹੋਣ ਬਾਰੇ ਲਿਖਿਆ ਹੈ,

ਫਿਰਿ ਬਾਬਾ ਗਇਆ ਬਗਦਾਦਿ ਨੋ  
ਬਾਹਰਿ ਜਾਇ ਕੀਆ ਅਸਥਾਨਾ।  
ਇਕੁ ਬਾਬਾ ਅਕਾਲ ਰੂਪੁ  
ਦੂਜਾ ਰਬਾਬੀ ਮਰਦਾਨਾ।  
ਦਿਤੀ ਬਾਂਗ ਨਿਵਾਜਿ ਕਰਿ  
ਸੁੰਨਿ ਸਮਾਨਿ ਹੋਆ ਜਹਾਨਾ। (1/35)

ਬੀਬੀ ਨਾਨਕੀ ਨੇ ਗੁਰੂ ਨਾਨਕ ਸਾਹਿਬ ਦੀਆਂ ਇਨ੍ਹਾਂ ਯਾਤਰਾਵਾਂ ਦੌਰਾਨ ਪਿੱਛੋਂ ਗੁਰੂ ਨਾਨਕ ਸਾਹਿਬ ਦੀ ਪਤਨੀ ਮਾਤਾ ਸੁਲੱਖਣੀ ਅਤੇ ਉਨ੍ਹਾਂ ਦੇ ਦੋ ਬੱਚਿਆਂ ਬਾਬਾ ਸ੍ਰੀਚੰਦ ਅਤੇ ਬਾਬਾ ਲੱਖਮੀ ਦਾਸ ਦੀ ਪੂਰੀ ਤਰ੍ਹਾਂ ਸਾਂਭ-ਸੰਭਾਲ ਕੀਤੀ। ਬੀਬੀ ਨਾਨਕੀ ਨੂੰ ਸਿੱਖ ਇਤਿਹਾਸ ਵਿਚ ਬਹੁਤ ਹੀ ਸਤਿਕਾਰ ਅਤੇ ਆਦਰਯੋਗ ਸਥਾਨ ਪ੍ਰਾਪਤ ਹੈ, ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਹੋਣ ਦੇ ਨਾਤੇ ਹੀ ਨਹੀਂ, ਬਲਕਿ ਇਸ ਲਈ ਵੀ ਕਿ ਉਨ੍ਹਾਂ ਨੇ ਆਪਣੇ ਫਰਜ਼ਾਂ ਨੂੰ ਬਾਖੂਬੀ ਨਿਭਾਇਆ।

**ਮਾਤਾ ਖੀਵੀ:** ਮਾਤਾ ਖੀਵੀ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਸਾਹਿਬ ਦੀ ਧਰਮ-ਪਤਨੀ ਸਨ। ਉਨ੍ਹਾਂ ਦਾ ਜਨਮ ਭਾਈ ਦੇਵੀ ਚੰਦ ਅਤੇ ਮਾਤਾ ਕਰਨ ਦੇਵੀ ਦੇ ਘਰ 1506 ਈਸਵੀ ਵਿਚ ਹੋਇਆ। ਭਾਈ ਦੇਵੀ ਚੰਦ ਸ਼ਾਹੂਕਾਰ ਅਤੇ ਦੁਕਾਨਦਾਰ ਸੀ, ਜਿਸ ਦੀ ਇਲਾਕੇ ਵਿਚ ਕਾਫੀ ਮਾਨਤਾ ਸੀ। ਮਾਤਾ ਖੀਵੀ ਨੇ ਵੀ ਆਪਣੇ ਪਿਤਾ ਤੋਂ ਚੰਗੇ ਸੰਸਕਾਰ ਅਤੇ ਗੁਣ ਵਿਰਾਸਤ ਵਿਚ ਲਏ। ਉਨ੍ਹਾਂ ਦਾ ਵਿਆਹ 13 ਸਾਲ ਦੀ ਉਮਰ ਵਿਚ ਸੰਨ 1519 ਵਿਚ ਭਾਈ ਲਹਿਣਾ ਜੀ ਨਾਲ ਕਰ ਦਿੱਤਾ ਗਿਆ। ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਮਾਈ ਭਿਰਾਈ ਤੋਂ ਮਿਲੀ। ਤਕਰੀਬਨ ਇਸੇ ਸਮੇ ਭਾਈ ਲਹਿਣਾ ਨੂੰ ਭਾਈ ਜੋਧਾ ਕੋਲੋਂ ਗੁਰੂ ਨਾਨਕ ਸਾਹਿਬ ਬਾਰੇ ਜਾਣਕਾਰੀ ਮਿਲੀ। ਸੰਨ 1532 ਵਿਚ ਇਨ੍ਹਾਂ ਦੀ ਵੱਡੀ ਪੁੱਤਰੀ ਬੀਬੀ ਅਮਰੋ ਦਾ ਜਨਮ ਹੋਇਆ। ਇਸ ਤੋਂ ਇੱਕ ਦਮ ਬਾਅਦ ਜਦੋਂ ਭਾਈ ਲਹਿਣਾ ਦੇਵੀ ਦੀ ਸਾਲਾਨਾ ਯਾਤਰਾ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਕਰਤਾਰਪੁਰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਦਾ ਮਨ ਬਣਾਇਆ। ਭਾਈ ਲਹਿਣਾ ਰਸਤੇ ਵਿਚ ਕਰਤਾਰਪੁਰ ਰੁਕੇ ਅਤੇ ਗੁਰੂ ਨਾਨਕ ਸਾਹਿਬ ਤੋਂ ਏਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਗੁਰੂ ਸਾਹਿਬ ਪਾਸੋਂ ਉਥੇ ਹੀ ਰਹਿ ਪੈਣ ਦੀ ਆਗਿਆ ਲੈ ਲਈ। ਉਹ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਲੱਗੇ। ਕੁਝ ਦੇਰ ਬਾਅਦ ਗੁਰੂ ਨਾਨਕ ਨੇ ਉਨ੍ਹਾਂ ਨੂੰ ਖਡੂਰ ਭੇਜ ਦਿੱਤਾ ਅਤੇ ਬਾਣੀ ਦਾ ਪ੍ਰਚਾਰ ਕਰਨ ਲਈ ਕਿਹਾ। ਗੁਰੂ ਨਾਨਕ ਦੇਵ ਭਾਈ ਲਹਿਣਾ ਦੀ ਸੇਵਾ ਤੋਂ ਏਨੇ ਜ਼ਿਆਦਾ ਖੁਸ਼ ਸੀ ਕਿ ਦੋ ਵਾਰ ਖਡੂਰ ਮਿਲਣ ਆਏ। ਬੀਬੀ ਅਮਰੋ ਤੋਂ ਬਾਅਦ ਬੀਬੀ ਅਨੋਖੀ ਅਤੇ ਦੋ ਪੁੱਤਰ ਦਾਤੂ ਅਤੇ ਦਾਸੂ ਪੈਦਾ ਹੋਏ। ਮਾਤਾ ਖੀਵੀ ਨੇ ਗੁਰੂ ਨਾਨਕ ਦੀ ਸਿੱਖਿਆ ਆਪਣੇ ਪਤੀ ਕੋਲੋਂ ਗ੍ਰਹਿਣ ਕੀਤੀ ਅਤੇ ਇਸ ਨੂੰ ਪੂਰੇ ਮਨ ਅਤੇ ਤਨ ਨਾਲ ਅਪਨਾਇਆ।

ਗੁਰੂ ਨਾਨਕ ਸਾਹਿਬ ਨੇ ਸਿੱਖੀ ਸਿਧਾਂਤਾਂ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਅਮਲੀ ਪ੍ਰਕਾਸ਼ਨ ਕਰਤਾਰਪੁਰ ਤੋਂ ਹੀ ਸਥਾਪਤ ਕਰ ਦਿੱਤਾ ਸੀ ਅਤੇ ਇਸ ਲਈ ਲੰਗਰ ਦੀ ਸੰਸਥਾ ਇਸੇ ਗੁਰਮਤਿ ਦੇ ਪ੍ਰਚਾਰ ਹਿਤ ਗੁਰੂ ਅੰਗਦ ਸਾਹਿਬ ਗੁਰ-ਸ਼ਬਦ ਦਾ ਅਤੁਟ ਲੰਗਰ ਚਲਾਉਣ ਲੱਗੇ। ਇੱਕ ਪਾਸੇ ਗੁਰੂ ਅੰਗਦ ਵੱਲੋਂ ਸ਼ਬਦ ਦਾ ਅਤੁੱਟ ਲੰਗਰ ਚੱਲ ਰਿਹਾ ਸੀ ਤਾਂ ਦੂਸਰੇ ਪਾਸੇ ਸਾਧ-ਸੰਗਤਿ ਲਈ ਮਾਤਾ ਖੀਵੀ ਵੱਲੋਂ ਪ੍ਰਸ਼ਾਦੇ ਦਾ ਬੇਹੱਦ ਸੁਆਦ ਲੰਗਰ ਚਲਾਇਆ ਜਾ ਰਿਹਾ ਸੀ ਜਿਸ ਵਿਚ ਘਿਉ ਵਾਲੀ ਸੁਆਦਲੀ ਖੀਰ ਮਾਤਾ ਖੀਵੀ ਵੱਲੋਂ ਤਿਆਰ ਕੀਤੀ ਜਾਂਦੀ ਅਤੇ ਮਾਤਾ ਜੀ ਦਾ ਲੋਕਾਂ ਨੂੰ ਬਹੁਤ ਵੱਡਾ ਆਸਰਾ ਸੀ। ਮਾਤਾ ਖੀਵੀ ਦਾ ਐਸਾ ਮਾਲਕ ਹੈ, ਗੁਰੂ ਅੰਗਦ ਜਿਸ ਨੇ ਸਾਰੇ ਜਗਤ ਦਾ ਭਾਰ ਚੁੱਕਿਆ ਹੋਇਆ ਹੈ,

ਬਲਵੰਡ ਖੀਵੀ ਨੇਕ ਜਨ  
ਜਿਸੁ ਬਹੁਤੀ ਛਾਉ ਪਤ੍ਰਾਲੀ॥



ਮਾਤਾ ਖੀਵੀ ਲੰਗਰ ਵਿਚ ਪ੍ਰਸ਼ਾਦਾ ਛਕਾਉਂਦੇ ਹੋਏ

ਸ਼ੁਰੂ ਹੋ ਗਈ ਸੀ। ਜਦੋਂ ਗੁਰ-ਗੱਦੀ 'ਤੇ ਬੈਠਣ ਬਾਅਦ ਗੁਰੂ ਅੰਗਦ ਦੇਵ ਨੇ ਖਡੂਰ ਸਾਹਿਬ ਤੋਂ ਗੁਰਮਤਿ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਮਾਤਾ ਖੀਵੀ ਨੇ ਲੰਗਰ ਦੀ ਸੇਵਾ ਦੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਸੰਭਾਲ ਲਈ। ਮਾਤਾ ਖੀਵੀ ਵੱਲੋਂ ਬਹੁਤ ਵਧੀਆ ਲੰਗਰ ਤਿਆਰ ਕੀਤਾ ਜਾਂਦਾ ਸੀ ਅਤੇ ਸੰਗਤਾਂ ਨੂੰ ਸ਼ਰਧਾ ਨਾਲ ਛਕਾਇਆ ਜਾਂਦਾ ਸੀ। ਮਾਤਾ ਖੀਵੀ ਨੇ ਲੰਗਰ ਦੀ ਸੇਵਾ ਤੋਂ ਇਲਾਵਾ ਸਭ ਲਈ ਪ੍ਰੇਮ ਭਰਿਆ ਵਾਤਾਵਰਣ ਸਿਰਜਿਆ। 'ਰਾਮਕਲੀ ਵਾਰ' ਵਿਚ ਰਾਇ ਬਲਵੰਡ ਅਤੇ ਸਤੇ ਡੂਮ ਨੇ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਨੇ ਆਪਣੀ ਜੋਤਿ ਭਾਈ ਲਹਿਣੇ ਵਿਚ ਰੱਖੀ ਤਾਂ ਗੁਰੂ ਨਾਨਕ ਦੀ ਥਾਂ ਭਾਈ ਲਹਿਣੇ ਦੀ ਦੋਹੀ ਫਿਰਾਈ ਗਈ ਅਤੇ ਜੋਤਿ ਵੀ ਉਹੀ ਸੀ ਅਤੇ ਉਸ ਨੂੰ ਪ੍ਰਕਾਸ਼ਿਤ ਕਰਨ ਦੀ ਗੁਰੂ ਜੁਗਤ ਵੀ ਉਹੀ ਸੀ। ਗੁਰੂ ਨਾਨਕ ਨੇ ਗੁਰਮਤਿ ਰਾਜ ਕਾਇਮ ਕੀਤਾ, ਸੱਚ ਰੂਪ ਕਿਲਾ ਤਕੜੀ ਨੀਂਹ 'ਤੇ ਉਸਾਰਿਆ।

ਲੰਗਰਿ ਦਉਲਤਿ ਵੰਡੀਐ  
ਰਸੁ ਅੰਮ੍ਰਿਤੁ ਖੀਰ ਘਿਆਲੀ॥  
ਗੁਰਸਿਖਾ ਕੇ ਮੁਖ ਉਜਲੇ  
ਮਨਮੁਖ ਥੀਏ ਪਰਾਲੀ॥  
ਪਏ ਕਬੂਲੁ ਖਸੰਮ ਨਾਲਿ  
ਜਾਂ ਘਾਲ ਮਰਦੀ ਘਾਲੀ॥  
ਮਾਤਾ ਖੀਵੀ ਸਹੁ ਸੋਇ  
ਜਿਨਿ ਗੋਇ ਉਠਾਲੀ॥3॥ (ਪੰਨਾ 966)

ਰਾਇ ਬਲਵੰਡ ਅਤੇ ਸਤੇ ਡੂਮ ਨੇ ਗੁਰੂ ਅੰਗਦ ਸਾਹਿਬ ਦੀ ਸਿਫਤਿ-ਸਾਲਾਹ ਮਾਤਾ ਖੀਵੀ ਦੇ ਅਜਿਹਾ ਸਹੁ ਹੋਣ ਦੇ ਰੂਪ ਵਿਚ ਕੀਤੀ ਹੈ ਜਿਸ ਨੇ ਸਾਰੇ ਜਗਤ ਦਾ ਭਾਰ ਸੰਭਾਲਿਆ ਹੋਇਆ ਹੈ। ਗੁਰੂ ਪਰਿਵਾਰ ਵਿਚੋਂ ਵੀ ਮਾਤਾ ਖੀਵੀ ਹੀ ਅਜਿਹੀ ਇਕੱਲੀ ਇਸਤਰੀ ਹਨ ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਮਾਤਾ ਖੀਵੀ ਅਤੇ ਗੁਰੂ ਅੰਗਦ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਦੀ ਭਲਾਈ ਲਈ ਮਿਲ ਕੇ ਜਤਨ ਕਰਦੇ। ਗੁਰੂ ਅੰਗਦ ਦੇਵ ਨੇ ਲਿਪੀ ਨੂੰ ਸੁਧਾਰ ਕੇ ਬੱਚਿਆਂ ਲਈ ਬਾਲ-ਬੋਧ ਤਿਆਰ ਕੀਤੇ ਅਤੇ ਇਸ ਲਿਪੀ ਨੂੰ 'ਗੁਰਮੁਖੀ' ਦਾ ਨਾਮ ਦਿੱਤਾ ਗਿਆ। ਬੱਚਿਆਂ ਨੂੰ ਪੜ੍ਹਾਉਣ ਤੋਂ ਇਲਾਵਾ ਉਨ੍ਹਾਂ ਦੀ ਸਰੀਰਕ ਕਸਰਤ ਲਈ ਖਡੂਰ ਸਾਹਿਬ ਵਿਖੇ ਖੇਡਾਂ ਦਾ ਵੀ ਪ੍ਰਬੰਧ ਕੀਤਾ ਗਿਆ। ਗੁਰੂ ਅੰਗਦ ਦੇਵ ਦੇ ਜੋਤੀ-ਜੋਤਿ ਸਮਾਉਣ ਪਿਛੋਂ ਮਾਤਾ ਖੀਵੀ 30 ਸਾਲ ਤੱਕ ਜੀਵੇ। ਗੁਰੂ ਅਮਰਦਾਸ ਨੇ ਸੇਵਾ ਅਤੇ ਗੁਰੂ ਨਾਨਕ ਸਾਹਿਬ ਦੇ ਦਿੱਤੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਹੋਰ ਪਰਪੱਕ ਕਰਨ ਲਈ ਲੰਗਰ ਦੀ ਸੰਸਥਾ ਨੂੰ ਹੋਰ ਪੱਕਾ ਕਰਦਿਆਂ ਗੁਰੂ ਦੀ ਸੰਗਤਿ ਤੋਂ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕਣ ਨੂੰ ਜ਼ਰੂਰੀ ਕਰਾਰ ਦਿੰਦਿਆਂ 'ਪਹਿਲੇ ਪੰਗਤਿ ਪਾਛੇ ਸੰਗਤਿ' ਦਾ ਆਦੇਸ਼ ਕੀਤਾ। ਮਾਤਾ ਖੀਵੀ ਗੁਰੂ ਅਮਰਦਾਸ ਦੇ ਸਮੇਂ ਲੰਗਰ ਦਾ ਪ੍ਰਬੰਧ ਪਹਿਲਾਂ ਦੀ ਤਰ੍ਹਾਂ ਹੀ ਬਖੂਬੀ ਨਿਭਾਉਂਦੇ ਰਹੇ। ਉਹ ਸਾਰੀ ਉਮਰ ਗੁਰੂ ਘਰ ਨਾਲ ਜੁੜੇ ਰਹੇ। ਲੰਗਰ ਗੁਰਮਤ ਜੁਗਤਿ ਦੀ ਬਹੁਤ ਹੀ ਅਹਿਮ ਅਤੇ ਜ਼ਰੂਰੀ ਸੰਸਥਾ ਹੈ। ਇਹ ਸੰਸਥਾ ਨਾ ਸਿਰਫ ਆਤਮਕ ਤ੍ਰਿਪਤੀ ਦੇ ਨਾਲ ਨਾਲ ਪੇਟ ਦੀ ਭੁੱਖ ਪੂਰੀ ਕਰਨ ਲਈ ਹੀ ਕਾਇਮ ਕੀਤੀ ਗਈ ਬਲਕਿ ਇਸ ਦਾ ਮਕਸਦ ਸਮਾਜ 'ਚੋਂ ਹਰ ਤਰ੍ਹਾਂ ਦੀ ਉਚ-ਨੀਚ ਤੇ ਭੇਦ ਭਾਵ ਖਤਮ ਕਰਕੇ ਸੇਵਾ ਅਤੇ ਵੰਡ ਛਕਣ ਰਾਹੀਂ ਬਰਾਬਰੀ ਕਾਇਮ ਕਰਨਾ ਹੈ।

ਲੰਗਰ ਵਿਚ ਮਨੁੱਖ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੀ ਜੀਵਨ-ਜਾਚ ਸਿੱਖਦਾ ਹੈ ਅਤੇ ਇਹ ਸਿਧਾਂਤ ਸਿੱਖੀ ਦਾ ਧੁਰਾ ਹਨ। ਸ਼ਾਇਦ ਇਸ ਸੰਸਥਾ ਦੇ ਗੋਇੰਦਵਾਲ ਵਿਚ ਗੁਰੂ ਅਮਰਦਾਸ ਦੀ ਅਗਵਾਈ ਵਿਚ ਹੋਰ ਮਜ਼ਬੂਤ ਹੋ ਜਾਣ ਕਾਰਨ ਹੀ ਗੋਇੰਦਵਾਲ ਨੂੰ ਸਿੱਖੀ ਦਾ ਧੁਰਾ ਕਿਹਾ ਗਿਆ ਹੈ। ਅਕਬਰ ਬਾਦਸ਼ਾਹ ਵਰਗਾ ਹਿੰਦੁਸਤਾਨ ਦੇ ਤਖਤ ਦਾ ਮਾਲਕ ਵੀ ਜਦੋਂ ਗੁਰੂ ਅਮਰਦਾਸ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੇ ਵੀ ਗੁਰੂ-ਆਦੇਸ਼ ਅਨੁਸਾਰ ਪਹਿਲਾਂ ਆਮ ਸੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਅਤੇ ਪਿਛੋਂ ਗੁਰੂ ਦੇ ਦਰਸ਼ਨ ਕੀਤੇ। ਮਾਤਾ ਖੀਵੀ ਦਾ ਦੋ ਗੁਰੂ ਸਾਹਿਬਾਨ ਦੇ ਸਮੇਂ ਇਸ ਸੰਸਥਾ ਦਾ ਪ੍ਰਬੰਧ ਕਰਨਾ ਆਪਣੇ ਆਪ ਵਿਚ ਇੱਕ ਬਹੁਤ ਹੀ ਅਹਿਮ ਕਾਰਜ ਹੈ। ਸੁਘੜ ਮਾਤਾ ਦਾ ਰੋਲ ਨਿਭਾਉਂਦੇ ਹੋਏ ਗੁਰੂ ਦੇ ਪਾਏ ਪੂਰਨਿਆਂ 'ਤੇ ਪਹਿਰਾ ਦਿੰਦਿਆਂ ਮਾਤਾ ਖੀਵੀ ਨੇ ਇੱਕ ਹੋਰ ਅਹਿਮ ਕਾਰਜ ਕੀਤਾ। ਗੁਰੂ ਅੰਗਦ ਦੇਵ ਵੱਲੋਂ ਗੁਰੂ ਅਮਰਦਾਸ ਨੂੰ ਗੁਰਗੱਦੀ ਸੌਂਪ ਦੇਣ 'ਤੇ ਭਾਈ ਦਾਤੂ ਨਾਰਾਜ਼ ਹੋ ਗਏ ਅਤੇ ਆਪਣੇ ਵੱਖਰੇ ਚੇਲੇ ਬਣਾ ਲਏ। ਮਾਤਾ ਖੀਵੀ ਆਪ ਭਾਈ ਦਾਤੂ ਨੂੰ ਗੁਰੂ ਅਮਰਦਾਸ ਕੋਲ ਲੈ ਕੇ ਗਏ ਅਤੇ ਗੁਰੂ ਪਾਸੋਂ ਭੁੱਲ ਬਖਸ਼ਾਉਣ ਲਈ ਪ੍ਰੇਰਨਾ ਕੀਤੀ।

*(ਚਲਦਾ)*

## ਜਬ ਕਛੁ ਨਾ ਸੀਓ ਤਬ ਕਿਆ ਕਰਤਾ

ਸੂਹੀ ਮਹਲਾ 5  
ਜਬ ਕਛੁ ਨਾ ਸੀਓ ਤਬ ਕਿਆ ਕਰਤਾ  
ਕਵਨ ਕਰਮ ਕਰਿ ਆਇਆ॥  
ਅਪਨਾ ਖੇਲੁ ਆਪਿ ਕਰਿ ਦੇਖੈ  
ਠਾਕੁਰਿ ਰਚਨੁ ਰਚਾਇਆ॥੧॥  
ਮੇਰੇ ਰਾਮ ਰਾਇ  
ਮੁਝ ਤੇ ਕਛੂ ਨ ਹੋਈ॥  
ਆਪੇ ਕਰਤਾ ਆਪਿ ਕਰਾਏ  
ਸਰਬ ਨਿਰੰਤਰਿ ਸੋਈ॥੧॥ਰਹਾਉ॥  
ਗਣਤੀ ਗਣੀ ਨ ਛੂਟੈ ਕਤਹੂ  
ਕਾਚੀ ਦੇਹ ਇਆਣੀ॥  
ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ  
ਤੇਰੀ ਬਖਸ ਨਿਰਾਲੀ॥੨॥  
ਜੀਅ ਜੰਤ ਸਭ ਤੇਰੇ ਕੀਤੇ  
ਘਟਿ ਘਟਿ ਤੁਹੀ ਧਿਆਈਐ॥  
ਤੇਰੀ ਗਤਿ ਮਿਤਿ ਤੂਹੈ ਜਾਣਹਿ  
ਕੁਦਰਤਿ ਕੀਮ ਨ ਪਾਈਐ॥੩॥  
ਨਿਰਗੁਣ ਮੁਗਧੁ ਅਜਾਣੁ ਅਗਿਆਨੀ  
ਕਰਮ ਧਰਮ ਨਹੀ ਜਾਣਾ॥  
ਦਇਆ ਕਰਹੁ ਨਾਨਕੁ ਗੁਣ ਗਾਵੈ  
ਮਿਠਾ ਲਗੈ ਤੇਰਾ ਭਾਣਾ॥੪॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਭਾਈ! ਜਦੋਂ ਅਜੇ ਇਹ ਸੰਸਾਰ ਭੀ ਨਹੀਂ ਸੀ ਅਤੇ ਇਹ ਜੀਵ ਭੀ ਨਹੀਂ ਸੀ, ਉਦੋਂ ਇਹ ਜੀਵ ਕੀ ਕਰਦਾ ਸੀ ਅਤੇ ਇਹ ਜੀਵ ਕਿਹੜੇ ਕਰਮ ਕਰ ਕੇ ਹੋਂਦ ਵਿਚ ਆਇਆ ਹੈ? ਹੇ ਭਾਈ! ਅਸਲੀਅਤ ਤਾਂ ਇਹ ਹੈ ਕਿ ਉਸ ਮਾਲਕ ਪ੍ਰਭੂ ਨੇ ਆਪ ਹੀ ਸੰਸਾਰ ਦੀ ਰਚਨਾ ਰਚਾਈ ਹੈ ਅਤੇ ਉਹ ਆਪ ਹੀ ਇਹ ਜਗਤ ਤਮਾਸ਼ਾ ਰਚ ਕੇ ਇਸ ਨੂੰ ਦੇਖ ਰਿਹਾ ਹੈ। ਮੇਰੇ ਪਾਤਸ਼ਾਹ ਜੀਉ! ਤੇਰੀ ਮਿਹਰ ਤੋਂ ਬਿਨਾਂ ਤਾਂ ਮੈਥੋਂ ਕੋਈ ਭੀ ਕੰਮ ਹੋ ਹੀ ਨਹੀਂ ਸਕਦਾ। ਉਹ ਪ੍ਰਭੂ ਇਕ ਰਸ ਜੀਵਾਂ ਵਿਚ ਸਮਾ ਰਿਹਾ ਹੈ। ਆਪ ਹੀ ਜੀਵਾਂ ਦੇ ਅੰਦਰ ਬੈਠਾ ਸਭ ਕੁਝ ਕਰ ਰਿਹਾ ਹੈ ਅਤੇ ਆਪ ਹੀ ਜੀਵਾਂ ਕੋਲੋਂ ਸਭ ਕੁਝ ਕਰਾ ਵੀ ਰਿਹਾ ਹੈ।

ਗਣਤੀ ਗਣੀ ਨ ਛੂਟੈ ਕਤਹੂ  
ਕਾਚੀ ਦੇਹ ਇਆਣੀ॥  
ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ  
ਤੇਰੀ ਬਖਸ ਨਿਰਾਲੀ॥੨॥

ਹੁਣ ਗੁਰਦੇਵ ਪਿਤਾ ਅਰਦਾਸ ਕਰਦੇ ਹਨ, ਹੇ ਪ੍ਰਭੂ ਜੀਉ! ਇਹ ਨਿਮਾਣਾ ਜੀਵ ਤਾਂ ਨਿਆਣੀ ਅਕਲ ਵਾਲਾ ਹੈ ਅਤੇ ਕਾਚੀ ਦੇਹ, ਭਾਵ ਇਸ ਦਾ ਸਰੀਰ ਭੀ ਨਾਸ਼ ਹੋ ਜਾਣ ਵਾਲਾ ਹੈ। ਪ੍ਰਭੂ ਜੀਉ! ਜੇ ਇਸ ਜੀਵ ਦੇ ਗਣਤੀ ਗਣੀ, ਭਾਵ ਕਰਮਾਂ ਦਾ ਲੇਖਾ ਜੋਖਾ ਕੀਤਾ ਗਿਆ ਤਾਂ ਇਸ ਜੀਵ ਦਾ ਕਦੀ ਭੀ ਛੁਟਕਾਰਾ ਨਹੀਂ ਹੋ ਸਕਦਾ। ਬਖ਼ਸ਼ਣਹਾਰ ਪ੍ਰਭੂ ਜੀਉ! ਆਪਣੀ ਕ੍ਰਿਪਾ ਕਰੋ ਤੇ ਇਸ ਜੀਵ ਨੂੰ ਬਖ਼ਸ਼ ਦੇਹ।

ਜੀਅ ਜੰਤ ਸਭ ਤੇਰੇ ਕੀਤੇ  
ਘਟਿ ਘਟਿ ਤੁਹੀ ਧਿਆਈਐ॥  
ਤੇਰੀ ਗਤਿ ਮਿਤਿ ਤੂਹੈ ਜਾਣਹਿ  
ਕੁਦਰਤਿ ਕੀਮ ਨ ਪਾਈਐ॥੩॥

## ਗੁਰਬਾਣੀ ਗਿਆਨ

ਹੇ ਜਗਤ ਦੇ ਮਾਲਕ ਪ੍ਰਭੂ ਜੀਉ! ਇਸ ਸੰਸਾਰ ਦੇ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ ਅਤੇ ਪ੍ਰਭੂ ਘਟਿ ਘਟਿ ਅਰਾਧਨਾ ਹੋ ਰਹੀ ਹੈ। ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਤੇਰੀ ਗਤਿ ਮਿਤਿ, ਭਾਵ ਤੂੰ ਦੇਖਣ ਨੂੰ ਕੈਸਾ ਹੈ ਅਤੇ ਤੇਰੀ ਹੋਂਦ ਦਾ ਪਸਾਰਾ ਕਿੰਨਾ ਕੁ ਵੱਡਾ ਹੈ, ਇਹ ਸਭ ਕੁਝ ਤਾਂ ਤੂੰ ਆਪ ਹੀ ਜਾਣਦਾ ਹੈਂ। ਹੇ ਮੇਰੇ ਪ੍ਰਭੂ ਜੀਉ! ਤੇਰੀ ਕੁਦਰਤ ਦਾ ਕੋਈ ਮੁੱਲ ਨਹੀਂ ਪੈ ਸਕਦਾ। ਤੇਰੀ ਮਹਿਮਾ ਅਪਾਰ ਹੈ।

ਨਿਰਗੁਨ ਮੁਗਧੁ ਅਜਾਣੁ ਅਗਿਆਨੀ  
ਕਰਮ ਧਰਮ ਨਹੀ ਜਾਣਾ॥  
ਦਇਆ ਕਰਹੁ ਨਾਨਕੁ ਗੁਣ ਗਾਵੈ  
ਮਿਠਾ ਲਗੈ ਤੇਰਾ ਭਾਣਾ॥੪॥

ਹੇ ਮਿਹਰਬਾਨ ਪ੍ਰਭੂ ਜੀਉ! ਮੈਂ ਗੁਣਾਂ ਤੋਂ ਸੱਖਣਾ ਹਾਂ। ਮੈਂ ਮੂਰਖ ਹਾਂ ਅਤੇ ਅਜਾਣ, ਭਾਵ ਬੇਸਮਝ ਅਤੇ ਅਗਿਆਨੀ, ਤੇਰੇ ਮਿਹਰਾਂ ਭਰੇ ਆਤਮਿਕ ਜੀਵਨ ਤੋਂ ਭੀ ਅਨਜਾਣ ਹਾਂ। ਮੈਨੂੰ ਸੁਚੱਜੇ ਤੇ ਉਚੇ ਸੁੱਚੇ ਜੀਵਨ ਦੀ ਭੀ ਕੋਈ ਸੂਝ-ਬੂਝ ਨਹੀਂ ਹੈ ਅਤੇ ਮੈਂ ਕੋਈ ਚੰਗੇ ਨੇਕ ਤੇ ਧਾਰਮਿਕ ਕੰਮ ਕਰਨੇ ਭੀ ਨਹੀਂ ਜਾਣਦਾ ਜਿਨ੍ਹਾਂ ਕਰ ਕੇ ਹੇ ਪ੍ਰਭੂ ਜੀਉ! ਮੈਂ ਤੈਨੂੰ ਖੁਸ਼ ਕਰ ਸਕਾਂ। ਪ੍ਰਭੂ ਦਇਆ ਕਰੋ, ਇਹ ਤੇਰਾ ਨਾਨਕ ਸਦਾ ਹੀ ਤੇਰੇ ਗੁਣ ਗਾਉਂਦਾ ਰਹਵੇ ਅਤੇ ਇਸ ਨੂੰ ਤੇਰਾ ਭਾਣਾ ਮਿੱਠਾ ਲਗਦਾ ਰਹੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# ਜਿਸ ਦੇ ਗੀਤ ਟੂਣੇਹਾਰੇ ਮੰਤਰ ਸਨ

ਸੁਰਤ ਤੇ ਸੰਗੀਤ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਚੜ੍ਹਦੀ ਉਮਰੇ ਦਿਲ ਦੀਆਂ ਤਾਰਾਂ ਟੁਣਕਾ ਦੇਣ ਵਾਲੇ ਪੰਜਾਬੀ ਤੇ ਹਿੰਦੀ ਗਾਇਕਾਂ ਦਾ ਜ਼ਿਕਰ ਕਰ ਲੈਣ ਤੋਂ ਪਿੱਛੋਂ ਅਤੇ ਅਜਿਹਾ ਹੀ ਜਾਦੂ ਬਖੇਰਨ ਵਾਲੇ ਕੁਛ ਢਾਡੀਆਂ, ਕਵੀਸ਼ਰਾਂ ਤੇ ਸਾਹਿਤਕਾਰਾਂ ਦੇ ਹਜ਼ੂਰ ਹੋਣ ਤੋਂ ਪਹਿਲਾਂ ਇਕ ਖਾਸ ਗੀਤਕਾਰ ਨੂੰ ਸਿਮਰਨਾ ਲਾਜ਼ਮੀ ਹੋ ਗਿਆ ਹੈ। ਇਹ ਜ਼ੋਰਾਵਰ ਆਪਣੀ ਕਲਮ ਦਾ ਏਨਾ ਮਾਣਮੱਤਾ ਹੈ ਕਿ ਮੇਰੀ ਕਲਮ ਨੂੰ ਫੜ ਕੇ ਆਖਦਾ ਹੈ, ਮੇਰੀ ਗੱਲ ਕਰੇ ਬਿਨਾਂ ਅੱਗੇ ਕਿਧਰ ਜਾਏਂਗਾ ਬਈ! ਉਹਦਾ ਸਵੈਮਾਣ ਬੜੇ ਨਰੋਏ ਆਧਾਰ ਵਾਲਾ ਹੈ। ਠੀਕ ਹੀ ਉਹਦੀ ਕੀਰਤੀ ਗਾਏ ਬਿਨਾਂ ਅੱਗੇ ਪੁਲਾਂਘ ਪੁੱਟ ਲੈਣਾ ਮੇਰੇ ਵਾਸਤੇ ਸੰਭਵ ਨਹੀਂ। ਇਹ ਸਾਡਾ ਉਹ ਗੀਤਕਾਰ ਹੈ ਜਿਸ ਦੀ ਕਲਮ ਨੂੰ ਲੋਕਗੀਤਾਂ ਵਾਲੀ ਜਜ਼ਬਾਤੀ ਸ਼ਕਤੀ, ਭਾਸ਼ਾਈ ਸਰਲਤਾ ਅਤੇ ਅਡੋਲ ਲੈਅ ਦਾ ਵਰ ਮਿਲਿਆ ਹੋਇਆ ਸੀ। ਉਹ ਅਜਿਹਾ ਜਾਦੂਗਰ ਸੀ ਜੋ ਆਪਣੀ ਰਚਨਾ ਦੇ ਲੋਕਗੀਤ ਹੋਣ ਦਾ ਭੁਲੇਖਾ ਪਾਉਣ ਵਿਚ ਸਫਲ ਹੋ ਸਕਿਆ।

ਪੰਜਾਬੀ ਗੀਤਕਾਰੀ ਦੀ ਨਾਮਾਵਲੀ ਵਿਚ ਅਨੇਕ ਗੀਤਕਾਰ ਸ਼ਾਮਲ ਹਨ ਜੋ ਚੰਗੇ ਗੀਤ ਲਿਖ ਰਹੇ ਹਨ ਪਰ ਅਜਿਹਾ ਕੋਈ ਨਾਂ ਲੈਣਾ ਸੰਭਵ ਨਹੀਂ ਜੋ ਉਹਦੇ ਕਲਾ-ਸੰਸਾਰ ਦੀ ਕੰਨੀ ਵੀ ਛੂਹ ਸਕਿਆ ਹੋਵੇ। ਉਹਨੂੰ ਸੁਣਿਆਂ ਸ਼ਬਦਾਂ ਦੀ ਚੋਣ ਅਤੇ ਪੇਸ਼ਕਾਰੀ ਦਾ ਜੋ ਟੂਣਾ ਅੱਲੜ੍ਹ ਉਮਰੇ ਕੀਲ ਕੇ ਮਦਹੋਸ਼ ਕਰਦਾ ਸੀ, ਤੀਬਰਤਾ ਵਿਚ ਕਿਸੇ ਵੀ ਕਟੌਤੀ ਤੋਂ ਬਿਨਾਂ ਉਹੋ ਟੂਣਾ ਅੱਜ ਦੀ ਪਰਪੱਕ ਆਯੂ ਨੂੰ ਵੀ ਕਿਸੇ ਹੋਰ ਸੰਸਾਰ ਵਿਚ ਲੈ ਉਡਦਾ ਹੈ। ਉਹ ਮਨ-ਵਸਿਆ ਗੀਤਕਾਰ ਹੈ ਨੰਦ ਲਾਲ ਨੂਰਪੁਰੀ।

ਨੂਰਪੁਰੀ ਦਾ ਪਹਿਲਾ ਗੀਤ ਜੋ ਕੰਨੀਂ ਪਿਆ, ਉਹ ਸੀ ਸੱਚਮੁੱਚ ਗਲੀ ਗਲੀ ਗੂੰਜਿਆ ਸ਼ੋਰੀ ਫਿਲਮ ਕੰਪਨੀ ਵਾਲਿਆਂ ਦੀ 1944 ਦੀ ਪ੍ਰਸਿੱਧ ਫਿਲਮ 'ਮੰਗਤੀ' ਦਾ ਦੁਨੀਆਂ ਦੀ ਬੇਕਿਰਕੀ ਬਿਆਨਦਾ ਦਰਦੀਲਾ ਗੀਤ,

ਏਥੋਂ ਉਡ ਜਾ ਭੋਲਿਆ ਪੰਛੀਆ
ਓ ਤੂੰ ਆਪਣੀ ਜਾਨ ਬਚਾ।
ਏਥੇ ਘਰ ਘਰ ਫਾਹੀਆਂ ਗੱਡੀਆਂ
ਓ ਤੂੰ ਛੁਰੀਆਂ ਹੇਠ ਨਾ ਆ।
ਏਥੇ ਡਾਕੇ ਪੈਣ ਦੁਪਹਿਰ ਨੂੰ
ਤੇਰਾ ਆਲ੍ਹਣਾ ਦੇਣਗੇ ਢਾਹ!

ਪਰ ਸੱਚੇ-ਸੁੱਚੇ ਦਰਦ ਦੀ ਸਿਖਰ ਦੇ ਦਰਸ਼ਨ ਛੇਤੀ ਹੀ ਹੋਏ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਭਿੱਜ ਕੇ ਗਾਏ 'ਚੁੰਮ ਚੁੰਮ ਰੱਖੋ ਨੀ ਇਹ ਕਲਗ਼ੀ ਜੁਝਾਰ ਦੀ, ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ' ਵਿਚ। ਇਕ ਗੱਲ ਤਾਂ ਪੱਕੀ ਹੈ, ਸ਼ਬਦਾਂ ਵਿਚ ਅਜਿਹਾ ਦਿਲ-ਚੀਰਵਾਂ ਦਰਦ ਕੋਈ ਉਹੋ ਹੀ ਪਰੋ ਸਕਦਾ ਸੀ, ਜੀਹਦਾ ਆਪਣਾ ਨਸੀਬਾ ਅਜਿਹਾ ਦਰਦ ਰਿਹਾ ਹੋਵੇ! ਤੇ ਇਸੇ ਰਚਨਾ ਨੇ ਮੈਨੂੰ ਸਾਧਾਰਨ ਸ਼ਬਦ ਉਹਦੀ ਕਲਮ ਦੀ ਨੋਕ ਉਤੇ ਚੜ੍ਹ ਕੇ ਅਸਾਧਾਰਨ ਸ਼ਕਤੀ ਹਾਸਲ ਕਰਦੇ ਦਿਖਾਏ। ਧਾੜਵੀ ਮੁਗ਼ਲ ਫ਼ੌਜਾਂ ਦੇ ਕਠੋਰ ਹੱਥਾਂ ਵਿਚ ਫੜੀਆਂ ਜ਼ਾਲਮ ਤਲਵਾਰਾਂ ਵੱਲ ਕਾਲੀਆਂ ਹੋਣ ਦਾ ਬੇਸ਼ਬਦਾ ਸੰਕੇਤ ਕਰਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀਆਂ ਹੱਕ-ਸੱਚ ਲਈ ਲੜਨ ਵਾਲੀਆਂ ਤਲਵਾਰਾਂ ਨੂੰ 'ਕੂਲੇ ਕੂਲੇ ਹੱਥ ਕਿਰਪਾਨਾਂ ਵਿਚ ਗੋਰੀਆਂ' ਕੋਈ ਨੂਰਪੁਰੀ ਹੀ ਕਹਿ ਸਕਦਾ ਸੀ। ਤੇ ਫੇਰ ਰਣ-ਖੇਤਰ ਵਿਚੋਂ ਆਈ ਲਹੂ-ਭਿੱਜੀ ਘੋੜੀ ਕਿਸੇ ਵਰਤੇ ਭਾਣੇ ਦਾ ਅਬੋਲ ਅੰਦਾਜ਼ਾ ਤਾਂ ਲੁਆ ਸਕਦੀ ਸੀ, ਪਰ 'ਲਹੂ ਵਿਚ ਭਿੱਜੀ ਘੋੜੀ ਦਿਸੀ ਭੁੱਬਾਂ ਮਾਰਦੀ' ਨੂਰਪੁਰੀ ਦੀ ਕਲਪਨਾ ਦਾ ਕਮਾਲ ਹੀ ਹੋ ਸਕਦਾ ਸੀ! ਇਹ ਗੀਤ ਮਗਰੋਂ ਕਈ ਹੋਰਾਂ ਨੇ ਗਾਇਆ, ਪਰ ਨੂਰਪੁਰੀ ਦੇ ਸ਼ਬਦਾਂ ਵਿਚ ਜੋ ਦਰਦ, ਕਸਕ, ਚੀਸ, ਪੀੜ ਤੇ ਪ੍ਰਭਾਵ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਭਰ ਸਕੀਆਂ, ਉਹ ਹੋਰ ਕਿਸੇ ਦੇ ਵੱਸ ਵਿਚ ਨਹੀਂ ਸੀ।

ਰੁਮਾਂਚਿਕ ਗੀਤਾਂ ਵਿਚ ਵੀ ਅਜਿਹੀ ਹੀ ਭਾਸ਼ਾਈ ਜਾਦੂਗਰੀ ਦੀ ਇਕ ਮਿਸਾਲ 'ਨੀ ਮੈਨੂੰ ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ, ਨੀ ਮੈਨੂੰ ਅੱਗ ਦੇ ਭੰਬੂਕੇ ਵਾਂਗੂੰ ਮੱਚ ਲੈਣ ਦੇ' ਹੈ। ਇਕ ਤਾਂ ਸਾਧਾਰਨ ਇਸਤਰੀ-ਸੰਬੋਧਨ 'ਨੀ' ਇਥੇ ਏਨਾ ਵਿਸ਼ਾਲ-ਆਕਾਰੀ ਹੋ ਗਿਆ ਹੈ ਕਿ ਉਸ ਵਿਚ ਝੱਲੀ ਹੋ ਕੇ ਨਚਦਿਆਂ ਥੱਕੀ-ਟੁੱਟੀ ਨੂੰ ਰੋਕਣ ਵਾਲੀਆਂ ਰਿਸ਼ਤੇਦਾਰੀਆਂ, ਸੱਸ, ਨਨਾਣਾਂ, ਦਿਉਰਾਣੀਆਂ, ਜਠਾਣੀਆਂ, ਗੁਆਂਢਣਾਂ, ਸ਼ਰੀਕਣੀਆਂ, ਮੇਲਣਾਂ, ਸਭ ਦੀਆਂ ਸਭ ਸਮਾ ਗਈਆਂ ਹਨ। ਦੂਜੇ, ਅੱਗ ਦੇ ਭੰਬੂਕੇ ਵਾਂਗ ਮੱਚਣ ਦਾ ਤਾਂ ਕਹਿਣਾ ਹੀ ਕੀ! ਇਥੇ ਲਾਟਾਂ ਬਣ ਕੇ ਮੱਚਿਆਂ ਨਹੀਂ ਸਰਦਾ, ਭਾਂਬੜ ਬਣ ਕੇ ਮੱਚਿਆਂ ਵੀ ਤਸੱਲੀ ਨਹੀਂ ਹੁੰਦੀ, ਇਥੇ ਤਾਂ ਤੀਲੀ ਛੋਹੇ ਬਾਰੂਦ ਜਾਂ ਪਟਰੌਲ ਵਾਂਗ ਭੰਬੂਕਾ ਬਣ ਕੇ ਮੱਚਣ ਵਿਚ ਹੀ ਅਨੰਦ ਹੈ! ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਗਾਏ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ', 'ਚੰਨ ਵੇ ਕਿ ਸ਼ੌਂਕਣ ਮੇਲੇ ਦੀ', 'ਕਾਗ ਬਨੇਰੇ 'ਤੇ ਬੋਲਿਆ', 'ਖਤ ਆਇਆ ਸੁਹਣੇ ਸੱਜਣਾਂ ਦਾ' ਆਦਿ ਛੋਟੀ ਉਮਰੇ ਸੁਣੇ ਨੂਰਪੁਰੀ ਦੇ ਗੀਤਾਂ ਦੀ ਤਾਜ਼ਗੀ ਅੱਜ ਤੱਕ ਵੀ ਭੋਰਾ ਘੱਟ ਨਹੀਂ ਹੋਈ।

'ਜੁਝਾਰ ਦੀ ਕਲਗੀ' ਵਰਗੇ ਅਨੇਕ ਹੋਰ ਧਾਰਮਿਕ ਗੀਤ ਹਨ, ਜਿਨ੍ਹਾਂ ਦੀ ਸ਼ਰਧਾ-ਭਾਵਨਾ ਉਹਦੇ ਪਿਆਰ-ਗੀਤਾਂ ਦੀ ਚੰਚਲਤਾ ਵਾਂਗ ਹੀ ਸਿਖਰਾਂ ਛੂੰਹਦੀ ਹੈ। ਗੀਤ 'ਮਾਛੀਵਾੜੇ ਵਿਚ ਬੈਠਾ ਸ਼ਹਿਨਸ਼ਾਹ ਜਹਾਨ ਦਾ, ਹੱਥ ਵਿਚ ਖੰਡਾ ਪਿੱਛੇ ਢਾਸਣਾ ਕਮਾਨ ਦਾ' ਵਿਚਲੇ ਦੋ ਸ਼ਬਦ-ਸ਼ਹਿਨਸ਼ਾਹ ਤੇ ਮਾਛੀਵਾੜਾ ਆਪਣੇ ਅੰਦਰ ਕੀ ਕੁਛ ਸਮੋਈ ਬੈਠੇ ਹਨ? ਸੰਖੇਪ ਜਿਹੀ ਇਸ ਇਕੋ ਸਤਰ ਵਿਚ ਮਾਤਾ, ਮਹਿਲ, ਚਾਰੇ ਸਾਹਿਬਜ਼ਾਦਿਆਂ, ਸਿੱਖ ਸੇਵਕਾਂ, ਫੌਜਾਂ,



*ਨੰਦ ਲਾਲ ਨੂਰਪੁਰੀ*

ਖਜ਼ਾਨਿਆਂ, ਕਿਲਿਆਂ ਵਾਲੀ ਸ਼ਹਿਨਸ਼ਾਹੀ ਤੋਂ ਤੁਰ ਕੇ ਸਭ ਕੁਛ ਵਾਰਦਿਆਂ ਮਾਛੀਵਾੜੇ ਦੇ ਉਜਾੜ ਜੰਗਲ ਦੀ ਇਕੱਲ ਤੱਕ ਦੀ ਦਸਮੇਸ਼ ਪਿਤਾ ਦੀ ਪੂਰੀ ਯਾਤਰਾ ਲਿਖੀ ਪਈ ਹੈ। ਪਰ ਦੂਜੀ ਸਤਰ ਵਿਚ ਹੀ ਨੂਰਪੁਰੀ ਸਪੱਸ਼ਟ ਕਰਦਾ ਹੈ ਕਿ ਇਸ ਅਵਸਥਾ ਵਿਚ ਵੀ ਹੱਥ ਵਿਚ ਰਣ-ਤੱਤੇ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਖੰਡਾ ਹੈ ਅਤੇ ਢਾਸਣਾ ਵੀ ਉਨ੍ਹਾਂ ਨੇ ਕਿਸੇ ਬਿਰਛ ਆਦਿ ਦਾ ਨਹੀਂ ਲਾਇਆ ਹੋਇਆ, ਕਮਾਨ ਹੀ ਢਾਸਣਾ ਹੈ। ਵੱਡੇ ਸਾਹਿਬਜ਼ਾਦਿਆਂ ਬਾਰੇ ਇਕ ਹੋਰ ਗੀਤ 'ਕਿਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ, ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ' ਤੇ ਛੋਟੇ ਸਾਹਿਬਜ਼ਾਦਿਆਂ ਬਾਰੇ 'ਕਿੱਡੇ ਸੁਹਣੇ ਚੰਦ ਨੀ ਤੇ ਕਿੱਡੇ ਸੁਹਣੇ ਬਾਲ ਨੀ, ਤੁਰੇ ਜਾਂਦੇ ਸੂਬੇ ਦੇ ਸਿਪਾਹੀਆਂ ਦੇ ਜੋ ਨਾਲ ਨੀ' ਆਪਣੀ ਮਿਸਾਲ ਆਪ ਹਨ।

ਨੂਰਪੁਰੀ ਦੇ ਅਜਿਹੇ ਸਭ ਗੀਤ ਬਿਨਾਂ-ਸ਼ੱਕ ਮਨ ਦੀ ਮਿੱਟੀ ਵਿਚ ਸਾਹਿਤ ਦੇ ਬੀ ਬਣ ਕੇ ਪੈ ਗਏ ਜਿਨ੍ਹਾਂ ਨੇ ਰੁੱਤ ਆਈ ਤੋਂ ਉਗਣਾ ਹੀ ਸੀ। ਸਗੋਂ ਜਿਉਂ ਜਿਉਂ ਬੋਲੀ ਦੀ ਵਰਤੋਂ ਦੀ, ਸਾਹਿਤ ਦੀ ਟੂਣੇਹਾਰਤਾ ਦੀ ਸਮਝ ਵਧਦੀ ਗਈ, ਇਨ੍ਹਾਂ ਗੀਤਾਂ ਦੀ ਤੇ ਇਨ੍ਹਾਂ ਦੇ ਗੀਤਕਾਰ ਦੀ ਕਦਰ-ਕੀਮਤ ਵੀ ਦਿਲ ਵਿਚ ਵਧਦੀ ਹੀ ਗਈ। ਅਜਿਹੇ ਰਾਹ-ਦਿਖਾਵੇ ਉਸਤਾਦਾਂ ਅੱਗੇ ਭਲਾ ਸੀਸ ਕਿਉਂ ਨਾ ਝੁਕੇ ਤੇ ਕਿਵੇਂ ਨਾ ਝੁਕੇ!

ਨੂਰਪੁਰੀ ਦਾ ਜਨਮ, ਲਗਦਾ ਹੈ ਰੀਸੋ-ਰੀਸੀ, ਸਭ 1906 ਲਿਖ ਰਹੇ ਹਨ। ਜਦੋਂ ਮੈਂ 1963 ਵਿਚ ਨਵਯੁਗ ਵਾਸਤੇ ਪੁਸਤਕ 'ਇਕੋਤਰ ਸੌ ਕਵੀ' ਸੰਪਾਦਿਤ ਕੀਤੀ, ਕਵਿਤਾ ਛਾਪਣ ਦੀ ਆਗਿਆ ਦੇ ਨਾਲ ਨਾਲ ਮੈਂ ਕਵੀਆਂ ਨੂੰ ਤਰਤੀਬ ਦੇਣ ਦੇ ਇਰਾਦੇ ਨਾਲ ਉਨ੍ਹਾਂ ਦੀ ਜਨਮ-ਤਾਰੀਖ ਵੀ ਪੁੱਛੀ। ਨੂਰਪੁਰੀ ਨੇ ਆਪਣਾ ਜਨਮ 3.6.1909 (ਪਿਤਾ ਬਿਸ਼ਨ ਸਿੰਘ ਅਤੇ ਮਾਤਾ ਹੁਕਮਾ ਦੇਵੀ ਦੇ ਘਰ ਪਿੰਡ ਨੂਰਪੁਰ, ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਵਿਚ) ਲਿਖ ਕੇ ਭੇਜਿਆ ਸੀ। ਪੁਸਤਕ ਵਿਚ ਉਹਦਾ ਗੀਤ ਹੈ, 'ਹਸਦੇ ਹਸਦੇ ਮਾਹੀ ਨੇ ਸਾਨੂੰ ਦੋ ਤਿੰਨ ਛਮਕਾਂ ਮਾਰੀਆਂ, ਹੁਣ ਪਿਆ ਬਹਿ ਕੇ ਕੋਲ ਮਨਾਉਂਦਾ ਗੱਲਾਂ ਕਰੇ ਪਿਆਰੀਆਂ' ਅਤੇ ਅਰਥਪੂਰਨ ਸਬੱਬ ਦੇਖੋ ਕਿ ਉਹਦਾ ਸਥਾਨ ਪ੍ਰਤਿਭਾ ਦੇ ਐਨ ਅਨੁਸਾਰ ਲੋਕਗੀਤੀ ਸਾਹਿਤਕਤਾ ਦੇ ਸ਼ਾਹਸਵਾਰ ਦੇਵਿੰਦਰ ਸਤਿਆਰਥੀ (28.5.1908) ਤੇ ਕਾਵਿ-ਮੰਚ ਦੇ ਧਨੀ ਕਰਤਾਰ ਸਿੰਘ ਬਲੱਗਣ (2.11.1910) ਦੇ ਵਿਚਕਾਰ ਹੈ। ਕਵਿਤਾ ਛਾਪਣ ਦੀ ਆਗਿਆ ਦੇਣ ਵਾਲੀ ਮੈਨੂੰ, ਉਹਦੇ ਲਈ ਅਸਲੋਂ ਹੀ ਅਣਜਾਣੇ ਅਜੇ ਇਕ ਅਲੇਖਕ ਮੁੰਡੇ ਨੂੰ ਆਈ ਇਸ ਪਹਿਲੀ ਤੇ ਆਖਰੀ ਚਿੱਠੀ ਦੇ ਉਦਾਸ-ਨਿਰਾਸ ਸ਼ਬਦਾਂ ਦੀ ਪੂਰੀ ਥਾਹ ਉਸ ਸਮੇਂ ਪਾਉਣੀ ਮੇਰੇ ਵਾਸਤੇ ਸੰਭਵ ਨਹੀਂ ਸੀ। ਚਿੱਠੀ ਕੁਛ ਇਉਂ ਸੀ, "ਕੋਈ ਸਾਡੇ ਤਾਂ ਕਦੀ ਕੰਮ ਨਹੀਂ ਆਇਆ, ਚਲੋ ਅਸੀਂ ਤਾਂ ਕਿਸੇ ਦੇ ਕੰਮ ਆਈਏ।" ਹਾਂ, ਤਿੰਨ ਕੁ ਸਾਲ ਮਗਰੋਂ ਕੁਛ ਕੁਛ ਗੱਲ ਉਸ ਸਮੇਂ ਸਮਝ ਆਈ ਜਦੋਂ 13 ਮਈ 1966 ਨੂੰ ਉਹਨੇ ਆਪਣੇ ਜੀਵਨ ਦਾ ਅੰਤ ਆਪੇ ਕਰ ਦਿੱਤਾ।

ਅਸਲ ਵਿਚ ਨੂਰਪੁਰੀ ਦਾ ਸਾਰਾ ਜੀਵਨ ਸਾਹਿਤਕਾਰ ਵਾਲੀ ਕੋਮਲਤਾ ਅਤੇ ਸੰਸਾਰਕ ਜੀਵਨ ਦੀ ਕਠੋਰਤਾ ਵਿਚਕਾਰ ਜੂਝਦਿਆਂ ਬੀਤਿਆ। ਚੈਨ ਦੀ ਤਲਾਸ਼ ਵਿਚ ਉਹਨੇ ਕਈ ਜਤਨ ਕੀਤੇ ਪਰ ਚੈਨ ਨਸੀਬ ਨਾ ਹੋਇਆ। ਪਹਿਲਾਂ-ਪਹਿਲ ਕੀਤੀ ਅਧਿਆਪਕ ਦੀ ਨੌਕਰੀ ਬੀਕਾਨੇਰ ਰਿਆਸਤ ਵਿਚ ਮਿਲੀ ਠਾਣੇਦਾਰੀ ਲਈ ਛੱਡ ਦਿੱਤੀ। ਉਹਦੀ ਅਗਵਾਈ ਵਿਚ ਪੁਲਸੀ ਟੋਲੀ ਹੱਥੋਂ ਅੱਗੋਂ ਹਥਿਆਰਬੰਦ ਮੁਕਾਬਲਾ ਕਰਨ ਲੱਗੇ ਸ਼ਰਾਬ ਦੀ ਭੱਠੀ ਵਾਲੇ ਤਿੰਨ ਬੰਦੇ ਮਾਰੇ ਜਾਣ ਕਰਕੇ ਨੂਰਪੁਰੀ ਨੂੰ ਭਾਵੇਂ ਬਹਾਦਰੀ ਦਾ ਮੈਡਲ ਤਾਂ ਮਿਲ ਗਿਆ ਪਰ ਉਹਦੇ ਦਿਲ ਦਾ ਚੈਨ ਜਾਂਦਾ ਰਿਹਾ। ਹਾਇ ਰੱਬਾ, ਮੇਰੀ ਅਗਵਾਈ ਵਿਚ ਤਿੰਨ ਬੰਦੇ ਜਾਨੋਂ ਹੱਥ ਧੋ ਬੈਠੇ! 1940 ਵਿਚ ਉਹ ਅਸਤੀਫਾ ਦੇ ਕੇ ਲਾਹੌਰ ਪਰਤ ਆਇਆ। ਉਥੇ ਉਹਨੇ 'ਮੰਗਤੀ', 'ਵਲਾਇਤ ਪਾਸ', 'ਖੇਡਣ ਦੇ ਦਿਨ ਚਾਰ' ਜਿਹੀਆਂ ਕਈ ਫਿਲਮਾਂ ਦੇ ਗੀਤ ਲਿਖ ਕੇ ਨਾਂ ਵੀ ਕਮਾਇਆ ਤੇ ਨਾਮਾ ਵੀ। ਕੋਲੰਬੀਆ ਫਿਲਮ ਕੰਪਨੀ ਨਾਲ ਹੋਏ ਇਕਰਾਰਨਾਮੇ ਨੇ ਤਾਂ ਉਹਨੂੰ ਪੱਕੇ ਪੈਰੀਂ ਕਰ ਕੇ ਚਿੰਤਾ-ਮੁਕਤ ਕਰ ਦਿੱਤਾ। ਪਰ ਕਿਸਮਤ ਨੇ ਉਸ ਇਕੱਲੇ ਲਈ ਹੀ ਨਹੀਂ, ਸਗੋਂ ਕਰੋੜਾਂ ਨਿਭਾਗਿਆਂ ਲਈ ਹੋਰ ਹੀ ਕੁਛ ਮਿਥ ਰੱਖਿਆ ਸੀ। ਸੰਤਾਲੀ ਦੀ ਦੇਸ-ਵੰਡ ਸਮੇਂ ਉਹ ਸਭ ਕੁਛ ਗੁਆ ਕੇ ਖਾਲੀ ਹੱਥ ਜਲੰਧਰ ਆ ਬੈਠਾ।

ਹੁਣ ਰੇਡੀਓ ਤੇ ਕਵੀ ਦਰਬਾਰਾਂ ਦੀ ਜਾਂ ਗੀਤਕਾਰਾਂ ਦੇ ਰਿਕਾਰਡ ਕਰਵਾਏ ਉਹਦੇ ਗੀਤਾਂ ਦੀ ਟੁੱਟਵੀਂ ਆਮਦਨ ਹੀ ਸਾਧਨ ਰਹਿ ਗਈ। ਦੋ ਕੁ ਸਾਲ ਉਹਨੇ ਭਾਸ਼ਾ ਵਿਭਾਗ ਦੀ ਨੌਕਰੀ ਕੀਤੀ ਵੀ ਦੱਸੀ ਜਾਂਦੀ ਹੈ। ਉਹਦੇ ਗੀਤ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਨੇ ਤਾਂ ਘਰ ਘਰ ਪੁਜਦੇ ਕੀਤੇ ਹੀ, ਮੁਹੰਮਦ ਰਫ਼ੀ, ਨਰਿੰਦਰ ਬੀਬਾ, ਆਸਾ ਸਿੰਘ ਮਸਤਾਨਾ ਆਦਿ ਹੋਰ ਅਨੇਕ ਗਾਇਕਾਂ ਨੇ ਵੀ ਗਾਏ। ਲੋਕ ਠੀਕ ਹੀ ਆਖਦੇ ਸਨ, "ਨੂਰਪੁਰੀ ਬੋਲਿਆ, ਪੰਜਾਬ ਬੋਲਿਆ!" ਇਸੇ ਕਰਕੇ ਉਹਨੇ ਆਪਣੇ ਅੰਤਲੇ ਕਾਵਿ-ਸੰਗ੍ਰਹਿ ਦਾ ਨਾਂ ਵੀ 'ਪੰਜਾਬ ਬੋਲਿਆ' ਹੀ ਰੱਖਿਆ। ਪਰ ਕੀ ਕਰੀਏ, ਸਾਹਿਤਕ ਪ੍ਰਸਿੱਧੀ ਅਜਿਹੀ ਨਿਕੰਮੀ ਚੀਜ਼ ਹੈ ਜੋ ਨਾ ਭੁੱਖੇ ਦੀ ਰੋਟੀ ਬਣਦੀ ਹੈ, ਨਾ ਬੀਮਾਰ ਦੀ ਦਵਾਈ ਬਣਦੀ ਹੈ ਤੇ ਨਾ ਟੱਬਰ ਦੀ ਗਰੀਬੀ ਦਾ ਉਪਾਅ ਬਣਦੀ ਹੈ! ਸਰਕਾਰ ਤੇ ਸਮਾਜ ਤਾਂ ਅਜਿਹੇ ਮਾਮਲਿਆਂ ਵਿਚ ਸਦਾ ਤੋਂ ਬੇਕਦਰ ਰਹੇ ਹੀ ਹਨ।

ਸਭ ਪਾਸਿਆਂ ਤੋਂ ਨਿਰਾਸ-ਬੇਆਸ ਹੋ ਕੇ ਅਸ਼ਾਂਤ ਹੋਏ ਲੋਕਾਂ ਲਈ ਸ਼ਾਂਤੀ ਦਾ ਇਕੋ ਟਿਕਾਣਾ ਰਹਿ ਜਾਂਦਾ ਹੈ ਜੋ ਕਦੀ ਨਿਰਾਸ-ਬੇਆਸ ਨਹੀਂ ਕਰਦਾ। ਉਹ ਹੈ ਮੌਤ ਦੀ ਚੈਨ-ਭਰੀ ਨਿੱਘੀ ਗੋਦ! ਦਸਦੇ ਹਨ, ਜਦੋਂ ਖੂਹ ਵਿਚ ਕੁਛ ਡਿਗਣ ਦੀ ਆਵਾਜ਼ ਸੁਣ ਕੇ ਉਧਰ ਭੱਜੀ ਗੁਰਬਚਨ ਦੂਆ ਨਾਂ ਦੀ ਵਿਦਿਆਰਥਣ ਨੇ ਚੱਪਲਾਂ ਪਈਆਂ ਦੇਖ ਰੌਲਾ ਪਾਇਆ, ਨੂਰਪੁਰੀ ਦਾ ਮੰਜਾ ਖਾਲੀ ਦੇਖ ਕੇ ਭੱਜੇ ਪਰਿਵਾਰ ਨੇ ਚੱਪਲਾਂ ਪਛਾਣ ਲਈਆਂ। ਜਨਤਕ ਦਬਾਅ ਹੇਠ 31 ਜੁਲਾਈ 2006 ਨੂੰ ਮੰਤਰੀ ਚੌਧਰੀ ਜਗਜੀਤ ਸਿੰਘ ਅਤੇ ਜਲੰਧਰ ਦੇ ਮੇਅਰ ਸੁਰਿੰਦਰ ਮਹੇਅ ਨੇ ਖੂਹ ਕੋਲ 'ਨੰਦ ਲਾਲ ਨੂਰਪੁਰੀ ਯਾਦਗਾਰ ਭਵਨ' ਦਾ ਨੀਂਹ-ਪੱਥਰ ਰੱਖਿਆ, ਜੋ ਅਜੇ ਤੱਕ ਨੀਂਹ-ਪੱਥਰ ਹੀ ਹੈ ਤੇ ਸੰਭਵ ਹੈ, ਨੀਂਹ-ਪੱਥਰ ਹੀ ਰਹੇਗਾ ਵੀ!

ਨੂਰਪੁਰੀ ਨੇ ਇਹ ਅੰਤਿਮ ਸਤਰਾਂ ਕਾਗਜ਼ ਉਤੇ ਝਰੀਟੀਆਂ ਦੱਸੀਆਂ ਜਾਂਦੀਆਂ ਹਨ, "ਲੋਗ ਜੀਤੇ ਹੈਂ ਦੁਨੀਆ ਮੇਂ ਕਿਸ ਸ਼ਾਨ ਸੇ, ਕੋਈ ਤਨ ਬੇਚ ਕਰ, ਕੋਈ ਮਨ ਬੇਚ ਕਰ। ਮੇਰੇ ਇਖ਼ਲਾਸ ਕਾ ਦਰਦ ਪਹਿਚਾਨੀਏ, ਮੈਂ ਨੇ ਫਾਕੇ ਖਰੀਦੇ ਹੈਂ ਫ਼ਨ ਬੇਚ ਕਰ!" ਅਜਿਹੇ ਸਮਿਆਂ ਲਈ ਬੜਾ ਢੁੱਕਵਾਂ ਮੋਹਸਿਨ ਨਕਵੀ ਦਾ ਇਕ ਸ਼ਿਅਰ ਅਕਸਰ ਚੇਤੇ ਕੀਤਾ ਜਾਂਦਾ ਹੈ, "ਕੁਛ ਦਿਨੋਂ ਕੇ ਲੀਏ ਚਲੋ ਦੁਨੀਆ ਕੋ ਛੋਡ ਚਲੇਂ ਮੋਹਸਿਨ, ਸੁਨਾ ਹੈ, ਲੋਗ ਬਹੁਤ ਯਾਦ ਕਰਤੇ ਹੈਂ ਚਲੇ ਜਾਨੇ ਕੇ ਬਾਅਦ!" ਨੂਰਪੁਰੀ ਜੀ, ਅਸੀਂ ਤੁਹਾਨੂੰ ਸੱਚਮੁੱਚ ਹੀ ਬਹੁਤ ਯਾਦ ਕਰਦੇ ਹਾਂ!

# ਇੱਕ ਜਗ੍ਹਾ ਜਦੋਂ ਜਮਾਂ ਹੋਏ ਹਿਟਲਰ, ਸਟਾਲਿਨ ਤੇ ਟਰਾਟਸਕੀ

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ, ਲੇਕਿਨ ਇਹ ਗੱਲ ਸੌ ਫੀਸਦੀ ਸੱਚ ਹੈ। ਇਕ ਸ਼ਤਾਬਦੀ ਪਹਿਲਾਂ ਆਸਟਰੀਆ ਦੀ ਰਾਜਧਾਨੀ ਵੀਆਨਾ ਦੇ ਇਕ ਹੀ ਇਲਾਕੇ ਵਿਚ ਅਡੌਲਫ ਹਿਟਲਰ, ਲਿਓਨ ਟਰਾਟਸਕੀ, ਜੋਸਫ ਟੀਟੋ, ਸਿਗਮੰਡ ਫਰਾਇਡ ਅਤੇ ਜੋਸਫ ਸਟਾਲਿਨ ਰਹਿੰਦੇ ਸਨ। ਦੁਨੀਆਂ ਭਰ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਇਨ੍ਹਾਂ ਸ਼ਖਸੀਅਤਾਂ ਦਾ ਇਕ ਜਗ੍ਹਾ ਰਹਿਣਾ ਕੀ ਸਿਰਫ਼ ਇਤਫਾਕ ਸੀ ਜਾਂ ਕੁੱਝ ਹੋਰ।

ਜਨਵਰੀ 1913 ਵਿਚ ਇਕ ਆਦਮੀ ਵੀਆਨਾ ਦੇ ਉਤਰੀ ਟਰਮੀਨਲ ਸਟੇਸ਼ਨ ਉਤੇ ਉਤਰਿਆ। ਉਸ ਦੇ ਪਾਸਪੋਰਟ ਉਤੇ ਨਾਮ ਸਟਾਵਰੋਸ ਪਾਪਾਡੋਪੁਲਾਸ ਲਿਖਿਆ ਸੀ। ਪੱਕੇ ਰੰਗ ਵਾਲੇ ਇਸ ਆਦਮੀ ਨੇ ਕਿਸਾਨਾਂ ਦੀ ਤਰ੍ਹਾਂ ਵੱਡੀਆਂ ਵੱਡੀਆਂ ਮੁੱਛਾਂ ਰੱਖੀਆਂ ਹੋਈਆਂ ਸਨ ਅਤੇ ਮਾਮੂਲੀ ਲਕੜੀ ਦਾ ਇਕ ਬਕਸਾ ਉਸ ਦੇ ਕੋਲ ਸੀ। ਜਿਸ ਨੇ ਇਸ ਮੁਲਾਕਾਤ ਦਾ ਜ਼ਿਕਰ ਸਾਲਾਂ ਬਾਅਦ ਕੀਤਾ, ਉਹ ਕੋਈ ਹੋਰ ਨਹੀਂ ਲਿਓਨ ਟਰਾਟਸਕੀ ਸੀ, ਜੋ ਉਸ ਵਕਤ ਪ੍ਰਾਵਦਾ (ਸੱਚ) ਨਾਮ ਦਾ ਅਖ਼ਬਾਰ ਕੱਢਦਾ ਸੀ। ਉਸ ਨੂੰ ਮਿਲਣ ਆਉਣ ਵਾਲੇ ਦਾ ਨਾਂ ਸਟਾਵਰੋਸ ਪਾਪਾਡੋਪੁਲਾਸ ਨਹੀਂ ਸੀ। ਬਚਪਨ ਵਿਚ ਉਸ ਦਾ ਨਾਂ ਸੀ, ਵਿਸਾਰਿਨੋਵਿਚ ਝੁਗਾਗਵੀ। ਆਪਣੇ ਦੋਸਤਾਂ ਵਿਚ ਉਹ ਕੋਬਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਉਹ ਸੀ ਜੋਸਫ ਸਟਾਲਿਨ।

ਟਰਾਟਸਕੀ ਅਤੇ ਸਟਾਲਿਨ ਕੁਝ ਵੱਡੀਆਂ ਹਸਤੀਆਂ ਵਿਚ ਸਿਰਫ ਦੋ ਨਾਂ ਸਨ, ਜਿਨ੍ਹਾਂ ਨੇ 20ਵੀਂ ਸਦੀ ਨੂੰ ਬਣਾਉਣ ਜਾਂ ਵਿਗਾੜਨ ਵਿਚ ਵੱਡੀ ਭੂਮਿਕਾ ਅਦਾ ਕੀਤੀ। ਸਟਾਲਿਨ ਅਤੇ ਟਰਾਟਸਕੀ ਉਸ ਸਮੇਂ ਭਗੌੜੇ ਸਨ। ਸਿਗਮੰਡ ਫਰਾਇਡ ਇਕ ਵੱਡਾ ਮਨੋਵਿਗਿਆਨੀ ਸੀ, ਜੋ



*ਲਿਓਨ ਟਰਾਟਸਕੀ*



*ਅਡੌਲਫ ਹਿਟਲਰ*



*ਸਟਾਲਿਨ*

ਵੀਆਨਾ ਸ਼ਹਿਰ ਦੇ ਬੇਰਗਾਸੇ ਇਲਾਕੇ ਵਿਚ ਰਹਿੰਦਾ ਅਤੇ ਚਿਕਿਤਸਾ ਕਰਦਾ ਸੀ।

ਸਭ ਦਾ ਅੱਡਾ: ਜਵਾਨ ਜੋਸਫ ਬਰਾਜ, ਜੋ ਬਾਅਦ ਵਿਚ ਯੁਗੋਸਲਾਵੀਆ ਦੇ ਮਾਰਸ਼ਲ ਟੀਟੋ ਦੇ ਨਾਂ ਨਾਲ ਜਾਣੇ ਗਏ, ਵੀਆਨਾ ਵਿਚ ਡਾਇਮਲਰ ਆਟੋਮੋਬਾਈਲ ਫੈਕਟਰੀ ਵਿਚ ਕੰਮ ਕਰਦਾ ਸੀ। ਉਹ ਰੋਜਗਾਰ, ਪੈਸੇ ਅਤੇ ਚੰਗੇ ਸਮੇਂ ਦੀ ਤਲਾਸ਼ ਵਿਚ ਸੀ। ਉਨ੍ਹਾਂ ਤੋਂ ਇਲਾਵਾ ਇਕ 24 ਸਾਲਾ ਜਵਾਨ ਵੀ ਸੀ, ਜੋ ਵੀਆਨਾ ਅਕੈਡਮੀ ਆਫ ਫਾਈਨ ਆਰਟਸ ਵਿਚ ਪੜ੍ਹਨਾ ਚਾਹੁੰਦਾ ਸੀ। ਉਸ ਦੀਆਂ ਉਮੀਦਾਂ ਨੂੰ ਦੋ ਵਾਰ ਝਟਕਾ ਲੱਗ ਚੁਕਾ ਸੀ। ਅਡੌਲਫ ਹਿਟਲਰ ਨਾਮੀ ਇਹ ਜਵਾਨ ਡੈਨਿਊਬ ਦੇ ਕੋਲ ਰਹਿੰਦਾ ਸੀ। ਥੰਡਰ ਏਟ ਟਵਿਲਾਈਟ ਵਿਚ ਫਰੈਡਰਿਕ ਮਾਰਟਨ ਨੇ ਵਰਣਨ ਕੀਤਾ ਹੈ ਕਿ ਸ਼ਾਇਦ ਹਿਟਲਰ ਉਸ ਵਕਤ ਆਪਣੇ ਸਾਥੀਆਂ ਦੇ ਨਾਲ ਨੈਤਿਕਤਾ, ਨਸਲੀ ਸ਼ੁਧਤਾ, ਜਰਮਨ ਮੁਹਿੰਮ, ਯਹੂਦੀਆਂ ਆਦਿ ਉਤੇ ਚਰਚਾ ਕਰ ਰਿਹਾ ਹੋਵੇਗਾ।

ਇਸ ਸਭ ਉਤੇ ਸ਼ਹਿਰ ਦੇ ਹਾਫਬਰਗ ਪੈਲੇਸ ਵਿਚ ਬੁਜ਼ਰਗ ਬਾਦਸ਼ਾਹ ਫਰਾਂਜ਼ ਜੋਸਫ ਰਹਿੰਦੇ ਸਨ। ਉਨ੍ਹਾਂ ਦਾ ਚੁਣਿਆ ਹੋਇਆ ਪ੍ਰਤੀਨਿਧ ਆਰਕ ਡਿਊਕ ਫਰਾਂਜ਼ ਫਰਡੀਨੈਂਡ ਕੋਲ ਹੀ ਬੇਲਵੇਡੇਅਰ ਪੈਲੇਸ ਵਿਚ ਰਹਿੰਦਾ ਸੀ। ਅਗਲੇ ਸਾਲ ਉਸ ਦੀ ਹੱਤਿਆ ਪਿਛੋਂ ਹੀ ਪਹਿਲਾ ਵਿਸ਼ਵ ਯੁਧ ਛਿੜਿਆ ਸੀ।

1913 ਵਿਚ ਵੀਆਨਾ ਉਸ ਸਮੇਂ ਆਸਟਰੀਆ ਅਤੇ ਹੰਗਰੀ ਦੀ ਰਾਜਧਾਨੀ ਸੀ, ਜਿਸ ਵਿਚ 15 ਦੇਸ਼ ਸ਼ਾਮਿਲ ਸਨ ਅਤੇ ਲਗਭਗ ਪੰਜ ਕਰੋੜ ਲੋਕ ਰਹਿੰਦੇ ਸਨ। ਆਸਟਰੀਆ ਦੇ ਇਕੋ ਇਕ ਅੰਗਰੇਜ਼ੀ ਅਖ਼ਬਾਰ 'ਵੀਆਨਾ ਰਿਵਿਊ' ਦਾ ਸੰਪਾਦਕ ਡਾਰਡਿਸ ਮੈਕਨਮੀ ਕਹਿੰਦਾ ਹੈ, "ਆਸਟਰੀਆ ਉਸ ਵਕਤ ਬੇਸ਼ਕ ਅਲੱਗ ਵਿਚਾਰਾਂ ਦਾ ਕੇਂਦਰ ਨਹੀਂ ਸੀ, ਲੇਕਿਨ ਇਹ ਲੋਕਾਂ ਵਿਚ ਖਿੱਚ ਦਾ ਸਥਾਨ ਹੀ ਸੀ।" ਹਾਲਾਤ ਇਹ ਸੀ ਕਿ ਸ਼ਹਿਰ ਦੇ ਵੀਹ ਲੱਖ ਲੋਕਾਂ ਵਿਚ ਅੱਧੇ ਹੀ ਉਥੇ ਪੈਦਾ ਹੋਏ ਸਨ। ਲਗਭਗ ਇਕ ਤਿਹਾਈ ਬੋਹੇਮੀਆ (ਹੁਣ ਪੱਛਮ ਵਾਲਾ ਚੈਕ ਲੋਕਰਾਜ) ਅਤੇ ਮੋਰਾਵੀਆ (ਹੁਣ ਪੂਰਬੀ ਚੈਕ ਲੋਕਰਾਜ) ਵਲੋਂ ਆਏ ਸਨ। ਉਸ ਵਕਤ ਇਸ ਸ਼ਹਿਰ ਵਿਚ ਕੋਈ ਇਕ ਦਰਜਨ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ। ਤਤਕਾਲੀ ਫੌਜੀ ਮੁਖੀ ਜਰਮਨ ਦੇ ਇਲਾਵਾ 11 ਹੋਰ ਭਾਸ਼ਾਵਾਂ ਵਿਚ ਹੁਕਮ ਦਿੰਦਾ ਸੀ।

ਕਾਫ਼ੀ ਹਾਊਸ ਸਭਿਆਚਾਰ: 'ਸਰਚ ਆਫ ਦਾ ਵਰਲਡ ਬਿਫੋਰ ਦਾ ਗਰੇਟ ਵਾਰ' ਦੇ ਲੇਖਕ ਚਾਰਲਸ ਐਮਰਸਨ ਕਹਿੰਦਾ ਹੈ, "ਉਸ ਸਮੇਂ ਦੇ ਵੀਆਨਾ ਅਤੇ ਹੁਣ ਦੇ ਵੀਆਨਾ ਵਿਚ ਕੋਈ ਖਾਸ ਫਰਕ ਨਹੀਂ ਹੈ, ਦੋਵੇਂ ਹੀ ਸਮੇਂ ਕੈਫੇ ਸਭਿਆਚਾਰ ਕਾਫੀ ਚਲਾਇਆ ਕਰਦਾ ਸੀ। ਉਸ ਵਕਤ ਵੀਆਨਾ ਵਿਚ ਸਭ ਲੋਕ ਇਕ ਦੂਜੇ ਨੂੰ ਜਾਣਦੇ ਸਨ।"

ਫਰਾਇਡ ਦੀ ਪਸੰਦੀਦਾ ਜਗ੍ਹਾ 'ਦ ਕੈਫੇ ਲੈਂਡਟਮਾਨ' ਹੁਣ ਵੀ ਉਸੇ ਕੋਨੇ ਵਿਚ ਸਥਿਤ ਹੈ। ਟਰਾਟਸਕੀ ਅਤੇ ਹਿਟਲਰ ਕੈਫੇ ਸੈਂਟਰਲ ਵਿਚ ਜਾਇਆ ਕਰਦੇ ਸਨ, ਜਿਥੇ ਕੇਕ, ਅਖ਼ਬਾਰ ਅਤੇ ਸਭ ਤੋਂ ਵਧ ਗੱਲਬਾਤ ਦਾ ਸਮਾਨ ਮੌਜੂਦ ਰਹਿੰਦਾ ਸੀ। ਇਹ ਕੋਈ ਨਹੀਂ ਜਾਣਦਾ ਕਿ ਕੀ ਹਿਟਲਰ ਤੇ ਟਰਾਟਸਕੀ ਕਦੋਂ ਮਿਲੇ ਸਨ, ਜਾਂ ਟੀਟੋ ਤੇ ਸਟਾਲਿਨ ਕਦੋਂ ਮਿਲੇ। ਇਹ ਰਾਜ 1918 ਵਿਚ ਖਤਮ ਹੋ ਗਿਆ ਜਿਸ ਨੇ ਹਿਟਲਰ, ਸਟਾਲਿਨ, ਟਰਾਟਸਕੀ ਅਤੇ ਟੀਟੋ ਨੂੰ ਉਨ੍ਹਾਂ ਲੋਕਾਂ ਵਿਚ ਬਦਲ ਦਿੱਤਾ, ਜਿਨ੍ਹਾਂ ਨੇ ਇਤਿਹਾਸ ਦੀ ਧਾਰਾ ਹੀ ਮੋੜ ਦਿੱਤੀ।

***ਅਨੁਵਾਦ: ਇੰਦਰਮੋਹਨ ਸਿੰਘ ਛਾਬੜਾ***
***(ਬੀ ਬੀ ਸੀ ਤੋਂ ਧੰਨਵਾਦ ਸਹਿਤ)***

*ਵਿਦਿਆਰਥੀ ਆਗੂ ਬਿੱਕਰ ਕੰਮੇਆਣਾ ਦੇ ਵਿਦਿਆਰਥੀ ਲਹਿਰ ਬਾਰੇ ਦੋ ਕਿਸ਼ਤਾਂ ਵਿਚ ਛਪੇ ਲੇਖ ਤੋਂ ਬਾਅਦ ਗੁਰਦਿਆਲ ਸਿੰਘ ਬਲ ਨੇ ਉਬਾਲੇ ਮਾਰਦੇ ਉਸ ਦੌਰ ਦੀਆਂ ਕੁਝ ਵਿਲੱਖਣ ਗੱਲਾਂ 'ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ' ਨਾਂ ਦੀ ਇਸ ਲੇਖ ਲੜੀ ਵਿਚ ਛੋਹੀਆਂ ਹਨ। 1968 ਵਾਲਾ ਸਾਲ ਸੰਸਾਰ ਭਰ ਵਿਚ ਬੜਾ ਘਟਨਾਵਾਂ ਭਰਪੂਰ ਸਾਲ ਸੀ। ਹਰ ਪਾਸੇ ਨੌਜਵਾਨ ਉਤਲੀ ਹੇਠ ਕਰਨ ਲਈ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਹੋਕਰੇ ਮਾਰ ਰਹੇ ਸਨ। ਜਾਨ-ਪ੍ਰਾਣ ਰੱਖਣ ਵਾਲਾ ਕੋਈ ਵਿਰਲਾ-ਟਾਵਾਂ ਹੀ ਇਸ ਹਾਲਾਤ ਤੋਂ ਅਣਭਿੱਜ ਰਿਹਾ ਹੋਵੇਗਾ। ਪੰਜਾਬ ਸਣੇ ਭਾਰਤ ਦੀ ਸਿਆਸਤ ਵਿਚ ਵੀ ਉਦੋਂ ਵੱਢ-ਮਾਰਵੀਆਂ ਸਰਗਰਮੀਆਂ ਹੋ ਰਹੀਆਂ ਸਨ। ਇਸ ਲੜੀ ਦੀ 5ਵੀਂ ਕਿਸ਼ਤ ਵਿਚ ਲੇਖਕ ਨੇ ਨਕਸਲੀ ਲਹਿਰ ਦੇ ਮੁੱਢਲੇ ਦਿਨਾਂ ਬਾਰੇ ਗੱਲ ਕੀਤੀ ਹੈ ਅਤੇ ਨਾਲ ਹੀ ਪੰਜਾਬ ਵਿਚ ਪੈਂਦੀ ਸੱਟੇ ਹੀ ਪਏ ਰੱਫੜ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਕੀਤਾ ਹੈ। -ਸੰਪਾਦਕ*

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-5

# ਨਕਸਲਬਾੜੀ ਦੀ ਕਿਸਾਨ ਬਗਾਵਤ ਅਤੇ ਪੰਜਾਬ

ਗੁਰਦਿਆਲ ਸਿੰਘ ਬੱਲ
ਫੋਨ: 91-98150-85277


ਬਾਬਾ ਬੂਝਾ ਸਿੰਘ


ਦਯਾ ਸਿੰਘ


ਹਾਕਮ ਸਿੰਘ ਸਮਾਓਂ


ਪਿਆਰੇ ਮੋਹਨ

ਕੁਝ ਸੱਜਣਾਂ ਦਾ ਕਹਿਣਾ ਹੈ ਕਿ ਪਿਛਲੀਆਂ ਕਿਸ਼ਤਾਂ ਵਿਚ 1968 ਦੇ ਵਿਦਿਆਰਥੀ ਅੰਦੋਲਨ ਅਤੇ ਉਸ ਨਾਲ ਜੁੜੇ ਨੇਤਾਵਾਂ ਦੇ ਆਦਰਸ਼ਾਂ/ਆਸ਼ਿਆਂ ਬਾਰੇ ਤਾਂ ਦੱਸ ਦਿੱਤਾ ਗਿਆ; ਲੋੜ ਇਹ ਦੱਸਣ ਦੀ ਵੀ ਹੈ ਕਿ ਉਸ ਅੰਦੋਲਨ ਦੀ ਲਹਿਤ, ਯਾਨਿ ਸਾਲ 1969 'ਚ ਅਜਿਹੀ ਸੋਚ ਵਾਲੇ ਲੋਕਾਂ ਨੇ ਕੀ ਕੀਤਾ ਅਤੇ ਅੱਗਿਓਂ ਪੰਜਾਬ ਵਿਚ ਨਕਸਲਵਾਦੀ ਲਹਿਰ ਦਾ ਆਗਾਜ਼ ਕਿੰਜ ਹੋਇਆ।

1960-61 ਵਿਚ ਰੂਸ ਅਤੇ ਚੀਨ ਵਿਚਾਲੇ ਪਾਟਕ ਪੈਣ ਨਾਲ ਦੁਨੀਆਂ ਭਰ ਵਿਚ 1962-64 ਦੇ ਵਰ੍ਹਿਆਂ ਵਿਚ ਰੂਸ ਪੱਖੀ ਅਤੇ ਚੀਨ ਪੱਖੀ ਪਾਰਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਚੀਨੀ ਆਗੂ ਮਾਓ ਦੇ ਸਭਿਆਚਾਰਕ ਇਨਕਲਾਬ ਨੇ ਇਸ ਵਰਤਾਰੇ ਨੂੰ ਹੋਰ ਵੀ ਤੇਜ਼ ਕਰ ਦਿੱਤਾ। ਪੀਕਿੰਗ ਰੇਡੀਓ ਨੇ 1965 ਤੋਂ 1970 ਤੱਕ ਪੂਰੇ ਪੰਜ ਸਾਲ ਚੀਨੀ ਸਭਿਆਚਾਰਕ ਇਨਕਲਾਬ ਦਾ ਪ੍ਰਚਾਰ ਸੰਸਾਰ ਦੀ ਲਗਭਗ ਹਰ ਮੁੱਖ ਬੋਲੀ ਵਿਚ ਇਤਨੇ ਜ਼ੋਰ ਸ਼ੋਰ ਨਾਲ ਕੀਤਾ ਕਿ ਇਨਸਾਫਪਸੰਦ ਅਤੇ ਨਾਲ ਹੀ ਸੁਪਨਸਾਜ਼ ਕਿਸਮ ਦੇ ਸਭ ਲੋਕਾਂ ਨੂੰ ਕਮਿਊਨਿਸਟ ਸੰਸਾਰ ਇਨਕਲਾਬ ਬਰੂਹਾਂ 'ਤੇ ਖੜ੍ਹਾ ਹੀ ਨਜ਼ਰ ਆਉਣ ਲੱਗ ਪਿਆ।

ਭਾਰਤ ਦੀ ਕਮਿਊਨਿਸਟ ਲਹਿਰ 'ਚ ਕਾਮਰੇਡ ਪੀ.ਸੀ. ਜੋਸ਼ੀ ਅਤੇ ਕਾਮਰੇਡ ਬੀ.ਟੀ. ਰੰਧੀਵੇ ਦੀਆਂ ਲਾਈਨਾਂ ਦੇ ਰੂਪ ਵਿਚ ਗਰਮ ਅਤੇ ਨਰਮ ਪੁਜ਼ੀਸ਼ਨਾਂ ਵਿਚ ਵਿਵਾਦ ਤਾਂ ਸ਼ੁਰੂ ਤੋਂ ਹੀ ਚੱਲਿਆ ਆ ਰਿਹਾ ਸੀ; ਫਿਰ ਵੀ ਰੰਧੀਵੇ ਤੋਂ ਬਾਅਦ ਕਾਮਰੇਡ ਅਜੇ ਘੋਸ਼ ਦੀਆਂ ਕੋਸ਼ਿਸ਼ਾਂ ਸਦਕਾ ਖਿੱਚ-ਧੂਹ ਕੇ ਪਾਰਟੀ ਏਕਤਾ 10-12 ਸਾਲਾਂ ਤੱਕ ਬਣੀ ਰਹੀ, ਪਰ 1962-64 ਤੱਕ ਆਉਂਦਿਆਂ-ਆਉਂਦਿਆਂ ਕਾਮਰੇਡਾਂ ਦੇ ਸਬਰ ਦੇ ਕੜ ਟੁੱਟ ਗਏ। ਚੀਨੀ ਕਮਿਊਨਿਸਟ ਪਾਰਟੀ ਦੀ ਭਾਰੂ ਲੀਡਰਸ਼ਿਪ ਵੱਲੋਂ ਰੂਸੀ ਕਮਿਊਨਿਸਟਾਂ ਨੂੰ ਇਨਕਲਾਬੀ ਕਾਜ ਤੋਂ ਭਗੌੜੇ ਸੋਧਵਾਦੀ ਗਰਦਾਨਣ ਤੋਂ ਉਤਸ਼ਾਹਿਤ ਹੋ ਕੇ ਭਾਰਤ ਵਿਚ ਈ.ਐਮ.ਐਸ. ਨੰਬੂਦਰੀਪਾਦ, ਏ.ਕੇ. ਗੋਪਾਲਨ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਸ਼ੁਰੂ-ਸ਼ੁਰੂ ਵਿਚ, ਸਹਿੰਦੀ-ਸਹਿੰਦੀ ਉਸੇ ਤਰ੍ਹਾਂ ਦੀ ਮੁਹਾਰਨੀ ਪੜ੍ਹਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਕਾਮਰੇਡਾਂ ਨੇ ਚੋਣਾਂ ਦਾ ਰਸਤਾ ਤਿਆਗਣ ਦਾ ਫੈਸਲਾ ਤਾਂ ਨਾ ਕੀਤਾ, ਪਰ ਜਗ੍ਹਾ-ਜਗ੍ਹਾ ਕੇਡਰ ਨੂੰ ਇਹ ਪੱਟੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਕਿ ਉਨ੍ਹਾਂ ਨੇ ਅਸੈਂਬਲੀਆਂ ਵਿਚ ਜਾ ਕੇ ਪਾਰਲੀਮਾਨੀ ਜਮਹੂਰੀ ਪ੍ਰਣਾਲੀ ਦਾ ਹੀਜ-ਪਿਆਜ ਨੰਗਾ ਕਰਨਾ ਹੈ ਅਤੇ ਅੰਦਰ ਵੜ ਕੇ ਬਰਜੂਆ ਜਮਹੂਰੀਅਤ ਦੇ ਢੋਲ ਦਾ ਪੋਲ ਸਾਰਾ ਖੋਲ੍ਹ ਦੇਣਾ ਹੈ।

1967 ਵਿਚ ਜਦੋਂ ਚੀਨੀ ਸਭਿਆਚਾਰਕ ਇਨਕਲਾਬ ਦਾ ਪਰਪੰਚ ਸਿਖਰ 'ਤੇ ਸੀ ਤਾਂ ਭਾਰਤੀ ਰਾਜਨੀਤੀ ਵਿਚ ਵੀ ਜ਼ਬਰਦਸਤ ਨਵਾਂ ਮੋੜ ਆ ਗਿਆ। ਫਰਵਰੀ 1967 ਦੀਆਂ ਆਮ ਚੋਣਾਂ ਵਿਚ ਸਾਲ 1947 ਤੋਂ ਪਿੱਛੋਂ ਨਿਰੰਤਰ ਰਾਜ ਸੱਤਾ ਤੇ ਕਾਬਜ਼ ਚਲੀ ਆ ਰਹੀ ਕਾਂਗਰਸ ਪਾਰਟੀ ਨੂੰ ਤਕੜਾ ਝਟਕਾ ਹੀ ਨਾ ਵੱਜਾ, ਬਲਕਿ ਪੰਜਾਬ ਅਤੇ ਪੱਛਮੀ ਬੰਗਾਲ ਸਮੇਤ 9 ਮੁੱਖ ਰਾਜਾਂ ਵਿਚ ਬਹੁਤੇ ਥਾਂਈਂ ਕਮਿਊਨਿਸਟਾਂ ਦੀ ਸ਼ਮੂਲੀਅਤ ਵਾਲੀਆਂ ਸਾਂਝੇ ਫਰੰਟ ਦੀਆਂ ਸਰਕਾਰਾਂ ਬਣ ਗਈਆਂ। ਪੱਛਮੀ ਬੰਗਾਲ ਵਿਚ ਮਾਰਕਸੀ ਕਮਿਊਨਿਸਟ ਪਾਰਟੀ ਅਸੈਂਬਲੀ ਵਿਚ ਸਭ ਤੋਂ ਵੱਧ ਸੀਟਾਂ ਜਿੱਤ ਗਈ। ਕਾਮਰੇਡ ਜਯੋਤੀ ਬਾਸੂ ਗ੍ਰਹਿ ਮੰਤਰੀ ਬਣੇ ਅਤੇ ਕਾਮਰੇਡ ਹਰੇ ਕ੍ਰਿਸ਼ਨ ਕੋਨਾਰ ਨੂੰ ਖੇਤੀ ਮੰਤਰਾਲਾ ਦਿੱਤਾ ਗਿਆ। ਮਾਓ ਜੇ ਤੁੰਗ ਵਿਚਾਰਧਾਰਾ ਦਾ ਡੰਕਾ ਤਾਂ ਸਾਲ 1962-64 ਤੋਂ ਹੀ ਜਪਾਨ ਤੋਂ ਲੈ ਕੇ ਬਰਾਜ਼ੀਲ ਤੱਕ ਕੁੱਲ ਦੁਨੀਆਂ ਵਿਚ ਵੱਜਾ ਹੋਇਆ ਸੀ; ਕਲਕੱਤੇ ਦੀਆਂ ਯੂਨੀਵਰਸਿਟੀਆਂ ਅਤੇ ਵਿਦਿਆਲੇ ਵੀ ਇਸ ਪ੍ਰਵਚਨ ਦੀ ਜਾਦੂਮਈ ਖਿੱਚ ਦੀ ਗ੍ਰਿਫਤ ਵਿਚ ਆ ਗਏ। ਦਿਨਾਂ ਮਹੀਨਿਆਂ ਵਿਚ ਹੀ ਸੁਨੀਤੀ ਘੋਸ਼, ਸੁਸ਼ੀਤਲ ਰੇਅ ਚੌਧਰੀ ਅਤੇ ਸਰੋਜ ਦੱਤਾ ਵਰਗੇ ਮਾਓ ਪੱਖੀ ਚਿੰਤਕਾਂ ਦਾ ਨਾਂ ਬੱਚੇ-ਬੱਚੇ ਦੀ ਜ਼ੁਬਾਨ ਉਪਰ ਸੀ। ਇਨ੍ਹਾਂ ਬੁੱਧੀਜੀਵੀਆਂ ਤੋਂ ਵੀ ਅਗਾਂਹ ਲੰਘਦਿਆਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੱਛਮੀ ਬੰਗਾਲ ਇਕਾਈ ਦੀ ਅੱਗਿਓਂ ਦਾਰਜੀਲਿੰਗ ਜ਼ਿਲ੍ਹਾ ਯੂਨਿਟ ਦੇ ਆਗੂ ਕਾਮਰੇਡ ਚਾਰੂ ਮਜੂਮਦਾਰ ਦੀ ਪ੍ਰੇਰਨਾ ਹੇਠ ਨਕਸਲਬਾੜੀ ਬਲਾਕ ਦੇ ਦੋ ਜੁਝਾਰੂ ਸਾਥੀਆਂ ਕਾਮਰੇਡ ਕਾਨੂੰ ਸਨਿਆਲ ਅਤੇ ਕਾਮਰੇਡ ਜੰਗਲ ਸੰਥਾਲ ਨੇ ਸੀ.ਪੀ.ਆਈ. (ਐਮ.) ਦੇ ਜਰਾਇਤੀ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਰਵਾਇਤੀ ਹਥਿਆਰਾਂ ਨਾਲ ਲੈਸ ਹੋ ਕੇ ਜੋਤੇਦਾਰਾਂ ਵਿਰੁਧ ਹਥਿਆਰਬੰਦ ਘੋਲ ਦਾ ਬਿਗਲ ਵਜਾ ਦਿੱਤਾ। ਹਰੇ ਕ੍ਰਿਸ਼ਨ ਕੋਨਾਰ ਜਿਨ੍ਹਾਂ ਨੇ ਆਪਣੇ ਜਵਾਨੀ ਦੇ ਦਿਨਾਂ ਵਿਚ ਕਿਸਾਨਾਂ ਦੇ ਅਨੇਕਾਂ ਸੰਘਰਸ਼ਾਂ ਨੂੰ ਅਗਵਾਈ ਦਿੰਦਿਆਂ ਵੱਡੀਆਂ ਦੰਤਕਥਾਵਾਂ ਸਿਰਜੀਆਂ ਹੋਈਆਂ ਸਨ, ਕਾਮਰੇਡਾਂ ਨੂੰ ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਕੰਮ ਲੈਣ ਦੀ ਸਲਾਹ ਦੇਣ ਲਈ ਖੁਦ ਤੁਰੰਤ ਨਕਸਲਬਾੜੀ ਏਰੀਏ ਵਿਚ ਪਹੁੰਚੇ, ਪਰ ਕਾਮਰੇਡਾਂ ਨੇ ਉਸ ਦੀ ਸਲਾਹ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ। ਚਾਰੂ ਮਜੂਮਦਾਰ ਨੇ ਮਾਰਕਸੀ ਨੇਤਾਵਾਂ ਲਈ ਉਸੇ ਤਰ੍ਹਾਂ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਸਥਿਤੀ ਬਣਾ ਦਿੱਤੀ ਜਿਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ 10-12 ਵਰ੍ਹੇ ਪਿੱਛੋਂ ਜਾ ਕੇ ਖੁਦ ਆਪਣੇ ਹੀ ਸਿਰਜੇ ਪ੍ਰਵਚਨਾਂ ਦੇ ਤਾਰਕਿਕ ਸਿੱਟਿਆਂ ਵਜੋਂ ਪਹਿਲਾਂ ਪੰਜਾਬ ਦੇ ਅਕਾਲੀਆਂ ਨੂੰ ਜਾਂ ਹੋਰ 10 ਕੁ ਸਾਲ ਬਾਅਦ ਪਾਕਿਸਤਾਨ ਦੇ ਹਾਕਮਾਂ ਨੂੰ ਕਰਨਾ ਪਿਆ ਸੀ।

ਸਵਾਲ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਉਤੇ ਸੋਧਵਾਦ ਦਾ ਠੱਪਾ ਲਾ ਕੇ ਡੰਕੇ ਦੀ ਚੋਟ 'ਤੇ ਮਾਰਕਸੀ ਪਾਰਟੀ ਬਣਾਉਣ ਵਾਲੇ ਨੇਤਾਵਾਂ ਦੇ 'ਮਾਂ' ਪਾਰਟੀ ਨਾਲੋਂ ਵਖਰੇਵੇਂ ਕਤਈ ਤੌਰ 'ਤੇ ਇੰਨੇ ਬੁਨਿਆਦੀ ਨਹੀਂ ਸਨ ਜਿਨ੍ਹਾਂ ਦਾ ਹੱਲ ਪਾਰਟੀ ਦੇ ਅੰਦਰ ਰਹਿ ਕੇ ਨਾ ਕੱਢਿਆ ਜਾ ਸਕਦਾ। ਸਾਨੂੰ ਪਤਾ ਹੈ ਕਿ ਅਕਾਲੀ ਨੇਤਾਵਾਂ ਵਿਚੋਂ ਸ. ਪ੍ਰਕਾਸ਼ ਸਿੰਘ ਬਾਦਲ ਅਜਿਹਾ ਆਗੂ ਹੈ ਜਿਸ ਨੇ ਪਿਛਲੀ ਲਗਭਗ ਅੱਧੀ ਸਦੀ ਦੌਰਾਨ ਸਦਾ ਪੰਜਾਬ ਅਤੇ ਖਾਸ ਕਰ ਕੇ ਸਿੱਖ ਭਾਈਚਾਰੇ ਦੇ ਦੁੱਖਾਂ ਲਈ ਕਾਂਗਰਸ ਪਾਰਟੀ ਨੂੰ ਮਹਾਂਦੋਸ਼ੀ ਗਰਦਾਨਿਆ, ਪਰ ਅਜਿਹੀ ਇਕਹਿਰੀ ਸਮਝ ਦੇ ਤਾਰਕਿਕ ਸਿੱਟੇ ਖਾੜਕੂ ਲਹਿਰ ਦੇ ਰੂਪ ਵਿਚ ਜਦੋਂ ਸਾਹਮਣੇ ਆਉਣ ਲੱਗੇ ਤਾਂ ਸ. ਬਾਦਲ ਦੀ ਜੋ ਹਾਲਤ ਲੰਮੇ ਸਮੇਂ ਤੱਕ ਬਣੀ ਰਹੀ, ਉਹ ਸਾਰੇ ਜੱਗ ਜਹਾਨ ਨੂੰ ਪਤਾ ਹੈ। ਉਹ ਪੂਰਾ ਡੇਢ ਦਹਾਕਾ ਘਰ ਬੈਠੇ ਖਾਮੋਸ਼ ਸਾਰਾ ਕੁਝ ਤੱਕਦੇ ਰਹੇ। ਕਈ ਬਾਦਲ ਪੱਖੀ ਅਕਾਲੀ ਆਗੂ ਅੱਜ ਤੱਕ ਅੰਦਰੇ ਅੰਦਰ ਇਹ ਗੱਲ ਕਹਿੰਦੇ ਆ ਰਹੇ ਹਨ ਕਿ ਬਾਦਲ ਨੂੰ ਰਾਜਨੀਤੀ ਵਿਚ ਦੂਜੀ ਸਿਆਸੀ ਜ਼ਿੰਦਗੀ ਅਸਲ ਵਿਚ ਸ. ਬੇਅੰਤ ਸਿੰਘ ਅਤੇ ਕੇ.ਪੀ.ਐਸ. ਗਿੱਲ ਨੇ ਦਿਵਾਈ ਸੀ।

ਨਕਸਲਬਾੜੀ ਹਥਿਆਰਬੰਦ ਘੋਲ 'ਚ ਮਾਅਰਕੇਬਾਜ਼ੀ ਸੀ ਜਾਂ ਨਹੀਂ, ਇਹ ਗੱਲ ਲੰਮੀ ਹੈ। ਉਦੋਂ ਹਰੇ ਕ੍ਰਿਸ਼ਨ ਕੋਨਾਰ ਦੀ ਹਾਲਤ ਜੰਗਲ ਸੰਥਾਲ ਨੇ ਭਿੱਜੀ ਬਿੱਲੀ ਵਰਗੀ ਕਿਵੇਂ ਬਣਾ ਦਿੱਤੀ ਸੀ, ਜੇ ਕੋਈ ਜਾਨਣਾ ਚਾਹੁੰਦਾ ਹੈ ਤਾਂ ਉਹ ਭਾਰਤੀ ਖੁਫੀਆ ਏਜੰਸੀ ਆਈ.ਬੀ. ਦੇ ਜਾਇੰਟ ਡਾਇਰੈਕਟਰ ਮਲੋਏ ਕ੍ਰਿਸ਼ਨ ਧਰ ਦੀ 'ਓਪਨ ਸੀਕਰਟਸ' ਨਾਂ ਦੀ ਕਿਤਾਬ ਦੇ 60 ਤੋਂ ਲੈ 75 ਤੱਕ ਪੰਨੇ ਜ਼ਰੂਰ ਪੜ੍ਹੇ। ਵਕਤ ਦੇ ਸਮਾਜਕ ਨਿਜ਼ਾਮ ਵਿਰੁਧ ਨਕਸਲੀ ਚਿੰਤਕਾਂ ਅਤੇ ਲੜਾਕੂਆਂ ਦੇ ਸਾਰੇ ਇਤਰਾਜ਼ ਠੀਕ ਸਨ, ਧਰ ਖੁਦ ਵੀ ਇਸ ਗੱਲ ਨਾਲ ਸਹਿਮਤ ਹੈ ਪਰ ਲੋਕਾਂ ਨੂੰ ਨਾਲ ਲਏ ਬਗੈਰ ਜਿਸ ਗਲਤ ਮੌਕੇ ਅਤੇ ਹਿੰਸਕ ਅੰਦਾਜ਼ ਵਿਚ ਉਨ੍ਹਾਂ ਨੇ ਨਿਜ਼ਾਮ ਵਿਰੁਧ ਖੰਡਾ ਖਿੱਚਿਆ, ਉਹ ਨਿਸਚੇ ਹੀ ਸਹੀ ਨਹੀਂ ਸੀ।

ਮਲੋਏ ਕ੍ਰਿਸ਼ਨ ਧਰ ਆਈ.ਪੀ.ਐਸ. ਕਰਕੇ ਅਜੇ ਕੁਝ ਸਮਾਂ ਪਹਿਲਾਂ ਹੀ ਨਕਸਲਬਾੜੀ ਥਾਣੇ ਵਿਚ ਟਰੇਨੀ ਐਸ.ਪੀ. ਲੱਗਿਆ ਸੀ। ਜੰਗਲ ਸੰਥਾਲ ਦੀ ਅਗਵਾਈ ਹੇਠ ਉਸ ਦੇ ਕੁਝ ਪੈਰੋਕਾਰ ਕਿਸੇ ਲੋਕਲ ਜੋਤੇਦਾਰ ਦੇ ਘਰ ਨੂੰ ਜਦੋਂ ਅੱਗ ਲਾ ਰਹੇ ਸਨ ਤਾਂ ਉਨ੍ਹਾਂ ਦੀ ਟੱਕਰ ਧਰ ਦੀ ਅਗਵਾਈ ਹੇਠਲੀ ਪੁਲਿਸ ਟੁਕੜੀ ਨਾਲ ਪੈ ਗਈ। ਉਹ ਆਪਣੀ ਕਿਤਾਬ ਵਿਚ ਦੱਸਦਾ ਹੈ ਕਿ ਉਸ ਨੇ ਕਾਮਰੇਡਾਂ ਨੂੰ ਸ਼ਾਂਤ ਕਰਨ ਲਈ ਹਰ ਅਪੀਲ ਅਤੇ ਦਲੀਲ ਵਰਤਣ ਦੀ ਕੋਸ਼ਿਸ਼ ਕੀਤੀ ਪਰ ਗੱਲ ਬਣੀ ਨਾ। ਸਵੈ-ਰੱਖਿਆ ਲਈ ਗੋਲੀ ਚਲਾਉਣ ਦੀ ਨੌਬਤ ਆ ਗਈ। ਕੁਝ ਬੰਦੇ ਜ਼ਖ਼ਮੀ ਹੋ ਗਏ। ਦੁਨੀਆਂ ਭਰ ਵਿਚ ਕੁਹਰਾਮ ਮੱਚ ਗਿਆ। ਕਾਮਰੇਡ ਜੋਤੀ ਬਾਸੂ ਅਤੇ ਹਰੇ ਕ੍ਰਿਸ਼ਨ ਕੋਨਾਰ ਦੀ ਤੋਏ-ਤੋਏ ਹੋ ਗਈ। ਰਹਿੰਦੀ ਕਸਰ ਪੀਕਿੰਗ ਰੇਡੀਓ ਨੇ ਪੂਰੀ ਕਰ ਦਿੱਤੀ। ਉਧਰ ਤੈਸ਼ 'ਚ ਆ ਕੇ ਹਰੇ ਕ੍ਰਿਸ਼ਨ ਕੋਨਾਰ ਨੇ ਅਗਲੇ ਦਿਨ ਹੀ ਧਰ ਨੂੰ ਤਲਬ ਕਰ ਲਿਆ। ਧਰ ਸਟੈਂਡ ਲੈ ਗਿਆ। ਨੌਜਵਾਨ ਅਫਸਰ ਨੂੰ ਰਾਜਨੀਤੀ ਦੀਆਂ ਗੁੰਝਲਾਂ ਅਤੇ ਕਾਮਰੇਡ ਕੋਨਾਰ ਦੀਆਂ ਮਜਬੂਰੀਆਂ ਦੀ ਭੋਰਾ ਸਮਝ ਨਹੀਂ ਸੀ। ਉਲਟਾ ਉਹ ਬੜੇ ਫਖ਼ਰ ਨਾਲ ਆਪਣੀ ਪੁਸਤਕ ਵਿਚ ਦੱਸਦਾ ਹੈ ਕਿ ਹਰੇ ਕ੍ਰਿਸ਼ਨ ਕੋਨਾਰ ਵਿਚ ਤਾਂ ਉਸ ਨੂੰ ਸਿਆਸਤਦਾਨਾਂ ਦੇ ਦੋਗਲੇਪਣ ਦਾ ਟਰੇਲਰ ਹੀ ਨਜ਼ਰ ਆਇਆ ਸੀ; ਪਰ ਰਾਜਨੀਤਕ ਬੇ-ਅਸੂਲੇਪਣ ਦੀ 'ਫੀਚਰ ਫਿਲਮ' ਤਾਂ ਉਦੋਂ ਦੇਖੀ ਜਦੋਂ ਕੇਂਦਰ ਜਾਂ ਆਈ.ਬੀ. ਵਿਚ ਜਾ ਕੇ ਉਸ ਨੂੰ ਗਿਆਨੀ ਜ਼ੈਲ ਸਿੰਘ ਅਤੇ ਬੂਟਾ ਸਿੰਘ ਵਰਗੇ ਸਿਆਸੀ ਬਦਮਾਸ਼ਾਂ ਨਾਲ ਮੜਿੱਕਣਾ ਪੈਣਾ ਸੀ। ਧਰ ਨੂੰ ਉਸੇ ਵਕਤ ਬੰਗਾਲ ਪੁਲਿਸ ਵਿਚੋਂ ਕੱਢ ਕੇ ਆਈ.ਬੀ. ਵਿਚ ਧੱਕ ਦਿੱਤਾ ਗਿਆ ਪਰ ਜੋ ਭਾਣਾ ਵਾਪਰਨਾ ਸੀ, ਉਹ ਵਾਪਰ ਗਿਆ। ਨਕਸਲਬਾੜੀ ਦੀਆਂ ਘਟਨਾਵਾਂ ਨਾਲ ਜਯੋਤੀ ਬਾਸੂ, ਈ.ਐਮ.ਐਸ. ਨੰਬੂਦਰੀਪਾਦ ਅਤੇ ਪੀ. ਸੁੰਦਰਈਆ ਵਰਗੇ ਦਿਓਕੱਦ ਕਮਿਊਨਿਸਟ ਨੇਤਾਵਾਂ ਦਾ ਵੱਕਾਰ ਮਿੱਟੀ ਵਿਚ ਮਿਲ ਗਿਆ। ਸਾਰੇ ਪਾਸੇ ਇਕੋ ਦੁਹਾਈ ਮੱਚ ਗਈ ਕਿ ਕਾਮਰੇਡਾਂ ਨੇ ਆਪਣੇ ਹੀ ਬੰਦੇ ਮਾਰ ਦਿੱਤੇ; ਕਾਮਰੇਡਾਂ ਦੀ ਸਰਕਾਰ ਨੇ ਨਕਸਲਬਾੜੀ ਕਿਸਾਨ ਘੋਲਾਂ ਨੂੰ ਕੁਚਲ ਦਿੱਤਾ। ਜੰਗਲ ਸੰਥਾਲ ਅਤੇ ਮਲੋਏ ਕ੍ਰਿਸ਼ਨ ਧਰ ਆਪੋ ਆਪਣੀ ਕਿਸਮ ਦੇ ਆਦਰਸ਼ਵਾਦੀ ਸਨ; ਉਨ੍ਹਾਂ ਦੀ ਟੱਕਰ 'ਅਸੂਲੀ' ਸੀ; ਪਰ ਇਸ ਨੇ ਅੱਗਿਓਂ ਨਕਸਲਬਾੜੀ ਘੋਲ ਦੀ ਅਜਿਹੀ ਮਹਾਨ ਦੰਤਕਥਾ ਸਿਰਜੀ ਜਿਸ ਨੂੰ ਅਮਲੀ ਰੂਪ ਵਿਚ ਅੰਜ਼ਾਮ ਦੇਣ ਲਈ ਅੱਗੇ ਜਾ ਕੇ ਸ਼ਮਸ਼ੇਰ ਸਿੰਘ ਸ਼ੇਰੀ, ਬਾਬਾ ਬੂਝਾ ਸਿੰਘ ਅਤੇ ਦੇਸ਼ ਭਰ ਵਿਚ ਹੋਰ ਕਿਤਨੇ ਹੀ ਲੋਕਾਂ ਨੇ ਆਪਣੀਆਂ ਕੀਮਤੀ ਜਿੰਦਾਂ ਲਾ ਦਿੱਤੀਆਂ ਸਨ।

ਹੋਇਆ ਇਹ ਕਿ ਜੰਗਲ ਸੰਥਾਲ ਅਤੇ ਮਲੋਏ ਕ੍ਰਿਸ਼ਨ ਧਰ ਦੋਵੇਂ ਮਿਲ ਕੇ ਅੰਤ ਜਯੋਤੀ ਬਾਸੂ ਅਤੇ ਹਰੇ ਕ੍ਰਿਸ਼ਨ ਕੋਨਾਰ ਦੀ ਸ਼ਮੂਲੀਅਤ ਵਾਲੀ ਖੱਬੇ ਪੱਖੀ ਮੋਰਚੇ ਦੀ ਸਰਕਾਰ ਨੂੰ ਲੱਕੋਂ ਲੈ ਗਏ।

ਮਾਰਕਸੀ ਪਾਰਟੀ ਦੀ ਪੋਲਿਟ ਬਿਊਰੋ ਨੇ ਆਪਣੇ ਸੀਨੀਅਰ ਕਾਰਕੁਨਾਂ ਨੂੰ ਸਥਿਤੀ ਦੇ ਅਸਲ ਦਵੰਧ ਨੂੰ ਸਮਝਾਉਣ ਲਈ 1967 ਦੇ ਅਖੀਰੀ ਮਹੀਨਿਆਂ ਵਿਚ ਨਵੀਂ ਦਿੱਲੀ ਵਿਖੇ ਪਾਰਟੀ ਸਕੂਲ ਲਾਇਆ। ਪ੍ਰੋ. ਹਰਭਜਨ ਸੋਹੀ 1967 ਵਿਚ ਕਈ ਮਹੀਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਰਿਹਾ। ਦਰਸ਼ਨ ਬਾਗੀ, ਪ੍ਰੋ. ਭੁਪਿੰਦਰ ਸਿੰਘ, ਡਾ. ਪਿਆਰੇ ਮੋਹਨ, ਰਜਿੰਦਰ ਸਿੰਘ ਢੀਂਡਸਾ, ਠਾਣਾ ਸਿੰਘ, ਰਾਮਪੁਰਾ ਫੂਲ ਵਾਲਾ ਮਾਸਟਰ ਮੇਘ, ਸਾਰੇ ਪਹਿਲਾਂ ਹੀ ਕੈਂਪਸ ਵਿਚ ਮੌਜੂਦ ਸਨ ਅਤੇ ਮਾਓ ਵਿਚਾਰਧਾਰਾ ਦਾ ਗਹਿਨ ਅਧਿਐਨ ਕਰ ਰਹੇ ਸਨ। ਨਕਸਲਬਾੜੀ ਦੀਆਂ ਘਟਨਾਵਾਂ ਵੱਲ ਸਭਨਾਂ ਦੀਆਂ ਨਜ਼ਰਾਂ ਸਨ। ਜ਼ਾਹਿਰ ਹੈ ਕਿ ਇਨ੍ਹਾਂ ਸਾਰਿਆਂ ਦੀ ਹੀ ਹਮਦਰਦੀ ਉਨ੍ਹੀਂ ਦਿਨੀਂ ਜੰਗਲ ਸੰਥਾਲ ਨਾਲ ਸੀ। ਪੰਜਾਬ ਵਿਚ ਨਕਸਲੀ ਪਾਰਟੀ ਦੀ ਇਕਾਈ ਦਾ ਪਹਿਲਾ ਸੈਕਟਰੀ ਕਾਮਰੇਡ ਦਇਆ ਸਿੰਘ ਪ੍ਰੋ. ਹਰਭਜਨ ਸੋਹੀ ਦੀ ਪ੍ਰੇਰਨਾ ਸਦਕਾ ਹੀ ਇਸ ਪਾਸੇ ਆਇਆ ਸੀ। ਦਇਆ ਸਿੰਘ ਦਾ ਉਨ੍ਹਾਂ ਵਰ੍ਹਿਆਂ ਦਾ ਸਭ ਤੋਂ ਨੇੜਲਾ ਸਾਥੀ ਤਰਲੋਚਨ ਗਰੇਵਾਲ ਵੀ ਪ੍ਰੋ. ਹਰਭਜਨ ਸੋਹੀ ਦੀ ਪੜ੍ਹਤ, ਰਾਜਸੀ ਸੂਝ ਅਤੇ ਮਿਕਨਾਤੀਸੀ ਸ਼ਖਸੀਅਤ ਤੋਂ ਬੇਹੱਦ ਪ੍ਰਭਾਵਿਤ ਸੀ।

ਪ੍ਰਿੰ. ਅਮਰਜੀਤ ਸਿੰਘ ਪਰਾਗ ਦੇ ਦੱਸਣ ਅਨੁਸਾਰ ਪ੍ਰੋ. ਹਰਭਜਨ ਸੋਹੀ ਉਦੋਂ ਯੂਨੀਵਰਸਿਟੀ ਵਿਚ ਆਇਆ ਤਾਂ ਆਪਣੇ ਮਿੱਤਰ ਮਾਸਟਰ ਮੇਘ ਨੂੰ ਮਿਲਣ ਸੀ, ਪਰ ਪਹਿਲੀ ਹੀ ਮੁਲਾਕਾਤ 'ਚ ਪਤਾ ਨਹੀਂ ਕਿੰਜ ਗੂੜ੍ਹੀ ਯਾਰੀ ਪਈ ਕਿ ਅਗਲੇ ਦੋ ਮਹੀਨੇ ਫਿਰ ਉਹ ਉਨ੍ਹਾਂ ਦੇ ਕਮਰੇ ਵਿਚ ਬੈਠਾ ਮਾਓ ਵਿਚਾਰਧਾਰਾ ਬਾਰੇ ਆਪਣਾ ਸਕੂਲ ਲਗਾਉਂਦਾ ਰਿਹਾ ਸੀ। ਉਸ ਨੂੰ ਉਨ੍ਹੀਂ ਦਿਨੀਂ ਕਮਲਾ ਨਹਿਰੂ ਕਾਲਜ ਮਾਨਸਾ ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ ਸੀ, ਪਰ ਉਸ ਨੇ ਗੌਲੀ ਹੀ ਨਹੀਂ ਸੀ ਅਤੇ ਸ਼ਾਇਦ ਉਥੋਂ ਹੀ ਕੁਝ ਸਮਾਂ ਬਠਿੰਡੇ ਰਹਿ ਕੇ ਕਾਮਰੇਡ ਹਾਕਮ ਸਿੰਘ ਸਮਾਓਂ ਨਾਲ ਉਹ ਨਵੀਂ ਦਿੱਲੀ ਵਾਲੇ ਇਤਿਹਾਸਕ ਪਾਰਟੀ ਸਕੂਲ ਵਿਚ ਹਿੱਸਾ ਲੈਣ ਲਈ ਚਲਿਆ ਗਿਆ ਸੀ। ਹਾਕਮ ਦੇ ਦੱਸਣ ਅਨੁਸਾਰ ਸਕੂਲ ਦੇ ਆਖਰੀ ਦਿਨ, ਰਾਤ ਨੂੰ ਉਹ ਉਸ ਨੂੰ ਨਾਲ ਲੈ ਕੇ ਮੱਲੋ-ਮੱਲੀ ਮਾਰਕਸੀ ਪਾਰਟੀ ਦੇ ਉਸ ਸਮੇਂ ਦੇ ਜਨਰਲ ਸੈਕਟਰੀ ਪੀ. ਸੁੰਦਰਈਆ ਦੇ ਕਮਰੇ ਵਿਚ ਚਲਿਆ ਗਿਆ। ਪ੍ਰੋ. ਹਰਭਜਨ ਸੋਹੀ ਨੇ ਜਾਂਦਿਆਂ ਹੀ ਸੁੰਦਰਈਆ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਉਪਰ ਆਪਣੇ ਸ਼ੰਕਿਆਂ ਅਤੇ ਸਵਾਲਾਂ ਦੀ ਝੜੀ ਲਗਾ ਦਿੱਤੀ। ਸੁੰਦਰਈਆ ਲਈ ਉਹ ਸਵਾਲ ਨਵੇਂ ਨਹੀਂ ਸੀ। ਆਂਧਰਾ ਪ੍ਰਦੇਸ਼ ਸੂਬਾਈ ਕਮੇਟੀ ਵਿਚ ਨਾਗੀ ਰੈਡੀ, ਪੂਲਾ ਰੈਡੀ ਅਤੇ ਡੀ.ਵੀ. ਰਾਓ ਆਦਿ ਆਪਣੇ ਸਾਥੀਆਂ ਤੋਂ ਇਨ੍ਹਾਂ ਹੀ ਸਵਾਲਾਂ ਦਾ ਸਾਹਮਣਾ ਉਨ੍ਹਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ ਕਰਨਾ ਪੈ ਰਿਹਾ ਸੀ। ਸੁੰਦਰਈਆ ਬੜੇ ਠੰਢੇ ਸੁਭਾਅ ਵਾਲੇ ਸਨ। ਕਾਫੀ ਸਮਾਂ ਉਹ ਸ਼ਾਂਤ ਰਹੇ ਵੀ, ਪਰ ਅਖੀਰ ਉਹ ਭੜਕ ਉਠੇ ਅਤੇ ਉਨ੍ਹਾਂ ਨੇ ਪੰਜਾਬ ਵਾਲੇ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਬੁਲਾ ਕੇ ਉਸੇ ਵਕਤ ਉਸੇ ਰਾਤ ਹਰਭਜਨ ਸੋਹੀ, ਹਾਕਮ ਸਮਾਓਂ ਅਤੇ ਬੰਤ ਰਾਅਪੁਰ ਸਮੇਤ ਬਠਿੰਡਾ ਕਮੇਟੀ ਵਿਚਲੇ ਚਾਰ ਮੈਂਬਰਾਂ ਨੂੰ ਪਾਰਟੀ 'ਚੋਂ ਕੱਢਣ ਅਤੇ ਅਖਬਾਰਾਂ ਵਿਚ ਬਿਆਨ ਦੇ ਦੇਣ ਲਈ ਆਖ ਦਿੱਤਾ।

ਅਗਲੇ ਦਿਨ ਸਵੇਰੇ ਉਨ੍ਹਾਂ ਨੂੰ ਅਖਬਾਰ ਤੋਂ ਸੁੰਦਰਈਆ ਨਾਲ ਪ੍ਰੋ. ਸੋਹੀ ਵੱਲੋਂ ਕੀਤੇ ਤਕਰਾਰ ਦੇ ਅੰਜ਼ਾਮ ਦਾ ਪਤਾ ਲੱਗ ਗਿਆ। ਹਾਕਮ ਸਮਾਓਂ ਅਨੁਸਾਰ ਸੋਹੀ ਦੀ ਕਾਹਲੀ ਦਾ ਨੁਕਸਾਨ ਇਹ ਹੋਇਆ ਕਿ ਅਜੇ ਕੁਝ ਮਹੀਨੇ ਹੋਰ ਪਾਰਟੀ ਨੇ ਅੰਦਰ ਰਹਿ ਕੇ ਅੰਤਰ-ਪਾਰਟੀ ਘੋਲ ਚਲਾਉਣ ਦੀਆਂ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ, ਪਰ ਨਾਲ ਇਹ ਫਾਇਦਾ ਵੀ ਹੋਇਆ ਕਿ ਉਸੇ ਅਖਬਾਰੀ 'ਸੂਚਨਾ' ਨਾਲ ਹੁਸ਼ਿਆਰਪੁਰ ਤੋਂ ਮਾਸਟਰ ਬਚਿੱਤਰ ਸਿੰਘ, ਰੋਪੜ ਤੋਂ ਦਇਆ ਸਿੰਘ, ਖੇੜੀ ਸਲਾਬਤਪੁਰ ਵਾਲੇ ਮਾਸਟਰ ਹਰਦੇਵ ਅਤੇ ਦੀਦਾਰ ਸਿੰਘ, ਲੁਧਿਆਣਾ ਤੋਂ ਬਾਬੂ ਰਾਮ ਬੈਰਾਗੀ, ਅਮਰ ਅਚਰਵਾਲ ਤੇ ਲਾਲ ਸਿੰਘ ਕਾਲਸਾਂ, ਸੰਗਰੂਰ ਤੋਂ ਜਗਜੀਤ ਸਿੰਘ ਸੋਹਲ ਤੇ ਅਭੈ ਰਾਮ ਸ਼ਾਸਤਰੀ, ਗੁਰਦਾਸਪੁਰ ਤੋਂ ਪਿਆਰਾ ਸਿੰਘ ਅਤੇ ਇਨਕਲਾਬ ਲਈ ਕਾਹਲੇ ਪਏ ਵਿਚਾਰਾਂ ਦੀ ਸਾਂਝ ਵਾਲੇ ਹੋਰ ਬਥੇਰੇ ਸਾਥੀ ਉਨ੍ਹਾਂ ਨਾਲ ਸੰਪਰਕ ਕਰਨ ਲਈ ਸਰਗਰਮ ਹੋ ਗਏ। ਪੰਜਾਬ ਯੂਨੀਵਰਸਿਟੀ ਵਿਚ ਪੀ.ਐਸ.ਯੂ. ਵਾਲਾ ਦਰਸ਼ਨ ਬਾਗੀ, ਸ਼ਮਸ਼ੇਰ ਸ਼ੇਰੀ ਤੇ ਸੁਰਿੰਦਰ ਸਿੰਘ ਚਾਹਿਲ ਪਹਿਲਾਂ ਹੀ ਪ੍ਰੋ. ਸੋਹੀ ਦੇ ਸੰਪਰਕ ਵਿਚ ਸਨ ਅਤੇ ਮਾਓ ਵਿਚਾਰਧਾਰਾ ਦੀ ਸਾਰਥਿਕਤਾ ਬਾਰੇ ਉਸ ਦੀ ਸਮਝ ਦੇ ਕਾਇਲ ਸਨ। ਨਵੀਂ ਦਿੱਲੀ ਵਾਲੇ ਸਕੂਲ ਤੋਂ ਬਾਅਦ ਪ੍ਰੋ. ਸੋਹੀ, ਬਾਬੂ ਰਾਮ ਬੈਰਾਗੀ, ਦਇਆ ਸਿੰਘ ਅਤੇ ਕੁਝ ਹੋਰ ਸਾਥੀਆਂ ਨੇ ਪਹਿਲੀਆਂ ਮੀਟਿੰਗਾਂ ਤਾਂ ਹਾਕਮ ਸਿੰਘ ਸਮਾਓਂ ਦੇ ਘਰੇ ਹੀ ਕੀਤੀਆਂ ਅਤੇ ਜਲਦੀ ਹੀ ਬਾਅਦ ਉਨ੍ਹਾਂ ਨੇ ਪੰਡਤ ਹਰਦੇਵ ਭਗਤੂਆਣਾ ਦੀ ਜੈਤੋ ਨੇੜੇ ਰਿਹਾਇਸ਼ 'ਤੇ ਇਕੱਠੇ ਹੋ ਕੇ ਮਾਰਕਸੀ ਪਾਰਟੀ ਵਿਚ ਮਾਓ ਵਿਚਾਰਧਾਰਾ ਦੇ ਸਮਰਥਕ ਇਨਕਲਾਬੀ ਕਾਮਰੇਡਾਂ ਦੀ ਪੰਜਾਬ ਤਾਲਮੇਲ ਕਮੇਟੀ ਬਣਾ ਲਈ।

ਵੱਖ-ਵੱਖ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਹਲ ਵਿਚ ਕੀਤੇ ਇਸ 'ਇਤਿਹਾਸਕ ਇਕੱਠ' ਵਿਚ ਇਕ ਨਹੀਂ, ਬਲਕਿ ਦੋ ਮਾੜੀਆਂ

*(ਬਾਕੀ ਅਗਲੇ ਸਫੇ 'ਤੇ)*

# ਕੇ.ਐਸ. ਮੱਖਣ ਦੀ ਬਦਲੀ ਸੋਚ ਬਾਬਤ ਉਠੇ ਸਵਾਲ

ਇਨਸਾਨੀ ਸੋਚ ਦਾ ਕੋਈ ਪਤਾ ਨਹੀਂ, ਕਿਹੜੇ ਵੇਲੇ ਕਿੱਧਰ ਮੋੜ ਕੱਟ ਜਾਵੇ। ਕਈ ਵਾਰ 'ਰੱਬ-ਰੱਬ' ਕਰਨ ਵਾਲਿਆਂ ਦੀ ਸੋਚ ਇਕਦਮ ਬਦਲਦੀ ਹੈ ਤੇ ਉਹ ਅਜਿਹਾ ਚੰਦ ਚਾੜ੍ਹ ਦਿਖਾਉਂਦੇ ਨੇ, ਜਿਸ ਬਾਰੇ ਜਾਣ ਸਭੇ ਹੈਰਾਨ ਰਹਿ ਜਾਂਦੇ ਨੇ ਤੇ ਕਈ ਵਾਰ ਉਨ੍ਹਾਂ ਲੋਕਾਂ ਬਾਰੇ ਨੇਕ ਨੀਤੀ ਨਾਲ ਚੱਲਣ ਦੀਆਂ ਖ਼ਬਰਾਂ ਮਿਲ ਜਾਂਦੀਆਂ ਨੇ, ਜਿਨ੍ਹਾਂ ਬਾਰੇ ਧਾਰਨਾ ਬਣੀ ਹੁੰਦੀ ਏ ਕਿ ਉਹ ਕਦੇ ਏਦਾਂ ਦੇ ਚੰਗੇ ਕੰਮ ਬਾਰੇ ਸੋਚ ਤੱਕ ਨਹੀਂ ਸਕਦੇ।

ਪਿਛਲੇ ਕੁਝ ਦਿਨਾਂ ਤੋਂ ਗਾਇਕ ਕੇ.ਐਸ. ਮੱਖਣ ਵੱਲੋਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗਣ ਵਾਲੀ ਗੱਲ ਦੀ ਖੂਬ ਚਰਚਾ ਹੋ ਰਹੀ ਹੈ। ਲੋਕਾਂ ਨੂੰ ਇਸ ਖ਼ਬਰ 'ਤੇ ਹਾਲੇ ਤੱਕ ਯਕੀਨ ਨਹੀਂ ਹੋ ਰਿਹਾ। ਕਈਆਂ ਦਾ ਕਹਿਣੈ, 'ਮੱਖਣ ਨੇ ਆਪਣੇ ਪੇਸ਼ੇ ਤੋਂ ਪਾਸਾ ਵੱਟ ਕੇ ਆਪਣਾ ਬਹੁਤ ਵੱਡਾ ਨੁਕਸਾਨ ਕੀਤੈ' ਤੇ ਕਈਆਂ ਦਾ ਕਹਿਣੈ, 'ਆਸਥਾ ਤੇ ਸ਼ਰਧਾ ਅੱਗੇ ਕਿਸੇ ਚੀਜ਼ ਦਾ ਜ਼ੋਰ ਨਹੀਂ ਚੱਲਦਾ...ਮੱਖਣ ਨੇ ਜੋ ਕੀਤੈ, ਉਹ ਉਸ ਦੇ ਮਨ ਦੀ ਮੌਜ ਏ।' ਕਈਆਂ ਦਾ ਕਹਿਣੈ, 'ਇਹਨੇ ਚੋਣ ਲੜਨੀ ਹੋਣੀ ਏ?' ਜਿੰਨੇ ਮੂੰਹ, ਓਨੀਆਂ ਗੱਲਾਂ।

ਕੇ.ਐਸ. ਮੱਖਣ ਨੇ 13 ਅਪਰੈਲ ਨੂੰ ਕੁਲਦੀਪ ਸਿੰਘ ਮੱਖਣ ਬਣ ਜਾਣੈ ਤੇ ਉਸ ਨੇ ਵਪਾਰਕ ਕਿਸਮ ਦੀ ਗਾਇਕੀ ਨੂੰ ਅਲਵਿਦਾ ਕਹਿ ਛੱਡਣੈ, ਸਾਨੂੰ ਇਸ ਦੀ ਕਨਸੋਅ ਪੰਦਰਾਂ ਕੁ ਦਿਨ ਪਹਿਲਾਂ ਮਿਲ ਗਈ ਸੀ। ਅੰਮ੍ਰਿਤ ਛਕ ਕੇ ਅਗਲੇ ਦਿਨ ਉਸ ਨੇ ਫੋਨ ਕੀਤਾ ਤਾਂ 'ਸਤਿ ਸ੍ਰੀ ਅਕਾਲ' ਦੀ ਥਾਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਕਹਿ ਗੱਲ ਸ਼ੁਰੂ ਕੀਤੀ ਤਾਂ ਪਤਾ ਲੱਗ ਗਿਆ ਉਹ ਕਹਿਣੀ 'ਤੇ ਖਰਾ ਉਤਰ ਗਿਐ।

ਮੱਖਣ ਨੇ ਵੰਨ-ਸਵੰਨਾ ਗਾ ਕੇ ਬਹੁਤ ਨਾਮਣਾ ਖੱਟਿਆ ਹੈ, 'ਮਿੱਤਰਾਂ ਦੀ ਮੋਟਰ 'ਤੇ ਨਿੱਤ ਕੱਚ ਦੀ ਗਲਾਸੀ ਖੜਕੇ' ਤੋਂ ਸ਼ੁਰੂ ਹੋਇਆ ਉਸ ਦੀ ਗਾਇਕੀ ਦਾ ਸਫ਼ਰ 'ਲੱਕ ਤੇ ਜੱਟ ਦੇ ਡੌਲੇ ਦਾ' ਤੱਕ ਪੂਰੀ ਤਰ੍ਹਾਂ ਸਫ਼ਲ ਰਿਹਾ। ਸੀਜ਼ਨ ਦੌਰਾਨ ਉਸ ਨੂੰ ਮਿਲਣ ਵਾਲੇ ਸ਼ੋਆਂ ਦੀ ਵੀ ਘਾਟ ਨਹੀਂ ਸੀ। ਆਟੋਗ੍ਰਾਫ਼ ਲੈਣ ਜਾਂ ਫੋਟੋਆਂ ਖਿਚਾਉਣ ਵਾਲਿਆਂ ਦਾ ਝੁਰਮਟ ਬਾਕੀ ਕਲਾਕਾਰਾਂ ਵਾਂਗ ਉਸ ਨੂੰ ਵੀ ਚੰਗਾ ਲੱਗਦਾ ਹੋਏਗਾ। ਮੌਜ ਰਾਜੇ ਤੋਂ ਫ਼ਕੀਰੀ ਵੀ ਕਰਾ ਸਕਦੀ ਏ।

ਕੇ.ਐਸ. ਮੱਖਣ ਨੂੰ ਬਤੌਰ ਪੱਤਰਕਾਰ ਜਿੰਨਾ ਕੁ ਮਿਲਿਆ ਵਰਤਿਆ ਹਾਂ, ਕਹਿ ਸਕਦਾਂ ਕਿ ਅਧਿਆਤਮਵਾਦ ਉਸ ਅੰਦਰ ਉਦੋਂ ਵੀ ਭਾਰੂ ਸੀ, ਜਦੋਂ ਉਹ 'ਮੈਨੂੰ ਜੇਮਜ਼ ਬੌਂਡ ਕਹਿੰਦੀ ਏ ਸਾਰੀ ਦੁਨੀਆ' ਜਾਂ 'ਸਾਡੀ ਕਿਸਮਤ ਦੇ ਸਿਤਾਰੇ ਹਾਲੇ ਧੁੰਦਲੇ ਨੇ' ਵਰਗੇ ਗੀਤ ਗਾਉਂਦਾ ਸੀ। ਪਰ ਉਹ ਵਾਰ-ਵਾਰ 'ਵਾਹਿਗੁਰੂ-ਵਾਹਿਗੁਰੂ' ਕਹਿੰਦਾ ਤੇ ਨਾਲ ਹੀ ਗੋਲ ਜਹੀ ਗੱਲ ਕਰ ਛੱਡਦਾ ਕਿ ਪਤਾ ਨਹੀਂ ਕਦੋਂ ਗਾਉਣਾ ਛੱਡ ਹੋਰ ਪਾਸੇ ਤੁਰ ਪਈਏ। 13 ਅਪਰੈਲ ਤੋਂ ਪੰਦਰਾਂ ਕੁ ਦਿਨ ਪਹਿਲਾਂ ਕਿਸੇ ਦੱਸਿਆ ਕਿ ਮੱਖਣ ਨੇ ਨੱਚਣ-ਟੱਪਣ ਵਾਲੀ ਗਾਇਕੀ ਦਾ ਖਹਿੜਾ ਛੱਡ ਗੁਰੂ ਵਾਲਾ ਬਣਨ ਦੀ ਧਾਰ ਲਈ ਏ। ਉਸ ਦੀਆਂ ਗੱਲਾਂ 'ਤੇ ਯਕੀਨ ਨਹੀਂ ਸੀ ਹੋਇਆ, ਕਿਉਂਕਿ ਜਿਹੜੇ ਗਾਇਕ ਦੇ ਗਾਣੇ ਡੀ.ਜੇ. 'ਤੇ ਵੱਜਦੇ ਹੋਣ, ਲੱਖਾਂ ਰੁਪਏ ਦੇ ਸ਼ੋਅ ਲੱਗਦੇ ਹੋਣ, ਉਹ ਇਕਦਮ ਏਦਾਂ ਦਾ ਫ਼ੈਸਲਾ ਕਿਵੇਂ ਲੈ ਸਕਦੈ। ਪਰ ਫੇਰ ਮੱਖਣ ਨੇ ਦੱਸਿਆ ਕਿ ਮੈਂ ਆਪਣੇ ਸਾਥੀਆਂ ਨਾਲ ਅੰਮ੍ਰਿਤ ਛਕਣ ਜਾ ਰਿਹਾਂ।

ਕੁਲਦੀਪ ਸਿੰਘ ਮੱਖਣ ਬਣਨ ਤੋਂ ਬਾਅਦ ਇੱਕ ਦਿਨ ਜਦੋਂ ਉਸ ਨਾਲ ਮੇਲ ਹੋਇਆ ਤਾਂ ਪਹਿਲਾਂ ਨਾਲੋਂ ਵੇਰ ਬਦਲਿਆ ਉਸ ਦਾ ਰੂਪ ਦੇਖ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਉਸ ਨੇ ਕੋਈ ਪੁਰਾਣੀ ਗੱਲ ਸਾਂਝੀ ਨਾ ਕੀਤੀ, ਸਗੋਂ ਘੜੀ-ਮੁੜੀ ਬਾਣੀ ਲੜ ਲੱਗਣ ਵਾਲੀ ਗੱਲ ਦੁਹਰਾਈ। ਹਮੇਸ਼ਾ ਉਸ ਦੇ ਨਾਲ ਰਹਿਣ ਵਾਲੇ ਮੈਨੇਜਰ ਕੁਲਦੀਪ ਸਿੰਘ ਤੇ ਉਸ ਦੀ ਘਰਵਾਲੀ ਨੇ ਵੀ ਉਸੇ ਦਿਨ ਅੰਮ੍ਰਿਤ ਛਕਿਐ।

ਇਕਦਮ ਏਨੀ ਵੱਡੀ ਤਬਦੀਲੀ ਬਾਰੇ



ਪੁੱਛਿਆ ਤਾਂ ਉਸ ਦਾ ਜਵਾਬ ਸੀ, 'ਬਸ ਵਾਹਿਗੁਰੂ ਦੀ ਮਰਜ਼ੀ ਏ, ਜਿਵੇਂ ਉਹਦਾ ਹੁਕਮ ਹੋਇਐ, ਹੋ ਗਿਆ।' ਨਾਲ ਹੀ ਉਸ ਜ਼ਿਕਰ ਕੀਤਾ ਕਿ ਸਿੱਖੀ ਦੇ ਲੜ ਲੱਗੇ ਤੇ ਗਾਤਰਧਾਰੀ ਕਈ ਲੋਕਾਂ ਨੇ ਉਸ ਨੂੰ ਆਖਿਆ ਕਿ ਤੁਸੀਂ ਅੰਮ੍ਰਿਤ ਨਾ ਛਕੋ, ਕੋਈ ਲਾਭ ਨਹੀਂ।

ਮੱਖਣ ਨੇ ਸਾਫ਼ ਸ਼ਬਦਾਂ ਵਿਚ ਕਿਹਾ, 'ਰੋਟੀ ਜੋਗਾ ਪੈਸਾ ਮੇਰੇ ਕੋਲ ਏ, ਜਿੰਨੀ ਸ਼ੋਹਰਤ ਕਮਾਉਣੀ ਸੀ, ਕਮਾ ਲਈ। ਕਈ ਚੰਗੇ-ਮੰਦੇ ਕੰਮਾਂ ਦੇ ਤਜਰਬੇ ਵੀ ਕੀਤੇ, ਪਰ ਹੁਣ ਬਾਕੀ ਰਹਿੰਦੀ ਜ਼ਿੰਦਗੀ ਗੁਰੂ ਦੇ ਲੇਖੇ ਲਾਉਣੀ ਏ। ਭਵਿੱਖ 'ਚ ਕੋਈ ਕਮਰਸ਼ੀਅਲ ਗੀਤ ਨਹੀਂ ਗਾਉਣਾ, ਪਰ ਧਾਰਮਿਕ ਗਾਇਕੀ ਜ਼ਰੂਰ ਪੇਸ਼ ਕਰਾਂਗਾ ਤੇ ਹੁਣੇ-ਹੁਣੇ ਇਕ ਧਾਰਮਿਕ ਐਲਬਮ 'ਖਾਲਸੇ ਕਲਗੀਧਰ ਦੇ' ਵੀ ਰਿਲੀਜ਼ ਕੀਤੀ ਹੈ।'

ਜੇ ਕੇ.ਐਸ. ਮੱਖਣ ਹੁਣ ਕੁਲਦੀਪ ਸਿੰਘ ਮੱਖਣ ਬਣ ਗਿਐ ਤਾਂ ਕੋਈ ਬਹੁਤੀ ਵੱਡੀ ਪਰਲੋ ਨਹੀਂ ਆ ਚੱਲੀ। ਹਰ ਸਾਲ ਹਜ਼ਾਰਾਂ ਲੋਕ ਅੰਮ੍ਰਿਤ ਛਕਦੇ ਨੇ ਤੇ ਸੈਂਕੜੇ ਲੋਕ ਅੰਮ੍ਰਿਤ ਤੋੜ ਦਿੰਦੇ ਨੇ। ਪਰ ਕਿਉਂਕਿ ਮੱਖਣ ਵਰਗਿਆਂ ਦੀ ਪਛਾਣ ਹੁੰਦੀ ਹੈ, ਇਸ ਕਰਕੇ ਉਨ੍ਹਾਂ ਦੇ ਇਕਹਿਰੇ-ਇਕਹਿਰੇ ਕੰਮ 'ਤੇ ਸਾਡੀ ਨਜ਼ਰ ਰਹਿੰਦੀ ਏ। ਇਸ ਵੇਲੇ ਬਹੁਗਿਣਤੀ ਲੋਕ ਮੱਖਣ ਦੀ ਨਵੀਂ ਸੋਚ ਦੀ ਹਮਾਇਤ ਕਰਨ ਵਾਲੇ ਨੇ ਕਿ ਉਹ ਗੁਰੂ ਲੜ ਲੱਗ ਗਿਐ, ਪਰ ਸਨਕੀ ਲੋਕ ਤਰ੍ਹਾਂ-ਤਰ੍ਹਾਂ ਦੇ ਕਿਆਫ਼ੇ ਲਾ ਰਹੇ ਹਨ। ਉਹ ਉਸ ਬਾਬਤ ਉਦੋਂ ਵੀ ਸਵਾਲ ਕਰਦੇ ਸਨ, ਜਦੋਂ ਉਹ 'ਹੌਟ ਜਵਾਨੀ ਨੇ, ਕਰਤੇ ਗੱਭਰੂ ਕੂਲ' ਗੀਤ ਗਾਉਂਦਾ ਸੀ।

ਪੰਦਰਾਂ ਕੁ ਸਾਲ ਪਹਿਲਾਂ ਇਕ ਬੇਹੱਦ ਤੱਤਾ ਗਾਉਣ ਵਾਲਾ ਕਲਾਕਾਰ ਇਕਦਮ ਮਾੜਾ ਗਾਉਣਾ ਛੱਡ ਇੱਕ ਡੇਰੇ ਦਾ ਸੇਵਾਦਾਰ ਬਣ ਗਿਆ ਸੀ। ਪਾਲੀ ਦੇਤਵਾਲੀਆ ਅਮਰ ਸਿੰਘ ਚਮਕੀਲਾ ਲਈ ਗੀਤ ਲਿਖਦਾ-ਲਿਖਦਾ ਇਕਦਮ ਧੀਆਂ-ਭੈਣਾਂ ਵਾਲੇ ਗੀਤਾਂ ਦਾ ਰਚੈਤਾ ਬਣ ਗਿਆ। ਮਾਲਵੇ ਦਾ ਇਕ ਕਲਾਕਾਰ ਹੁਣ ਗਾਇਕੀ ਤੋਂ ਥੋੜ੍ਹਾ ਪਾਸਾ ਵੱਟ ਪੁੱਛਾਂ ਦੇਣ ਦਾ ਕੰਮ ਸ਼ੁਰੂ ਕਰ ਚੁੱਕੈ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਉਦਾਹਰਣਾਂ ਮਿਲ ਜਾਂਦੀਆਂ ਨੇ।

ਸੋ ਜੇ ਹੁਣ ਮੱਖਣ 'ਗੁਰੂ ਵਾਲਾ' ਬਣ ਗਿਐ, ਤਾਂ ਸਾਨੂੰ ਉਸ ਦੀ ਸ਼ਰਧਾ ਦੀ ਕਦਰ ਕਰਨੀ ਚਾਹੀਦੀ ਏ। ਸਿੱਖੀ ਨਾਲ ਸਬੰਧਤ ਕਈ ਸੰਸਥਾਵਾਂ ਨੇ ਉਸ ਨੂੰ ਸਨਮਾਨਤ ਕਰਨ ਦੀ ਪੇਸ਼ਕਸ਼ ਵੀ ਕੀਤੀ, ਪਰ ਉਸ ਨੇ ਕਿਹਾ ਕਿ ਮੈਂ ਕਿਸੇ ਮਸ਼ਹੂਰੀ ਖਾਤਰ ਇਹ ਸਭ ਨਹੀਂ ਕੀਤਾ, ਸਗੋਂ ਮੇਰੇ ਮਨ ਦੀ ਸ਼ਰਧਾ ਹੈ। ਸਾਨੂੰ ਕੋਈ ਹੱਕ ਨਹੀਂ ਕਿ ਕਿਸੇ ਦੀ ਸ਼ਰਧਾ 'ਤੇ ਬਿਨਾਂ ਗੱਲ ਕਿੰਤੂ-ਪ੍ਰੰਤੂ ਕਰੀਏ।

**ਨਾਨਕਿਆਂ ਵਾਲੇ ਗੀਤ:** ਹੁਣ ਇੰਜ ਜਾਪਣ ਲੱਗੈ ਜਿਵੇਂ ਪੰਜਾਬ ਦੇ ਗਵੱਈਆਂ ਨੇ 'ਨਾਨਕੇ' ਜਾਣ ਵਾਲੇ ਗੀਤਾਂ ਨੂੰ ਰੰਦਾ ਲਾਉਣਾ ਸ਼ੁਰੂ ਕਰ ਦਿੱਤਾ ਹੋਵੇ। ਟੀ.ਵੀ. 'ਤੇ ਚੱਲਣ ਵਾਲਾ ਹਰ ਸੱਤਵਾਂ-ਅੱਠਵਾਂ ਗੀਤ ਨਾਨਕਿਆਂ ਨਾਲ ਸਬੰਧਤ ਏ। ਕੋਈ ਕਹਿੰਦੈ, ਮੈਨੂੰ ਨਾ ਚਾਹੁੰਦੀ ਨੂੰ ਵੀ ਨਾਨਕੇ ਜਾਣਾ ਪੈ ਗਿਆ, ਕੋਈ ਹੋਰ ਕਹਿੰਦੈ, ਮੈਂ ਮਾਪਿਆਂ ਘਰ ਅਜ਼ਾਦ ਨਹੀਂ ਸਾਂ ਤੇ ਮੇਰੇ 'ਤੇ ਰੰਗ-ਰੂਪ ਨਾਨਕੇ ਜਾ ਕੇ ਆਉਣਾ ਸ਼ੁਰੂ ਹੋਇਐ ਤੇ ਕੋਈ ਕਹਿ ਰਿਹੈ ਕਿ ਤੇਰੇ ਵਰਗੀ ਬੇਵਫ਼ਾ ਕੋਈ ਨਹੀਂ, ਤੂੰ ਨਾਨਕੇ ਜਾਣ ਦਾ ਪੱਜ ਲਾਇਆ ਸੀ, ਪਰ ਪਤਾ ਉਦੋਂ ਲੱਗਾ, ਜਦੋਂ ਲੰਡਨ ਜਾ ਕੇ ਬੈਠ ਗਈ।

ਗੀਤਕਾਰਾਂ ਨੂੰ ਜਿਹੋ ਜਿਹੇ ਫੁਰਨੇ ਫੁਰਦੇ ਨੇ, ਗਾਇਕ ਉਨ੍ਹਾਂ ਨੂੰ ਅਵਾਜ਼ ਦਿੰਦੇ ਰਹਿੰਦੇ ਨੇ। ਕਦੇ ਹੋਸਟਲਾਂ, ਪੀ.ਜੀ. ਤੇ ਹੋਟਲਾਂ ਦੀਆਂ ਗੱਲਾਂ ਕਰਨ ਵਾਲੇ ਕਲਾਕਾਰਾਂ ਨੂੰ 'ਨਾਨਕੇ' ਵਿਸ਼ੇ ਦਾ ਜਿਹੜਾ ਨਵਾਂ ਫੁਰਨਾ ਫੁਰਿਆ ਏ, ਇਹ ਵੀ ਬਾਕੀ ਵਿਸ਼ਿਆਂ ਵਾਂਗ ਦਸ-ਵੀਹ ਗੀਤਾਂ ਤੱਕ ਸੀਮਤ ਹੋ ਕੇ ਰਹਿ ਜਾਏਗਾ।

ਬੱਚਿਆਂ ਨੂੰ ਨਾਨਕੇ ਜਾਣ ਦਾ ਬੜਾ ਚਾਅ ਹੁੰਦੈ। ਉਹ ਮਾਪਿਆਂ ਨਾਲ ਪਹਿਲਾਂ ਹੀ ਸਕੀਮ ਬਣਾ ਲੈਂਦੇ ਨੇ ਕਿ ਮੈਂ ਛੁੱਟੀਆਂ ਵਿਚ ਨਾਨੇ-ਨਾਨੀ, ਮਾਮੇ-ਮਾਮੀ ਨੂੰ ਮਿਲਣ ਜਾਣੈ ਤੇ ਮਾਪੇ ਉਨ੍ਹਾਂ ਨੂੰ ਨਾਨਕੇ ਛੱਡ ਕੇ ਆਉਣ ਤੇ ਛੁੱਟੀਆਂ ਮੁੱਕਣ 'ਤੇ ਵਾਪਸ ਵੀ ਲਿਆਉਂਦੇ ਨੇ। ਪਰ ਜੇ ਕਲਾਕਾਰ ਨਾਨਕਿਆਂ ਨੂੰ ਏਸੇ ਤਰ੍ਹਾਂ ਬਦਨਾਮ ਕਰਦੇ ਰਹੇ ਤਾਂ ਸ਼ਾਇਦ ਮਾਪਿਆਂ ਦੇ ਮਨਾਂ 'ਚ ਧਾਰਨਾ ਬਣ ਜਾਵੇ ਕਿ ਨਾਨੇ-ਨਾਨੀ ਕੋਲ ਜਾ ਕੇ ਮਿਲੀ ਬੇਲੋੜੀ ਖੁੱਲ੍ਹ ਸਾਡੇ ਬੱਚਿਆਂ ਨੂੰ ਵਿਗਾੜ ਕੇ ਰੱਖ ਦੇਵੇਗੀ।

ਪਿੱਛੇ ਜਿਹੇ ਇਕ ਬੀਬੀ ਦਾ ਫੋਨ ਆਇਆ, ਕਹਿੰਦੀ, ਮੈਂ ਆਪਣੀ ਭੂਆ ਦੇ ਪਿੰਡ ਪੜ੍ਹਦੀ ਸੀ ਤੇ ਜਦੋਂ 'ਮੈਂ ਪਿੰਡ ਨਾਨਕੇ ਰਹਿੰਦਾ ਸੀ, ਉਹ ਭੂਆ ਕੋਲੇ ਪੜ੍ਹਦੀ ਸੀ' ਗੀਤ ਰਿਲੀਜ਼ ਹੋਇਆ ਤਾਂ ਮਾਪਿਆਂ ਮੈਨੂੰ ਪੜ੍ਹਨੋਂ ਹਟਾ ਕੇ ਪਿੰਡ ਵਾਪਸ ਬੁਲਾ ਲਿਆ। ਉਹ ਉਨ੍ਹਾਂ ਕਲਾਕਾਰਾਂ ਨੂੰ ਕੋਸ ਰਹੀ ਸੀ, ਜਿਹੜੇ ਸ਼ੁਗਲ-ਸ਼ੁਗਲ ਵਿਚ ਅਜਿਹੇ ਗੀਤ ਗਾ ਛੱਡਦੇ ਨੇ ਤੇ ਕਿਸੇ ਹੋਣਹਾਰ ਦਾ ਭਵਿੱਖ ਬਰਬਾਦ ਕਰ ਛੱਡਦੇ ਨੇ।

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

## ਜਨਮੇਜਾ ਸਿੰਘ ਜੌਹਲ ਦੇ ਕੁੱਝ ਹਾਇਕੂ

ਪੱਤਾ ਨਾ ਹਿੱਲੇ
ਸਿਖਰ ਦੁਪਹਿਰਾ
ਖੁਰਪਾ ਚੱਲੇ।
---
ਹੱਥ ਨਾ ਆਵੇ
ਰੰਗ ਜੋ ਅਸਮਾਨੀ
ਨਕੰਮਾ ਬੰਦਾ।
---
ਦੀਵੇ-ਚਾਨਣ
ਨਾ ਰੋਸ਼ਨ ਕਰਿਆ
ਕੰਧਾਂ ਓਹਲੇ।
---
ਹਵਾ ਰੁਮਕੇ
ਦੇਖ ਨਹੀਂ ਸਕਦੇ
ਏ.ਸੀ. ਕਮਰੇ।
---
ਕੈਂਚੀ ਸੈਂਕਲ
ਹੁਣ ਨਹੀਂ ਚੱਲਦਾ
ਵਧੀ ਉਮਰ।

## ਨਕਸਲਬਾੜੀ ਦੀ ਕਿਸਾਨ ਬਗਾਵਤ ਤੇ ਪੰਜਾਬ

*(ਪਿਛਲੇ ਸਫੇ ਦੀ ਬਾਕੀ)*

ਗੱਲਾਂ ਵਾਪਰ ਗਈਆਂ। ਪਹਿਲੀ ਗੱਲ ਤਾਂ ਪੂਰਵ ਮਿਥੀ ਯੋਜਨਾ ਅਨੁਸਾਰ ਇਹ ਇਕੱਠ ਹਾਕਮ ਸਮਾਓਂ ਦੇ ਅੱਡੇ 'ਤੇ ਹੋਣਾ ਸੀ। ਹਰਭਜਨ ਸੋਹੀ ਨੇ ਲੀਡਰਸ਼ਿਪ ਵਿਚ ਉਸ ਦਾ ਰਾਹ ਰੋਕਣ ਲਈ,



ਐਮ.ਕੇ. ਧਰ

ਖੜ੍ਹੇ ਪੈਰ ਇਕੱਤਰਤਾ ਦੀ ਥਾਂ ਬਦਲੀ ਪੰਡਤ ਹਰਦੇਵ ਭਗਤੂਆਣਾ ਦੀ ਰਿਹਾਇਸ਼ 'ਤੇ ਕਰਵਾ ਲਈ ਅਤੇ ਹਾਕਮ ਨੂੰ ਛੱਡ ਕੇ ਖੁਦ ਆਪਣੇ ਆਪ ਨੂੰ, ਤੇ ਰਾਮਪੁਰ ਵਾਲੇ ਬੰਤ ਨੂੰ ਬਠਿੰਡੇ ਜ਼ਿਲ੍ਹੇ ਤੋਂ ਇਨਕਲਾਬੀਆਂ ਦੀ ਤਾਲਮੇਲ ਕਮੇਟੀ ਲਈ ਡੈਲੀਗੇਟ ਬਣਵਾ ਲਿਆ। ਦੂਜੀ ਇਸੇ ਤਰ੍ਹਾਂ ਦੀ ਕਹਾਣੀ ਦਇਆ ਸਿੰਘ ਕੋਲੋਂ ਹੋ ਗਈ। ਉਸ ਦਾ ਦਾਅਵਾ ਸੀ ਕਿ ਰੋਪੜ ਤੋਂ ਉਹ ਖੁਦ ਅਤੇ ਉਸ ਦੇ ਨਾਲ ਰੋਪੜ ਜ਼ਿਲ੍ਹੇ ਦਾ ਉਨ੍ਹੀਂ ਦਿਨੀਂ ਸਭ ਤੋਂ ਪਰਪੱਕ ਅਤੇ ਸਿਆਣਾ ਸਮਝਿਆ ਜਾਂਦਾ ਕਾਮਰੇਡ ਗੁਰਬਖਸ਼ ਸਿੰਘ ਡਕੋਟਾ ਡੈਲੀਗੇਟ ਸਨ, ਪਰ ਕਾਮਰੇਡ ਡਕੋਟਾ ਨੂੰ ਅਚਾਨਕ ਕੋਈ ਕੰਮ ਪੈ ਜਾਣ ਕਾਰਨ ਮੀਟਿੰਗ ਵਿਚ ਨਾ ਆ ਸਕੇ। ਸੋਹੀ ਖੁਦ ਤਾਲਮੇਲ ਕਮੇਟੀ ਦਾ ਕਨਵੀਨਰ ਬਣਨ ਲਈ ਉਤਸੁਕ ਸੀ। ਇਸੇ ਲਈ ਉਸ ਨੇ ਸਾਰਾ ਤਰੱਦਦ ਕੀਤਾ ਸੀ ਪਰ ਮੀਟਿੰਗ ਵਿਚ ਬਾਬੂ ਰਾਮ ਬੈਰਾਗੀ ਨੇ ਹਾਕਮ ਸਿੰਘ ਵਰਗੇ ਅਹਿਮ ਸਮਝੇ ਜਾਂਦੇ ਸਾਥੀ ਨੂੰ ਡੈਲੀਗੇਟ ਨਾ ਬਣਾਏ ਜਾਣ 'ਤੇ ਜ਼ਬਰਦਸਤ ਹੰਗਾਮਾ ਖੜ੍ਹਾ ਕਰ ਦਿੱਤਾ। ਚਾਹੇ ਅਣਚਾਹੇ ਹਾਲਾਤ ਅਜੀਹੀ ਕਰਵਟ ਲੈ ਗਏ ਕਿ ਮੀਟਿੰਗ ਆਪਣੇ ਮਿੱਤਰ ਪਿਆਰੇ ਕਾਮਰੇਡ ਪੰਡਿਤ ਹਰਦੇਵ ਦੇ ਠਿਕਾਣੇ 'ਤੇ ਹੋਣ, ਤੇ ਉਸ ਦਾ ਪੂਰਾ ਥਾਪੜਾ ਹੋਣ ਦੇ ਬਾਵਜੂਦ ਸੋਹੀ ਆਪਣੇ ਮਨਸੂਬੇ ਵਿਚ ਸਫਲ ਨਾ ਹੋ ਸਕਿਆ। ਇਸ ਖਿਲਾਅ ਵਿਚ ਇਨਕਲਾਬੀਆਂ ਦੀ ਤਾਲਮੇਲ ਕਮੇਟੀ ਦੀ ਕਨਵੀਨਰੀ ਲਈ ਨੌਂਗਾ ਗੁਰਬਖਸ਼ ਸਿੰਘ ਡਕੋਟਾ ਦੇ ਪੱਖ ਵਿਚ ਪੈ ਗਿਆ। ਦਇਆ ਸਿੰਘ ਨੇ ਇਹ ਜ਼ਿੰਮੇਵਾਰੀ ਓਟ ਲਈ ਕਿ ਡਕੋਟਾ ਨੇ ਪਹਿਲੀ ਗੱਲ ਤਾਂ ਸਾਰੇ ਹੱਕ ਉਸ ਨੂੰ ਦੇ ਕੇ ਤੋਰਿਆ ਹੈ, ਫਿਰ ਵੀ ਜੇ ਉਹ ਮਾਂ ਪਾਰਟੀ ਨੂੰ ਇਤਨੀ ਕਾਹਲੀ ਨਾਲ ਛੱਡਣ ਲਈ ਨਾ ਵੀ ਮੰਨੇ ਤਾਂ ਉਹ ਐਡਹਾਕ ਆਧਾਰ 'ਤੇ ਖੁਦ ਆਪਣਾ ਨਾਂ ਕਨਵੀਨਰ ਵਜੋਂ ਦੇ ਕੇ ਅਖ਼ਬਾਰਾਂ ਵਿਚ ਖ਼ਬਰ ਭਿਜਵਾ ਦੇਵੇਗਾ।

ਇਸ ਪ੍ਰਕਾਰ ਸਾਲ 1968 ਦੇ ਸ਼ੁਰੂ ਵਿਚ ਮਾਓ ਵਿਚਾਰਧਾਰਾ ਅਨੁਸਾਰ ਹੱਕ-ਸੱਚ ਦਾ ਝੰਡਾ ਝੁਲਾਉਣ; ਮਾਨਵ ਹਸਤੀ ਦੇ ਸਤਿਕਾਰ ਤੇ ਲੁੱਟ-ਖਸੁੱਟ ਤੋਂ ਰਹਿਤ ਸਮਾਜ ਉਸਾਰੀ ਦੇ ਸੁਪਨੇ ਨੂੰ ਅਮਲੀ ਰੂਪ ਵਿਚ ਧਰਤੀ 'ਤੇ ਉਤਾਰਨ ਅਤੇ ਨਕਸਲਬਾੜੀ ਕਿਸਾਨ ਅੰਦੋਲਨ ਦੇ ਟੀਚਿਆਂ ਨੂੰ ਸਿਰੇ ਚੜ੍ਹਾਉਣ ਲਈ ਜਦੋਜਹਿਦ ਸ਼ੁਰੂ ਕਰਨ ਖਾਤਰ ਪੰਜਾਬ ਵਿਚ ਨਕਸਲੀ ਇਨਕਲਾਬ ਦੀ ਤਾਲਮੇਲ ਕਮੇਟੀ ਹੋਂਦ ਵਿਚ ਆ ਗਈ। ਕਮੇਟੀ ਦੀ ਤਰਫੋਂ 1968 ਦੀ ਵਿਸਾਖੀ ਵਾਲੇ ਦਿਨ 'ਨਕਸਲਬਾੜੀ ਦਾ ਰਾਹ-ਸਾਡਾ ਰਾਹ' ਦੇ ਐਲਾਨਨਾਮੇ ਵਾਲਾ ਇਸ਼ਤਿਹਾਰ ਪੰਜਾਬ ਭਰ ਵਿਚ ਸਭ ਪਿੰਡਾਂ ਤੇ ਕਸਬਿਆਂ ਦੀਆਂ ਦੀਵਾਰਾਂ ਉਪਰ ਚਿਪਕਾ ਦਿੱਤਾ ਗਿਆ। ਰਹਿੰਦੀ ਕਸਰ 'ਪੰਜਾਬ ਕੇਸਰੀ' ਵਾਲੇ ਲਾਲਾ ਜਗਤ ਨਰਾਇਣ ਨੇ ਆਪਣੀ ਅਖਬਾਰ ਦੇ ਪੂਰੇ ਸਫੇ ਉਪਰ ਇਹ ਇਸ਼ਤਿਹਾਰ ਛਾਪ ਕੇ ਹਾਕਮਾਂ ਨੂੰ ਭਿਆਨਕ ਖਤਰੇ ਤੋਂ ਸਾਵਧਾਨ ਕਰਦਿਆਂ 'ਭਬੀਖਣ ਵਾਲੀ ਨੀਂਦ ਤੋਂ ਜਾਗਣ' ਦਾ ਸੱਦਾ ਦੇ ਕੇ ਪੂਰੀ ਕਰ ਦਿੱਤੀ।

ਉਧਰ ਭਗਤੂਆਣਾ ਵਾਲੇ ਇਕੱਠ ਵਿਚ ਹਰਭਜਨ ਸੋਹੀ ਅਤੇ ਦਇਆ ਸਿੰਘ ਨੇ ਜਾਣੇ-ਅਣਜਾਣੇ ਜਿਸ ਕਿਸਮ ਦੀਆਂ ਗੋਟੀਆਂ ਖੇਡੀਆਂ ਸਨ, ਉਨ੍ਹਾਂ ਦਾ ਮਾੜਾ ਸਾਇਆ ਪੰਜਾਬ ਵਿਚ ਅਗਲੇ ਵਰ੍ਹਿਆਂ ਦੀ ਨਕਸਲੀ ਲਹਿਰ ਉਪਰ ਦੇਰ ਤੱਕ ਪੈਂਦਾ ਰਿਹਾ। ਗੁਰਬਖਸ਼ ਸਿੰਘ ਡਕੋਟਾ ਜੋ ਉਨ੍ਹਾਂ ਸਮਿਆਂ ਦੇ ਮਾਰਕਸੀ ਪਾਰਟੀ ਦੇ ਹੋਰ ਬਥੇਰੇ ਮੈਂਬਰਾਂ ਵਾਂਗੂੰ ਨਕਸਲਬਾੜੀ ਅੰਦੋਲਨ ਤੋਂ ਨਿਸ਼ਚੇ ਹੀ ਉਤਸ਼ਾਹਤ ਸਨ, ਪਰ ਉਨ੍ਹਾਂ ਨੇ 'ਮਾਂ' ਪਾਰਟੀ ਛੱਡਣੀ ਨਹੀਂ ਸੀ। ਦਇਆ ਸਿੰਘ ਨੇ 'ਮਜਬੂਰੀਵਸ' ਇਨਕਲਾਬੀਆਂ ਦੀ ਤਾਲਮੇਲ ਕਮੇਟੀ ਦੀ ਸਥਾਪਨਾ ਦੀ ਖ਼ਬਰ ਅਖ਼ਬਾਰਾਂ ਨੂੰ ਜਾਰੀ ਕਰਦਿਆਂ ਕਨਵੀਨਰ ਵਜੋਂ ਆਪਣਾ ਨਾਂ ਦੇ ਕੇ ਬੁੱਤਾ ਸਾਰ ਲਿਆ। ਨਤੀਜੇ ਵਜੋਂ ਪੰਜਾਬ ਦੀ ਨਕਸਲੀ ਲਹਿਰ ਸ਼ੁਰੂ ਵਿਚ ਹੀ ਤਕੜੇ ਵਿਵਾਦਾਂ ਦੀ ਗ੍ਰਿਫਤ ਵਿਚ ਆ ਗਈ।

## ਕੁਝ ਤਾਂ ਹੈ ਇਨ੍ਹਾਂ ਕਾਰਾਂ ਵਿਚ ਵੀ!

ਮੇਰੇ ਸੁਰਤ ਸੰਭਾਲਣ ਸਮੇਂ ਫੀਅਟ ਜਾਂ ਪੁਰਾਣੇ ਮਾਡਲ ਦੀਆਂ ਅੰਬੈਸਡਰ ਕਾਰਾਂ ਹੀ ਸੜਕਾਂ ਦੀ ਸ਼ਾਨ ਹੁੰਦੀਆਂ ਸਨ। ਬਜ਼ੁਰਗ ਦੱਸਿਆ ਕਰਦੇ ਕਿ ਅੰਗਰੇਜ਼ਾਂ ਕੋਲ ਮੋਟਰਸਾਇਕਲ ਵਾਂਗ ਵੱਡੇ ਵੱਡੇ ਚੱਕੇ ਲੱਗੀਆਂ ਵੱਡੇ ਸਾਰੇ ਟਰਾਲੇ 'ਤੇ ਟਿਕਾਈਆਂ ਤਿੰਨ ਖਸਤਾ ਹਾਲਤ ਕਾਰਾਂ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ। ਇਨ੍ਹਾਂ ਪੁਰਾਣੀਆਂ ਕਾਰਾਂ ਨੂੰ ਦੇਖਦਿਆਂ ਹੀ ਇਕਦਮ ਬਚਪਨ ਵਿਚ ਸੁਣੀਆਂ ਗੱਲਾਂ ਦੀ ਹਕੀਕਤ ਮੇਰੇ ਸਾਹਮਣੇ ਆ ਗਈ। ਪੁਰਾਣੀਆਂ



ਅਤੇ ਡੱਬੂਆਂ ਦੇ ਅਕਾਰ ਦੀਆਂ ਕਾਰਾਂ ਹੁੰਦੀਆਂ ਸਨ, ਪਰ ਮੈਨੂੰ ਯਕੀਨ ਜਿਹਾ ਨਾ ਬੱਝਦਾ। ਕਾਰਨ ਸ਼ਾਇਦ ਇਹ ਸੀ ਕਿ ਮੈਂ ਅਜਿਹੀਆਂ ਕਾਰਾਂ ਕਦੇ ਦੇਖੀਆਂ ਹੀ ਨਹੀਂ ਸਨ। ਪਿਛਲੇ ਦਿਨੀਂ ਜਦੋਂ ਦੁਪਹਿਰ ਸਮੇਂ ਮੈਂ ਕੈਮਰਾ ਗਲ 'ਚ ਪਾਈ ਸੜਕ 'ਤੇ ਟਹਿਲਣ ਨਿਕਲਿਆ ਤਾਂ ਲੁਧਿਆਣਾ-ਫਿਰੋਜ਼ਪੁਰ ਰੋਡ 'ਤੇ ਖੜ੍ਹੇ ਇੱਕ ਤੇ ਖਸਤਾ ਹਾਲ ਇਹ ਕਾਰਾਂ ਨੇ ਇੰਨਾ ਆਕਰਸ਼ਿਤ ਕੀਤਾ ਕਿ ਮੈਂ ਇਨ੍ਹਾਂ ਦੇ ਇਸ ਰੂਪ ਨੂੰ ਸਾਂਭਣ ਲਈ ਮਜਬੂਰ ਹੋ ਗਿਆ। ਮੈਂ ਕੈਮਰਾ ਕੱਢਿਆ ਅਤੇ 'ਕਲਿੱਕ-ਕਲਿੱਕ' ਕਰਕੇ ਫੋਟੋਆਂ ਖਿੱਚਣ ਲੱਗ ਪਿਆ।

ਮੈਂ ਅਜੇ ਕੁਝ ਹੀ ਫੋਟੋ ਕਲਿਕ ਕੀਤੇ ਸਨ ਕਿ ਮੈਨੂੰ ਦੇਖ ਕੇ ਸੜਕ 'ਤੇ ਤੁਰੇ ਜਾਂਦੇ ਹੋਰ ਕਈ ਨੌਜਵਾਨ ਮੁੰਡੇ-ਕੁੜੀਆਂ ਵੀ ਆਪਣੇ ਮੋਬਾਇਲਾਂ ਵਿਚ ਲੱਗੇ ਕੈਮਰਿਆਂ ਨਾਲ ਇਨ੍ਹਾਂ ਕਾਰਾਂ ਦੀਆਂ ਫੋਟੋਆਂ ਖਿੱਚਣ ਲੱਗ ਪਏ। ਜਦੋਂ ਮੈਂ ਫੋਟੋਆਂ ਖਿੱਚ ਰਿਹਾ ਸੀ ਤਾਂ ਇਨ੍ਹਾਂ ਕਾਰਾਂ ਨੂੰ ਚੰਡੀਗੜ੍ਹ ਤੋਂ ਖਰੀਦਣ ਲਈ ਲੁਧਿਆਣਾ ਆਇਆ ਕਾਰਤਿਕ ਨਾਂ ਦਾ ਇਕ ਨੌਜਵਾਨ ਮੇਰੇ ਕੋਲ ਆ ਗਿਆ। ਸਤਿ ਸ੍ਰੀ ਅਕਾਲ ਤੋਂ ਬਾਅਦ ਪੁਰਾਣੀਆਂ ਗੱਡੀਆਂ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਕਾਰਤਿਕ ਨੇ ਦੱਸਿਆ ਕਿ ਲੁਧਿਆਣਾ ਵਿਚ ਬਹੁਤ ਸਾਰੇ ਲੋਕਾਂ ਨੇ ਅਜਿਹਾ ਖ਼ਜ਼ਾਨਾ ਸੰਭਾਲਿਆ ਹੋਇਆ ਹੈ ਪਰ ਉਹ ਕਿਸੇ ਨਾ ਕਿਸੇ ਮਜਬੂਰੀ ਕਰਕੇ ਇਸ ਖ਼ਜ਼ਾਨੇ ਨੂੰ ਵੇਚ ਰਹੇ ਹਨ। ਉਸ ਨੇ ਦੱਸਿਆ ਕਿ ਉਹ ਲੁਧਿਆਣਾ ਦੇ ਸਰਾਭਾ ਨਗਰ ਨਿਵਾਸੀ ਮੱਖਣ ਸਿੰਘ ਤੋਂ ਜਿਹੜੀਆਂ ਕਾਰਾਂ ਖਰੀਦ ਕੇ ਲਿਆਇਆ ਹੈ, ਉਨ੍ਹਾਂ ਵਿਚ 1930 ਮਾਡਲ ਦੀ ਫੋਰਡ ਕਾਰ, 1937 ਦੀ ਮੋਰਿਸ ਅਤੇ 1948 ਦੀ ਰੋਵਰ ਕਾਰ ਸ਼ਾਮਿਲ ਹਨ। ਉਸ ਦੱਸਿਆ ਕਿ ਉਹ ਪਹਿਲਾਂ ਇਹ ਕਾਰਾਂ ਚੰਡੀਗੜ੍ਹ ਲੈ ਕੇ ਜਾਵੇਗਾ ਅਤੇ ਉਥੋਂ ਇਨ੍ਹਾਂ ਨੂੰ ਮੁੜ ਨਵੀਂ ਦਿਖ ਦੇਣ ਲਈ ਰਾਜਸਥਾਨ ਜੈਪੁਰ ਭੇਜੇਗਾ। ਉਸ ਕੋਲ ਅਜਿਹੇ ਪੁਰਾਣੇ ਮਾਡਲ ਦੀਆਂ 20 ਹੋਰ ਕਾਰਾਂ ਵੀ ਹਨ।

ਇਨ੍ਹਾਂ ਕਾਰਾਂ ਦੀਆਂ ਫੋਟੋਆਂ ਨੇ ਕਈ ਦਿਨ ਮੇਰੇ ਅੰਦਰ ਘਰ ਕਰੀ ਰੱਖਿਆ ਅਤੇ ਅਖੀਰ ਕੁਝ ਸਤਰਾਂ ਲਿਖਣ ਤੋਂ ਬਾਅਦ ਮੇਰੇ ਮਨ ਨੂੰ ਕੁਝ ਸਕੂਨ ਮਿਲਿਆ।

-ਸਤਵਿੰਦਰ ਬਸਰਾ
ਫੋਨ: 91-98766-53143

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਪੰਦਰਵੀਂ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਹਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ। ਜਹਾਦ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਕਿਸੇ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ...ਹੁਣ ਅੱਗੇ ਪੜ੍ਹੋ...*

ਪਹਿਲੀ ਮਾਰਚ, 2003 ਦੇ ਅਖ਼ਬਾਰ ਨੇ ਤਹਿਲਕਾ ਮਚਾ ਦਿੱਤਾ। ਮੁੱਖ ਖ਼ਬਰ ਸੀ ਕਿ ਕੇ.ਐਸ.ਐਮ. ਨੂੰ ਪਾਕਿਸਤਾਨੀ ਪੁਲਿਸ ਨੇ ਫੜ ਲਿਆ ਹੈ। ਨਾਲ ਹੀ ਇਹ ਵੀ ਖ਼ਬਰ ਸੀ ਕਿ ਕੇ.ਐਸ.ਐਮ. ਜਿਸ ਦਾ ਪੂਰਾ ਨਾਮ ਖਾਲਿਦ ਸ਼ੇਖ ਮੁਹੰਮਦ ਹੈ, ਅਲ-ਕਾਇਦਾ ਦਾ ਉਪਰੇਸ਼ਨਲ ਚੀਫ ਹੈ। ਉਹ ਉਸਾਮਾ ਬਿਨ-ਲਾਦਿਨ ਦੇ ਮੁਕਾਬਲੇ ਦਾ ਅਲ-ਕਾਇਦਾ ਲੀਡਰ ਅਤੇ 9/11 ਦਾ ਮਾਸਟਰ ਮਾਈਂਡ ਹੈ। ਪੁਲਿਸ ਮੁਤਾਬਕ ਕੇ.ਐਸ.ਐਮ. ਰਾਵਲਪਿੰਡੀ ਫੌਜੀ ਛਾਉਣੀ ਕੋਲੋਂ ਕਿਸੇ ਦੇ ਵੱਡੇ ਘਰ ਵਿਚੋਂ



ਹਰਮਹਿੰਦਰ ਚਹਿਲ
ਫੋਨ: 703-362-3239
e-mail: chahals57@yahoo.com

ਗ੍ਰਿਫਤਾਰ ਕੀਤਾ ਗਿਆ ਸੀ। ਕਿਸੇ ਮੁਖ਼ਬਰ ਨੇ ਅਮਰੀਕਾ ਵਲੋਂ ਐਲਾਨੇ ਗਏ ਪੰਜੀ ਮਿਲੀਅਨ ਡਾਲਰ ਦਾ ਇਨਾਮ ਲੈਣ ਲਈ ਉਸ ਨੂੰ ਫੜਾਇਆ ਸੀ। ਕੇ.ਐਸ.ਐਮ. ਨੂੰ ਜਿਸ ਦੇ ਘਰ 'ਚੋਂ ਫੜਿਆ ਗਿਆ ਸੀ, ਉਹ ਖੁਦ ਇੱਕ ਸਾਇੰਟਿਸਟ ਸੀ। ਉਸ ਦੇ ਘਰ ਤੋਂ ਜੋ ਹੋਰ ਸਮਾਨ ਮਿਲਿਆ, ਉਸ ਤੋਂ ਪਤਾ ਲੱਗਿਆ ਕਿ ਅਲ-ਕਾਇਦਾ ਬਾਇਲੋਜੀਕਲ ਹਥਿਆਰ ਬਣਾਉਣ ਦੇ ਨੇੜੇ ਪਹੁੰਚ ਚੁਕਾ ਸੀ। ਉਥੋਂ ਹੀ ਅਲ ਕਾਇਦਾ ਦੇ ਹੋਰ ਮੈਂਬਰਾਂ ਦੇ ਪਤੇ ਮਿਲੇ। ਮਜੀਦ ਖਾਨ ਨੂੰ ਵੀ ਅਗਲੇ ਹੀ ਦਿਨ ਫੜ ਲਿਆ ਗਿਆ। ਇਸੇ ਤਰ੍ਹਾਂ ਇਸ ਰਿੰਗ ਦੇ ਕਈ ਹੋਰ ਮੈਂਬਰ ਵੀ ਪੁਲਿਸ ਦੀ ਗ੍ਰਿਫਤ 'ਚ ਆ ਗਏ। ਉਧਰ ਅਮਰੀਕਾ 'ਚ ਐਫ.ਬੀ.ਆਈ. ਆਫੀਆ ਦੀ ਭੈਣ ਫੌਜ਼ੀਆ ਦੇ ਘਰ ਪਹੁੰਚੀ। ਫੌਜ਼ੀਆ ਨੂੰ ਸੁਆਲ-ਜੁਆਬ ਕਰ ਕੇ ਉਹ ਵਾਪਸ ਚਲੇ ਗਏ ਤਾਂ ਉਸ ਨੇ ਆਪਣੇ ਭਰਾ ਨੂੰ ਹਿਊਸਟਨ (ਟੈਕਸਸ) ਵਿਚ ਫੋਨ ਕੀਤਾ। ਉਹ ਹੈਰਾਨ ਰਹਿ ਗਈ ਜਦੋਂ ਅੱਗਿਓਂ ਉਸ ਨੇ ਦੱਸਿਆ ਕਿ ਉਸ ਦੇ ਘਰੋਂ ਵੀ ਐਫ.ਬੀ.ਆਈ. ਵਾਲੇ ਹੁਣੇ ਹੀ ਗਏ ਹਨ। ਉਹ ਆਫੀਆ ਨੂੰ ਬੁਰੀ ਤਰ੍ਹਾਂ ਲੱਭ ਰਹੇ ਸਨ। ਇਸ ਬਾਰੇ ਫੌਜ਼ੀਆ ਨੇ ਆਫੀਆ ਨੂੰ ਪਾਕਿਸਤਾਨ 'ਚ ਫੋਨ ਕਰਦਿਆਂ ਕਿਹਾ, "ਆਫੀਆ ਤੈਨੂੰ ਐਫ.ਬੀ.ਆਈ. ਲੱਭਣ ਆਈ ਸੀ।"

"ਹੈਂ! ਪਰ ਕਿਉਂ?" ਫੌਜ਼ੀਆ ਦੀ ਗੱਲ ਸੁਣਦਿਆਂ ਹੀ ਆਫੀਆ ਦੇ ਹੋਸ਼ ਉਡ ਗਏ।

"ਇਹ ਤਾਂ ਪਤਾ ਨ੍ਹੀਂ, ਪਰ ਮੈਨੂੰ ਪਤਾ ਲੱਗਾ ਐ ਕਿ ਮਾਰਚ ਦੇ ਸ਼ੁਰੂ ਤੋਂ ਹੀ ਜੋ ਕੇ.ਐਸ.ਐਮ. ਵਰਗਿਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਨੇ, ਇਹ ਸਭ ਉਸੇ ਕੜੀ ਦਾ ਹਿੱਸਾ ਐ।"

"ਹੂੰ...।" ਆਫੀਆ ਸੋਚਾਂ 'ਚ ਗੁਆਚ ਗਈ।

"ਆਫੀਆ ਤੂੰ ਕੇ.ਐਸ.ਐਮ. ਬਾਰੇ ਕੁਛ ਜਾਣਦੀ ਐਂ?" ਫੌਜ਼ੀਆ ਨੇ ਸੁਆਲ ਕੀਤਾ।

"ਨ੍ਹੀਂ ਤਾਂ, ਪਰ ਤੂੰ ਕਿਉਂ ਪੁੱਛ ਰਹੀ ਐਂ?"

"ਆਫੀਆ ਇਹ ਕੋਈ ਲੰਬਾ ਚੱਕਰ ਲੱਗਦਾ ਐ, ਜਿਹੜੀਆਂ ਧੜਾਧੜ ਗ੍ਰਿਫਤਾਰੀਆਂ ਹੋ ਰਹੀਆਂ ਨੇ। ਇਸ 'ਚ ਪਤਾ ਨ੍ਹੀਂ ਕਿਸ ਕਿਸ ਨੇ ਆ ਜਾਣਾ ਐਂ। ਸੁਣਿਐਂ, ਕੋਈ ਮਜੀਦ ਖਾਨ ਨਾਂ ਦਾ ਮੁੰਡਾ ਵੀ ਫੜਿਆ ਗਿਆ ਐ ਜੋ ਅਮਰੀਕਾ ਆ ਕੇ ਅਗਲੇ ਹਮਲੇ ਕਰਨੇ ਚਾਹੁੰਦਾ ਸੀ। ਆਫੀਆ ਸੱਚ ਦੱਸਾਂ ਤਾਂ ਮੈਨੂੰ ਬੜਾ ਈ ਡਰ ਲੱਗ ਰਿਹਾ ਐ। ਤੂੰ ਸੰਭਲ ਕੇ ਰਹੀਂ।"

ਫੌਜ਼ੀਆ ਦੇ ਫੋਨ ਨੇ ਆਫੀਆ ਦੇ ਹੋਸ਼ ਉਡਾ ਦਿੱਤੇ। ਉਸ ਨੂੰ ਲੱਗਣ ਲੱਗਿਆ ਕਿ ਉਸ ਨੂੰ ਫੜਨ ਕੋਈ ਆਇਆ ਕਿ ਆਇਆ। ਉਸ ਨੇ ਖੜ੍ਹੇ ਪੈਰ ਆਪਣੇ ਤਿੰਨਾਂ ਬੱਚਿਆਂ ਨੂੰ ਤਿਆਰ ਕੀਤਾ ਤੇ ਟੈਕਸੀ ਬੁਲਾ ਲਈ। ਉਸ ਦੀ ਮਾਂ ਨੇ ਉਸ ਨੂੰ ਸਮਝਾਉਂਦਿਆਂ ਕਿਹਾ, "ਆਫੀਆ ਇਹ ਕੀ ਝੱਲਪਣ ਐ। ਤੇਰਾ ਇਨ੍ਹਾਂ ਲੋਕਾਂ ਨਾਲ ਕੀ ਤੁਅੱਲਕ ਐ। ਤੈਨੂੰ ਕੋਈ ਕਿਉਂ ਫੜੂਗਾ। ਜਦੋਂ ਤੂੰ ਕੁਝ ਗਲਤ ਕੀਤਾ ਈ ਨ੍ਹੀਂ ਤਾਂ ਡਰਦੀ ਕਿਹੜੀ ਗੱਲ ਤੋਂ ਐਂ?"

"ਅੰਮੀ ਤੂੰ ਨ੍ਹੀਂ ਸਮਝ ਸਕਦੀ ਇਹ ਗੱਲ। ਇਸ ਵੇਲੇ ਮੇਰਾ ਇੱਥੋਂ ਚਲੇ ਜਾਣਾ ਈ ਬਿਹਤਰ ਐ।"

"ਆਫੀਆ ਸੱਚ ਦੱਸ ਕਿਧਰੇ ਤੇਰਾ ਕਿਸੇ ਪੁੱਠੇ-ਸਿੱਧੇ ਕੰਮ ਨਾਲ ਵਾਸਤਾ ਤਾਂ ਨ੍ਹੀਂ?" ਇਸਮਤ ਨੇ ਆਫੀਆ ਦੀ ਬਾਂਹ ਫੜ ਕੇ ਸਖਤੀ ਨਾਲ ਕਿਹਾ।

"ਅੰਮੀ ਮੈਂ ਕਿਹਾ ਨਾ ਕਿ ਇਹ ਵੇਲਾ ਬਹਿਸ ਦਾ ਨ੍ਹੀਂ ਐ।" ਇੰਨਾ ਕਹਿੰਦਿਆਂ ਆਫੀਆ ਨੇ ਬਾਂਹ ਛੁਡਵਾ ਲਈ ਤੇ ਆਪਣੀ ਤਿਆਰੀ 'ਚ ਰੁੱਝ ਗਈ।

"ਮੇਰਾ ਮਨ ਕਹਿੰਦੈ ਕਿ ਤੂੰ ਜ਼ਰੂਰ ਅਲ-ਕਾਇਦਾ ਦੇ ਕਿਸੇ ਬੰਦੇ ਨਾਲ ਜੁੜੀ ਹੋਈ ਐਂ। ਤੂੰ ਮੈਨੂੰ ਸੱਚੋ ਸੱਚ ਦੱਸ ਦੇਹ, ਮੈਂ ਤੇਰਾ ਸਾਰਾ ਪ੍ਰਬੰਧ ਕਰ ਲਊਂਗੀ। ਤੈਨੂੰ ਆਂਚ ਨ੍ਹੀਂ ਆਉਣ ਦਿੰਦੀ।"

ਆਫੀਆ ਨੇ ਮਾਂ ਦੀ ਗੱਲ ਦਾ ਕੋਈ ਜੁਆਬ ਨਾ ਦਿੱਤਾ ਤਾਂ ਇਸਮਤ ਰੋਣ ਲੱਗੀ। ਇੰਨੇ ਨੂੰ ਟੈਕਸੀ ਆ ਗਈ ਤੇ ਆਫੀਆ ਬੱਚਿਆਂ ਨੂੰ ਚੁੱਕਦੀ ਬਾਹਰ ਨਿਕਲਣ ਲੱਗੀ। ਇਸਮਤ ਰੋਂਦੀ ਹੋਈ ਅੱਗੇ ਆ ਗਈ ਤੇ ਬੋਲੀ, "ਪਰ ਇੰਨਾ ਤਾਂ ਦੱਸ ਦੇਹ ਕਿ ਜਾ ਕਿੱਧਰ ਰਹੀ ਐਂ?"

"ਇਸ ਵੇਲੇ ਤਾਂ ਫਾਰੂਕੀ ਅੰਕਲ ਕੋਲ ਜਾ ਰਹੀ ਆਂ। ਉਥੋਂ ਜਾ ਕੇ ਤੈਨੂੰ ਫੋਨ ਕਰੂੰਗੀ।" ਇੰਨਾ ਕਹਿੰਦਿਆਂ ਆਫੀਆ ਬੱਚਿਆਂ ਸਮੇਤ ਟੈਕਸੀ 'ਚ ਜਾ ਬੈਠੀ। ਇਸਮਤ ਦੇ ਵੇਖਦਿਆਂ ਵੇਖਦਿਆਂ ਟੈਕਸੀ ਅੱਖਾਂ ਤੋਂ ਉਹਲੇ ਹੋ ਗਈ। ਆਫੀਆ ਸਟੇਸ਼ਨ ਪਹੁੰਚੀ ਤੇ ਉਥੋਂ ਟੈਕਸੀ ਬਦਲ ਲਈ। ਅਗਲੀ ਟੈਕਸੀ ਲੈ ਕੇ ਉਹ ਸਿੱਧੀ ਅਲ-ਬਲੋਚੀ ਪਰਿਵਾਰ ਕੋਲ ਪਹੁੰਚੀ। ਪਰਿਵਾਰ ਵਾਲਿਆਂ ਨੇ ਉਸ ਨੂੰ ਖਿੜੇ ਮੱਥੇ ਜੀ ਆਇਆਂ ਕਿਹਾ, ਪਰ ਨਾਲ ਹੀ ਇਹ ਵੀ ਕਿਹਾ ਕਿ ਇਸ ਪਰਿਵਾਰ ਵਿਚ ਇੱਕ ਅਣਵਿਆਹਿਆ ਮਰਦ, ਭਾਵ ਅਲੀ ਰਹਿੰਦਾ ਹੈ; ਇਸ ਕਰ ਕੇ ਮਜ਼ਹਬੀ ਅਕੀਦੇ ਮੁਤਾਬਕ ਆਫੀਆ ਦਾ ਉਥੇ ਰਹਿਣਾ ਸਹੀ ਨ੍ਹੀਂ ਹੋਵੇਗਾ, ਪਰ ਘਰ ਦੇ ਵਡੇਰਿਆਂ ਨੇ ਇਸ ਦਾ ਹੱਲ ਸੋਚਦਿਆਂ ਆਫੀਆ ਨੂੰ ਪੁੱਛਿਆ, "ਬੇਟੀ ਤੂੰ ਅਲੀ ਨਾਲ ਨਿਕਾਹ ਲਈ ਰਾਜ਼ੀ ਐਂ?"

"ਜੀ ਜਿਸ ਤਰ੍ਹਾਂ ਤੁਹਾਨੂੰ ਸਾਰਿਆਂ ਨੂੰ ਠੀਕ ਲੱਗਦਾ ਐ।" ਆਫੀਆ ਨੇ ਇੱਕ ਕਿਸਮ ਦੀ ਸਹਿਮਤੀ ਦੇ ਦਿੱਤੀ। ਅਗਲੇ ਦਿਨ ਹੀ ਸਾਦੇ ਢੰਗ ਨਾਲ ਉਨ੍ਹਾਂ ਦਾ ਨਿਕਾਹ ਕਰਵਾ ਦਿੱਤਾ ਗਿਆ ਤੇ ਆਫੀਆ ਆਪਣੇ ਬੱਚਿਆਂ ਸਮੇਤ ਅਲੀ ਨਾਲ ਰਹਿਣ ਲੱਗੀ।

ਉਧਰ ਇਸਮਤ ਸਾਰਾ ਦਿਨ ਉਡੀਕਦੀ ਰਹੀ ਪਰ ਆਫੀਆ ਦਾ ਫੋਨ ਨਾ ਆਇਆ। ਫਿਰ ਉਸ ਨੇ ਆਪ ਫਾਰੂਕੀ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਆਫੀਆ ਤਾਂ ਉਸ ਕੋਲ ਆਈ ਹੀ ਨਹੀਂ। ਉਹ ਵੀ ਫਿਕਰਮੰਦ ਹੋ ਗਿਆ। ਅਗਲੇ ਦਿਨ ਸ਼ਾਮ ਵੇਲੇ ਫਿਰ ਇਸਮਤ ਦਾ ਫੋਨ ਆਇਆ ਤਾਂ ਸਦੀਕੀ ਉਦਾਸ ਆਵਾਜ਼ 'ਚ ਬੋਲਿਆ, "ਆਪਾ, ਮੈਨੂੰ ਲੱਗਦਾ ਐ ਕਿ ਆਫੀਆ ਨੂੰ ਪੁਲਿਸ ਨੇ ਕਿਧਰੇ ਰਸਤੇ 'ਚ ਹੀ ਗ੍ਰਿਫਤਾਰ ਕਰ ਲਿਆ ਐ। ਨ੍ਹੀਂ ਤਾਂ ਉਹ ਕਿਤਿਓਂ ਫੋਨ ਜ਼ਰੂਰ ਕਰਦੀ।" ਇਸ ਤਣਾਅ 'ਚ ਹੀ ਹਫਤਾ ਗੁਜ਼ਰ ਗਿਆ। ਇਸਮਤ ਥੋੜ੍ਹੀ-ਥੋੜ੍ਹੀ ਦੇਰ ਪਿੱਛੋਂ ਫਾਰੂਕੀ ਦੇ ਘਰ ਫੋਨ ਕਰਦੀ ਰਹੀ। ਉਧਰ ਫੌਜ਼ੀਆ ਵੀ ਸਵੇਰ ਸ਼ਾਮ ਆਪਣੀ ਮਾਂ ਨਾਲ ਗੱਲ ਕਰਦੀ, ਪਰ ਆਫੀਆ ਦਾ ਕਿਧਰੇ ਕੋਈ ਥਹੁ-ਟਿਕਾਣਾ ਨਾ ਲੱਭਿਆ ਤਾਂ ਇੱਕ ਦਿਨ ਇਸਮਤ ਰੋਂਦੀ ਹੋਈ ਫਾਰੂਕੀ ਨੂੰ ਬੋਲੀ, "ਭਾਈ ਜਾਨ ਤੁਹਾਡੀ ਗੱਲ ਸਹੀ ਐ। ਉਹ ਪੁਲਿਸ ਵਲੋਂ ਗ੍ਰਿਫਤਾਰ ਕਰ ਲਈ ਗਈ ਲੱਗਦੀ ਐ ਪਰ ਮੈਂ ਇਕੱਲੀ ਔਰਤ ਕੀ ਕਰਾਂ। ਕਿੱਥੇ ਲੱਭਾਂ ਉਸ ਨੂੰ। ਫਿਰ ਇਹ ਵੀ ਪਤਾ ਨ੍ਹੀਂ ਕਿ ਉਸ ਨੇ ਕੀਤਾ ਕੀ ਐ? ਉਸ ਨੇ ਦੱਸਿਆ ਵੀ ਕੁਝ ਨ੍ਹੀਂ। ਜਿਵੇਂ ਡਰਦੀ ਉਹ ਭੱਜੀ ਐ, ਉਸ ਤੋਂ ਲੱਗਦਾ ਐ ਕਿ ਗੱਲ ਕੋਈ ਜ਼ਰੂਰ ਐ।"



ਉਮਰ ਅਲ-ਬਲੋਚੀ ਜਿਸ ਨਾਲ ਆਫੀਆ ਨੇ ਦੂਜਾ ਨਿਕਾਹ ਕਰਵਾਇਆ। ਇਹ 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਦਾ ਭਤੀਜਾ ਸੀ।

"ਆਪਾ ਤੂੰ ਇਕੱਲੀ ਨ੍ਹੀਂ ਐਂ। ਮੈਂ ਤੁਹਾਡੇ ਨਾਲ ਆਂ। ਆਪਾਂ ਰਲ ਕੇ ਉਸ ਨੂੰ ਲੱਭਾਂਗੇ।"

ਉਨ੍ਹਾਂ ਦੇ ਲੱਖ ਟੱਕਰਾਂ ਮਾਰਨ ਦੇ ਬਾਵਜੂਦ ਆਫੀਆ ਦੀ ਕੋਈ ਉਘ-ਸੁੱਘ ਨਾ ਨਿਕਲੀ। ਦਿਨ ਗੁਜ਼ਰਦੇ ਗਏ। ਇਸਮਤ, ਧੀ ਦੇ ਦੁੱਖੋਂ ਮੰਜੇ ਨਾਲ ਲੱਗ ਗਈ। ਫਾਰੂਕੀ ਵੀ ਸਾਰਾ ਦਿਨ ਇਸੇ ਫਿਕਰ 'ਚ ਖੋਇਆ ਰਹਿੰਦਾ ਸੀ ਕਿ ਕੀ ਕੀਤਾ ਜਾਵੇ। ਉਧਰ ਫੌਜ਼ੀਆ ਦਾ ਬੁਰਾ ਹਾਲ ਸੀ। ਉਸ ਨੂੰ ਆਫੀਆ ਦਾ ਤਾਂ ਫਿਕਰ ਹੈ ਹੀ ਸੀ, ਨਾਲ ਹੀ ਉਸ ਨੂੰ ਇਹ ਵੀ ਲੱਗਦਾ ਸੀ ਜਿਵੇਂ ਉਸ ਦੀ ਵੀ ਨਿਗਰਾਨੀ ਕੀਤੀ ਜਾ ਰਹੀ ਹੋਵੇ। ਇਸ ਸਭ ਤੋਂ ਅਣਭਿੱਜ ਉਧਰ ਆਫੀਆ ਆਪਣੇ ਨਵੇਂ ਘਰਵਾਲੇ ਅਲੀ ਨਾਲ ਉਸ ਦੇ ਵੱਡੇ ਅਲ-ਬਲੋਚੀ ਪਰਿਵਾਰ 'ਚ ਰਹਿ ਰਹੀ ਸੀ।

ਫਿਰ ਇੱਕ ਦਿਨ ਐਫ.ਬੀ.ਆਈ. ਉਜ਼ੇਰ ਪਰਾਚਾ ਦੇ ਨਿਊ ਯਾਰਕ ਵਾਲੇ ਦਫਤਰ ਪਹੁੰਚੀ। ਉਹ ਕਈ ਦਿਨਾਂ ਤੋਂ ਉਸ ਦੀ ਨਿਗਰਾਨੀ ਕਰ ਰਹੇ ਸਨ। ਉਸ ਦਾ ਦਫਤਰ ਅੰਦਰੋਂ ਬੰਦ ਸੀ। ਦਰਵਾਜ਼ਾ ਖੜਕਾਇਆ ਗਿਆ ਤਾਂ ਉਜ਼ੇਰ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਵਰਦੀਧਾਰੀ ਐਫ.ਬੀ.ਆਈ. ਦੀ ਟੀਮ ਵੇਖ ਕੇ ਉਸ ਦੇ ਹੋਸ਼ ਉਡ ਗਏ। ਉਜ਼ੇਰ ਦੇ ਸਾਮਾਨ ਦੀ ਤਲਾਸ਼ੀ ਲਈ ਤਾਂ ਵਿਚੋਂ ਮਾਜਿਦ ਖਾਨ ਦੇ ਪੇਪਰ ਨਿਕਲੇ। ਉਸ ਨੂੰ ਉਥੇ ਹੀ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਨਿਊ ਯਾਰਕ ਮੈਟਰੋਪਾਲੀਟਨ ਡਿਟੈਨਸ਼ਨ ਸੈਂਟਰ ਲਿਜਾਇਆ ਗਿਆ। ਉਸ ਦੀ ਤਫਤੀਸ਼ ਸ਼ੁਰੂ ਹੋਈ ਤਾਂ ਉਸ ਨੇ ਸਭ ਕੁਝ ਦੱਸ ਦਿੱਤਾ ਕਿ ਕਿਵੇਂ ਉਸ ਦਾ ਪਿਉ ਹੀ ਉਸ ਨੂੰ ਇਸ ਚੱਕਰ 'ਚ ਪਾਉਣ ਦਾ ਕਾਰਨ ਬਣਿਆ। ਐਫ.ਬੀ.ਆਈ. ਲਈ ਹੁਣ ਇਹ ਬਹੁਤ ਜ਼ਰੂਰੀ ਹੋ ਗਿਆ ਕਿ ਉਜ਼ੇਰ ਦੇ ਪਿਉ ਨੂੰ ਫੜਿਆ ਜਾਵੇ, ਪਰ ਗ੍ਰਿਫਤਾਰੀਆਂ ਦਾ ਦੌਰ ਚੱਲਦਿਆਂ ਮਹੀਨੇ ਤੋਂ ਉਪਰ ਹੋ ਗਿਆ ਸੀ। ਬਹੁਤ ਕੁਝ ਬਦਲ ਗਿਆ ਸੀ। ਸ਼ੁਰੂ 'ਚ ਪਾਕਿਸਤਾਨ ਸਰਕਾਰ ਨੇ ਐਫ.ਬੀ.ਆਈ. ਦੀ ਮਦਦ ਕੀਤੀ ਸੀ, ਫਿਰ ਉਥੇ ਦੀ ਖੁਫੀਆ ਏਜੰਸੀ ਆਈ.ਐਸ.ਆਈ. ਅਲ-ਕਾਇਦਾ ਦੇ ਮਸ਼ਹੂਰ ਬੰਦਿਆਂ ਨੂੰ ਬਚਾਉਣ ਲੱਗ ਪਈ ਸੀ। ਜਦੋਂ ਹੀ ਐਫ.ਬੀ.ਆਈ. ਪਹੁੰਚਦੀ, ਉਦੋਂ ਨੂੰ ਉਨ੍ਹਾਂ ਦਾ ਟਾਰਗੈਟ ਭੱਜ ਚੁਕਾ ਹੁੰਦਾ। ਉਹ ਸਮਝ ਗਏ ਕਿ ਆਈ.ਐਸ.ਆਈ. ਹੁਣ ਉਨ੍ਹਾਂ ਦੀ ਪੇਸ਼ ਨਹੀਂ ਚੱਲਣ ਦੇ ਰਹੀ। ਇਸੇ ਕਰ ਕੇ ਉਨ੍ਹਾਂ ਸੈਫਉਲਾ ਪਰਾਚਾ ਵਾਲੀ ਗੱਲ ਬਾਹਰ ਨਾ ਕੱਢੀ। ਐਫ.ਬੀ.ਆਈ. ਨੇ ਉਸ ਲਈ ਵੱਖਰਾ ਤਰੀਕਾ ਚੁਣਿਆ।

ਇੱਕ ਦਿਨ ਨਿਊ ਯਾਰਕ ਰਹਿੰਦੇ ਸੈਫਉਲਾ ਪਰਾਚਾ ਦੇ ਪੁਰਾਣੇ ਦੋਸਤ ਅਤੇ ਬਿਜ਼ਨਸ ਪਾਰਟਨਰ ਚਾਰਲਸ ਦਾ ਉਸ ਨੂੰ ਫੋਨ ਆਇਆ। ਉਹ ਬੋਲਿਆ, "ਸੈਫਉਲਾ, ਤੈਨੂੰ ਜ਼ਰੂਰੀ ਗੱਲ ਤਾਂ ਇਹ ਕਹਿਣੀ ਐਂ ਕਿ ਤੂੰ ਇੱਧਰ ਅਮਰੀਕਾ ਵੱਲ ਮੂੰਹ ਨਾ ਕਰੀਂ। ਇੱਥੇ ਆਉਣਾ ਤੇਰੇ ਲਈ ਖਤਰੇ ਤੋਂ ਖਾਲੀ ਨ੍ਹੀਂ ਹੋਵੇਗਾ।"

"ਚਾਰਲਸ, ਇਹ ਗੱਲ ਤਾਂ ਮੈਂ ਵੀ ਸਮਝਦਾ ਆਂ। ਇਨ੍ਹਾਂ ਮੇਰੇ ਬੇਕਸੂਰ ਪੁੱਤਰ ਨੂੰ ਐਵੇਂ ਈ ਫੜ ਲਿਆ, ਪਰ ਬਿਜ਼ਨਸ ਵੀ ਬੰਦ ਨ੍ਹੀਂ ਕੀਤਾ ਜਾ ਸਕਦਾ।"

"ਇਹ ਗੱਲ ਵੀ ਠੀਕ ਐ। ਬਿਜ਼ਨਸ ਲਈ ਆਪਣਾ ਮਿਲਣਾ ਜ਼ਰੂਰੀ ਐ, ਪਰ ਮੈਂ ਵੀ ਯਾਰ ਪਾਕਿਸਤਾਨ ਆਉਣ ਤੋਂ ਡਰਦਾਂ।"

"ਚਾਰਲਸ, ਤੂੰ ਵੀ ਇੱਥੇ ਅਜੇ ਬਿਲਕੁਲ ਨਾ ਆਵੀਂ। ਅਜੇ ਤਾਂ ਮੈਂ ਵੀ ਇੱਥੇ ਲੁਕ ਕੇ ਈ ਤੁਰਿਆ ਫਿਰਦਾ ਆਂ। ਇਨ੍ਹਾਂ ਐਫ.ਬੀ.ਆਈ. ਵਾਲੇ ਕਮੂਤਾਂ ਦਾ ਕੀ ਪਤਾ ਕਿ ਕਦੋਂ ਕਿਸ ਨੂੰ ਚੰਬੜ ਜਾਣ।"

"ਤੂੰ ਫਿਰ ਇਉਂ ਕਿਉਂ ਨ੍ਹੀਂ ਕਰਦਾ ਕਿ ਆਪਾਂ ਕਿਧਰੇ ਹੋਰ ਲੁਕ ਛਿਪ ਕੇ ਮਿਲ ਲਈਏ?"

"ਤੂੰ ਈ ਦੱਸ ਕਿ ਕਿੱਥੇ ਮਿਲ ਸਕਦੇ ਆਂ?"

"ਤੂੰ ਇਉਂ ਕਰ ਥਾਈਲੈਂਡ ਆ ਜਾ। ਉਥੇ ਕਿਸੇ ਨੂੰ ਪਤਾ ਵੀ ਨ੍ਹੀਂ ਲੱਗਣਾ ਤੇ ਆਪਾਂ ਮਿਲ ਵੀ ਲਵਾਂਗੇ, ਪਰ ਜ਼ਰਾ ਹੁਸ਼ਿਆਰੀ ਨਾਲ ਜਹਾਜ਼ ਚੜ੍ਹੀਂ।"

"ਹਾਂ ਇਹ ਤਾਂ ਠੀਕ ਐ। ਨਾਲੇ ਉਥੇ ਈ ਕੁਝ ਦੇਰ ਗੁਜ਼ਾਰ ਆਊਂਗਾ। ਜਦੋਂ ਤੱਕ ਗੱਲ ਠੰਢੀ ਨ੍ਹੀਂ ਪੈਂਦੀ।"

"ਠੀਕ ਐ ਫਿਰ ਆਪਾਂ ਉਥੇ ਮਿਲਦੇ ਆਂ।"

ਇਸ ਪਿੱਛੋਂ ਉਨ੍ਹਾਂ ਤਾਰੀਖ ਤੈਅ ਕਰ ਲਈ। ਮਿੱਥੇ ਦਿਨ ਸੈਫਉਲਾ ਚੁੱਪ-ਚੁਪੀਤੇ ਕਰਾਚੀ ਤੋਂ ਥਾਈਲੈਂਡ ਲਈ ਫਲਾਈਟ ਲੈ ਕੇ ਜਹਾਜ਼ 'ਚ ਜਾ ਬੈਠਾ। ਜਹਾਜ਼ ਬੈਂਕਾਕ ਪਹੁੰਚਿਆ ਤਾਂ ਉਹ ਹੋਰਨਾਂ ਦੇ ਨਾਲ ਪੌੜੀ ਰਾਹੀਂ ਜਹਾਜ਼ ਤੋਂ ਹੇਠਾਂ ਉਤਰਿਆ। ਹੇਠਾਂ ਸਕਿਉਰਟੀ ਵਾਲੇ ਨੇ ਉਸ ਨਾਲ ਗੱਲ ਕਰਨ ਲਈ ਉਸ ਨੂੰ ਜ਼ਰਾ ਪਾਸੇ ਬੁਲਾ ਲਿਆ। ਅਗਲੇ ਹੀ ਪਲ ਕੋਲ ਖੜ੍ਹੀ ਵੈਨ 'ਚੋਂ ਕੁਝ ਬੰਦੇ ਉਤਰੇ ਤੇ ਉਨ੍ਹਾਂ ਬੋਚ ਕੇ ਸੈਫਉਲਾ ਨੂੰ ਆਪਣੇ ਨਾਲ ਬਿਠਾ ਲਿਆ। ਕਿਸੇ ਨੂੰ ਭਿਣਕ ਵੀ ਨਾ ਲੱਗੀ ਕਿ ਉਥੇ ਕੀ ਹੋਇਆ। ਉਹ ਅਸਲ ਵਿਚ ਐਫ.ਬੀ.ਆਈ. ਵਾਲੇ ਸਨ। ਉਨ੍ਹਾਂ ਨੇ ਹੀ ਚਾਰਲਸ ਨੂੰ ਡਰਾ ਧਮਕਾ ਕੇ ਆਪਣੀ ਮਦਦ ਲਈ ਮਨਾਇਆ ਸੀ। ਇਹ ਸਾਰਾ ਡਰਾਮਾ ਚਾਰਲਸ ਤੋਂ ਸੈਫਉਲਾ ਨੂੰ ਬੈਂਕਾਕ ਲਿਆਉਣ ਲਈ ਕਰਵਾਇਆ ਗਿਆ। ਅਗਲੇ ਹੀ ਦਿਨ ਸੈਫਉਲਾ ਪਰਾਚਾ ਨੂੰ ਹੋਰਨਾਂ ਵਾਂਗ ਅਫਗਾਨਿਸਤਾਨ ਦੀਆਂ ਗੁਪਤ ਜੇਲ੍ਹਾਂ 'ਚ ਪਹੁੰਚਾ ਦਿੱਤਾ ਗਿਆ। ਉਧਰ ਉਸ ਦੇ ਪਰਿਵਾਰ ਅਤੇ ਜਾਣ-ਪਛਾਣ ਵਾਲੇ ਹੈਰਾਨ ਰਹਿ ਗਏ ਕਿ ਸੈਫਉਲਾ ਗਿਆ ਤਾਂ ਗਿਆ ਕਿੱਧਰ!

ਇਸੇ ਦੌਰਾਨ ਐਫ.ਬੀ.ਆਈ. ਦੇ ਹੱਥ ਅਜਿਹਾ ਬੰਦਾ ਆ ਗਿਆ ਜਿਸ ਨੇ ਸਾਰਾ ਰਿੰਗ ਹੀ ਤੋੜ ਦਿੱਤਾ। ਇਹ ਸੀ ਫਾਰਸੀ ਨਾਂ ਦਾ ਟਰੱਕ ਡਰਾਈਵਰ ਜੋ ਸ਼ਿਕਾਗੋ ਰਹਿੰਦਾ ਸੀ। ਇਹ ਮਾਜਿਦ ਖਾਂ ਦਾ ਦੋਸਤ ਸੀ ਜਿਸ ਦਾ ਭੇਤ ਮਜੀਦ ਖਾਂ ਦੀ ਇੰਟੈਰੋਗੇਸ਼ਨ ਵੇਲੇ ਹੀ ਮਿਲਿਆ। ਜਿੰਨਾ ਵੱਡਾ ਇਹ ਅਲਕਾਇਦਾ ਦਾ ਸੋਰਸ ਸੀ, ਉਨਾ ਹੀ ਵੱਡਾ ਇਹ ਪਜ਼ਲ ਨਿਕਲਿਆ। ਇਸ ਨੇ ਇੰਟੈਰੋਗੇਸ਼ਨ ਦਾ ਇੱਕ ਦੌਰ ਵੀ ਨਾ ਝੱਲਿਆ ਅਤੇ ਉਹ ਐਫ.ਬੀ.ਆਈ. ਦੀ ਹਰ ਕਿਸਮ ਦੀ ਮਦਦ ਕਰਨਾ ਮੰਨ ਗਿਆ। ਐਫ.ਬੀ.ਆਈ. ਸ਼ਾਇਦ ਉਸ ਦੀਆਂ ਗੱਲਾਂ ਨਾ ਮੰਨਦੀ ਪਰ ਜਦੋਂ ਉਸ ਨੇ ਕਿਹਾ ਕਿ ਉਹ ਕੇ.ਐਸ.ਐਮ. ਦੇ ਭਤੀਜੇ ਅਲੀ ਨੂੰ ਫੜਵਾ ਸਕਦਾ ਹੈ ਤਾਂ ਐਫ.ਬੀ.ਆਈ. ਵਾਲਿਆਂ ਦੀਆਂ ਵਾਛਾਂ ਖਿਲਰ ਗਈਆਂ। ਉਸ ਨੂੰ ਕਿਸੇ ਗੁਪਤ ਘਰ 'ਚ ਲਿਜਾ ਕੇ ਅਲੀ ਨਾਲ ਰਾਬਤਾ ਕਾਇਮ ਰੱਖਣ ਨੂੰ ਕਿਹਾ ਗਿਆ। ਥੋੜ੍ਹੀ ਹੀ ਦੇਰ ਪਿੱਛੋਂ ਜਦੋਂ ਉਸ ਨੇ ਦੱਸਿਆ ਕਿ ਅਲੀ ਪਾਕਿਸਤਾਨ 'ਚ ਬੈਠਾ ਉਥੇ ਦੀ ਅਮਰੀਕਨ ਅੰਬੈਸੀ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ ਤਾਂ ਐਫ.ਬੀ.ਆਈ. ਇੱਕ ਦਮ ਹਰਕਤ ਵਿਚ ਆ ਗਈ।

ਜਦੋਂ ਐਫ.ਬੀ.ਆਈ. ਦੀ ਟੀਮ ਨੇ ਪਾਕਿਸਤਾਨੀ ਪੁਲਿਸ ਫੋਰਸ ਨਾਲ ਉਸ ਘਰ ਨੂੰ ਘੇਰਾ ਪਾਇਆ ਜਿੱਥੇ ਅਲੀ ਅਮਰੀਕਨ ਅੰਬੈਸੀ ਉਪਰ ਸੁੱਟਣ ਵਾਲੇ ਬੰਬ ਨੂੰ ਬਣਾਉਣ 'ਚ ਰੁੱਝਿਆ ਹੋਇਆ ਸੀ ਤਾਂ ਉਦੋਂ ਹੀ ਅਲੀ ਅਤੇ ਉਸ ਦੇ ਸਾਥੀ ਨੇ ਪੁਲਿਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਧਰੋਂ ਪੁਲਿਸ ਨੇ ਵੀ ਗੋਲੀਬਾਰੀ ਸ਼ੁਰੂ ਕਰ ਦਿੱਤੀ। ਕੁਝ ਮਿੰਟ ਹੀ ਬੀਤੇ ਸਨ ਕਿ ਉਦੋਂ ਨੂੰ ਆਈ.ਐਸ.ਆਈ. ਦਾ ਹਥਿਆਰਬੰਦ ਦਸਤਾ ਆ ਪਹੁੰਚਿਆ। ਉਹ ਸ਼ਾਇਦ ਲੇਟ ਹੋ ਜਾਣ ਕਾਰਨ ਸਿਰ ਮਾਰ ਰਹੇ ਸਨ। ਇੰਨੇ ਨੂੰ ਅੰਦਰੋਂ ਅਲੀ ਦੀ ਆਵਾਜ਼ ਆਈ ਕਿ ਉਹ ਕੁਝ ਦੇਰ ਲਈ ਗੋਲੀਬੰਦੀ ਕਰ ਦੇਣ ਤਾਂ ਕਿ ਅੰਦਰ

## ਕਹਾਣੀ

# ਕੀ ਤੁਸੀਂ ਕਦੇ ਸਰਦਾਰ ਭਿਖਾਰੀ ਦੇਖਿਆ ਹੈ?

*ਇਹ ਕੋਈ ਕਹਾਣੀ ਨਹੀਂ, ਹਾਅ ਦਾ ਨਾਅਰਾ ਹੈ; ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਪਲਾਂ ਵਿਚ ਵੀ ਮਨੁੱਖਤਾ ਬਚੇ ਰਹਿਣ ਦਾ ਕੋਈ ਸਬੂਤ ਹੈ। 'ਕੀ ਤੁਸੀਂ ਕਦੇ ਸਰਦਾਰ ਭਿਖਾਰੀ ਦੇਖਿਆ ਹੈ?' ਨਾਂ ਦੀ ਇਸ ਹਿੰਦੀ ਕਹਾਣੀ ਵਿਚ ਲੇਖਕ ਸਵੈਮ ਪ੍ਰਕਾਸ਼ ਨੇ ਔਖੇ ਵੇਲਿਆਂ ਵਿਚ ਤੂਫਾਨ ਵਾਂਗ ਆਉਂਦੇ ਦਰਦਾਂ ਨੂੰ ਜ਼ੁਬਾਨ ਦਿੱਤੀ ਹੈ। ਦਹਿਸ਼ਤ ਵਿਚ ਘੁਲੇ ਇਹ ਦਰਦ ਜਦੋਂ ਦਸਤਕ ਦਿੰਦੇ ਹਨ, ਉਦੋਂ ਬੰਦੇ-ਕੁਬੰਦੇ ਦੀ ਪਛਾਣ ਵੀ ਹੋ ਜਾਂਦੀ ਹੈ। ਸਵੈਮ ਪ੍ਰਕਾਸ਼ ਨੇ ਇਹ ਕਹਾਣੀ ਇਸ ਢੰਗ ਨਾਲ ਬੁਣੀ ਹੈ ਕਿ ਕਹਾਣੀ ਪੜ੍ਹਦਿਆਂ ਪਾਠਕ ਖੁਦ ਉਸ ਹਾਲਾਤ ਵਿਚੋਂ ਲੰਘਦਾ ਮਹਿਸੂਸ ਕਰਦਾ ਹੈ। -ਸੰਪਾਦਕ*

**ਸਵੈਮ ਪ੍ਰਕਾਸ਼**

ਪਹਿਲੀ ਤਾਰੀਖ ਦੀ ਸ਼ਾਮ ਅਜਮੇਰ ਤੋਂ ਰਵਾਨਾ ਹੋ ਕੇ ਅਸੀਂ ਦੋ ਦੀ ਸਵੇਰ ਸਾਢੇ ਪੰਜ ਵਜੇ ਦਿੱਲੀ ਪਹੁੰਚੇ। ਨਿਜ਼ਾਮੂਦੀਨ ਤੋਂ ਪੌਣੇ ਸੱਤ ਵਜੇ ਗੱਡੀ ਫੜਨੀ ਸੀ ਅਤੇ ਕੁਲੀਆਂ ਨੇ ਦੱਸਿਆ ਕਿ ਅੱਜ ਰਿਕਸ਼ਾ-ਟੈਕਸੀ ਕੁਝ ਨਹੀਂ ਚੱਲ ਰਿਹਾ। ਇਸ ਲਈ ਅਸੀਂ ਛੱਤੀਸਗੜ੍ਹ ਐਕਸਪ੍ਰੈਸ ਰਾਹੀਂ ਨਵੀਂ ਦਿੱਲੀ ਤੱਕ ਆਏ। ਉਥੇ ਰੇਲ ਦੇ ਡਰਾਈਵਰ ਨੇ ਦੱਸਿਆ ਕਿ ਪਹਿਲਾਂ ਡੀਜ਼ਲ ਭਰਿਆ ਜਾਵੇਗਾ। ਸੋ, ਪੌਣੇ ਸੱਤ ਵਜੇ ਤੱਕ ਨਿਜ਼ਾਮੂਦੀਨ ਨਹੀਂ ਪਹੁੰਚ ਸਕਦੇ। ਮੈਂ ਸਾਰਾ ਸਾਮਾਨ ਕੁਲੀ ਤੋਂ ਬਾਹਰ ਕਢਵਾਇਆ। ਬਾਹਰ ਵੀ ਬਹੁਤ ਘੱਟ ਟੈਕਸੀਆਂ ਸਨ। ਜਿਹੜੀਆਂ ਸਨ, ਉਨ੍ਹਾਂ ਦੇ ਡਰਾਈਵਰਾਂ ਦਾ ਕੋਈ ਪਤਾ ਨਹੀਂ ਸੀ। ਜਿਹੜੇ ਡਰਾਈਵਰ ਸਨ, ਉਹ ਐਨੀ ਜਲਦੀ ਨਿਜ਼ਾਮੂਦੀਨ ਜਾਣ ਲਈ ਤਿਆਰ ਨਹੀਂ ਸਨ। ਬੜੀ ਮੁਸ਼ਕਿਲ ਨਾਲ ਇਕ ਆਟੋ ਰਿਕਸ਼ਾ ਪੰਜਾਹ ਰੁਪਏ 'ਚ ਤਿਆਰ ਹੋਇਆ। ਅਸੀਂ ਬੈਠੇ ਤੇ ਆਟੋ ਰਿਕਸ਼ਾ ਚੱਲ ਪਿਆ।

ਸਵੇਰੇ ਸਵੇਰੇ ਨਵੀਂ ਦਿੱਲੀ ਬਹੁਤ ਖ਼ੂਬਸੂਰਤ ਲੱਗ ਰਹੀ ਸੀ ਜਿੰਨੀ ਹਮੇਸ਼ਾ ਲੱਗਦੀ ਹੈ। ਦੁਨੀਆਂ ਦੀਆਂ ਸਭ ਤੋਂ ਖ਼ੂਬਸੂਰਤ ਰਾਜਧਾਨੀਆਂ ਵਿਚੋਂ ਇਕ। ਕਨਾਟ ਪਲੇਸ ਕੋਲੋਂ ਲੰਘਦਿਆਂ ਮੈਨੂੰ ਪਲ ਭਰ ਲਈ ਅਨੁਭਵ ਹੋਇਆ ਜਿਵੇਂ ਕੋਈ ਨੌਜਵਾਨ ਕਿਸੇ ਲੜਕੀ ਦਾ ਜਿਸਮ ਪਹਿਲੀ ਵਾਰ ਵੇਖ ਰਿਹਾ ਹੋਵੇ। ਦਿੱਲੀ ਦੇ ਜਿਸਮ 'ਤੇ ਉਸ ਸਮੇਂ ਕੋਈ ਝਰੀਟ, ਜ਼ਖ਼ਮ ਜਾਂ ਫੋੜਾ ਮੈਨੂੰ ਨਜ਼ਰ ਨਹੀਂ ਆਇਆ।

ਪਹੁੰਚੇ ਹੀ ਸੀ ਕਿ ਹਾਰਨ ਵੱਜਿਆ। ਬੱਚੀ ਨੂੰ ਗੋਦੀ ਚੁੱਕੀ ਪਤਨੀ ਪੁਲ ਵੱਲ ਭੱਜੀ। ਪਿੱਛੇ ਪਿੱਛੇ ਕੁਲੀ ਤੇ ਮੈਂ। ਭੱਜਦਿਆਂ ਭੱਜਦਿਆਂ ਗੱਡੀ ਫੜੀ। ਜਿਹੜਾ ਡੱਬਾ ਸਾਹਮਣੇ ਆ ਗਿਆ, ਉਸੇ 'ਚ ਵੜ ਗਏ। ਇਹ ਪੂਰੀ ਕੋਚ ਸੀ ਸਾਡਾ ਰਿਜ਼ਰਵੇਸ਼ਨ ਰਿਓੜਕੇਲਾ ਕੋਚ 'ਚ ਸੀ। ਸੋਚਿਆ, ਮਥਰਾ ਬਦਲ ਲਵਾਂਗੇ।

ਡੱਬਾ ਜਿਹੜਾ ਸਦਾ ਸਵਾਰੀਆਂ ਨਾਲ ਭਰਿਆ ਰਹਿੰਦਾ ਸੀ, ਅੱਜ ਤਕਰੀਬਨ ਖਾਲੀ ਸੀ। ਅਸੀਂ ਆਪਣੀ ਇੱਛਾ ਅਨੁਸਾਰ ਵਿਚਕਾਰਲੀਆਂ ਦੋ ਬਰਥਾਂ ਲੈ ਲਈਆਂ। ਉਹ ਸੀਟਾਂ ਦੇਣ 'ਚ ਟੀ.ਟੀ. ਨੂੰ ਵੀ ਕੋਈ ਖਾਸ ਤਕਲੀਫ ਨਹੀਂ ਹੋਈ।

ਸਾਡੇ ਸਾਹਮਣੇ ਵਾਲੇ ਬਰਥ 'ਤੇ ਇਕ ਸਰਦਾਰ ਜੀ ਬੈਠੇ ਸਨ। ਦੇਖਣ ਨੂੰ ਬੁੱਢੇ ਤੇ ਥੱਕੇ ਹੋਏ। ਸੱਤਰ ਕੁ ਸਾਲ ਦੀ ਉਮਰ ਹੋਵੇਗੀ। ਲੱਗ ਰਿਹਾ ਸੀ ਜਿਵੇਂ ਬਿਮਾਰ ਹੋਣ। ਪੱਗ ਦਾ ਬੁਰਾ ਹਾਲ ਸੀ, ਪੈਂਟ ਗੰਦੀ ਸੀ। ਬੱਸ ਚੁੱਪ-ਚਾਪ ਪਏ ਹੋਏ ਸਨ। ਉਨ੍ਹਾਂ ਸਾਡੇ ਵੱਲ ਦੇਖਿਆ ਵੀ ਨਹੀਂ। ਸਾਡੀ ਬੱਚੀ ਨੇ ਕਿਲਕਾਰੀਆਂ ਮਾਰੀਆਂ, ਹੱਥ ਪੈਰ ਹਿਲਾਏ। ਆਂਡੇ ਵਰਗਾ ਮੂੰਹ ਗੋਲ ਕਰ ਕੇ ਬਾਬਾ! ਬਾਬਾ! ਕਿਹਾ। ਉਸ ਨੇ ਬੱਚੀ ਵੱਲ ਵੀ ਨਹੀਂ ਵੇਖਿਆ।

ਨਾਲ ਵਾਲੀ ਬਰਥ 'ਤੇ ਪੰਜ-ਛੇ ਆਦਮੀ ਅਖ਼ਬਾਰ, ਵੰਡ ਕੇ ਪੜ੍ਹ ਰਹੇ ਸਨ। ਕਾਲੇ ਹਾਸ਼ੀਏ ਵਾਲਾ ਅਖ਼ਬਾਰ। ਤਸਵੀਰਾਂ, ਸ਼ਰਧਾਂਜਲੀਆਂ ਅਤੇ ਸਦਮੇ ਦੀ ਸਨਸਨੀ ਨਾਲ ਭਰਿਆ ਹੋਇਆ। ਸੱਜੇ ਪਾਸੇ ਭਾਰੀ ਆਵਾਜ਼ ਵਾਲਾ ਇਕ ਸਭਿਅਕ ਬੰਦਾ ਆਪਣੀ ਧੀ ਨਾਲ ਸਫ਼ਰ ਕਰ ਰਿਹਾ ਸੀ ਅਤੇ ਇਸ ਸਮੇਂ ਵਿਦੇਸ਼ਾਂ 'ਚ ਵਸੇ ਆਪਣੇ ਕੁਝ ਰਿਸ਼ਤੇਦਾਰਾਂ ਬਾਰੇ ਅੰਗਰੇਜ਼ੀ 'ਚ ਗੱਲ ਕਰ ਰਿਹਾ ਸੀ। ਹਾਲਾਂਕਿ ਇਸ 'ਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਸੀ, ਪਰ ਮੈਨੂੰ ਹੈਰਾਨੀ ਹੋਈ ਕਿ ਇਹ ਲੋਕ ਉਹ ਗੱਲ ਕਿਉਂ ਨਹੀਂ ਕਰ ਰਹੇ ਜੋ ਇਸ ਸਮੇਂ ਸਭ ਕਰ ਰਹੇ ਹਨ।

ਮਥਰਾ ਬਹੁਤ ਦੇਰ ਨਾਲ ਆਇਆ। ਉਥੇ ਕੁਝ ਵੀ ਨਹੀਂ ਸੀ। ਨਾ ਚਾਹ, ਨਾ ਨਾਸ਼ਤਾ। ਨਾ ਸਿਗਰਟ, ਨਾ ਅਖ਼ਬਾਰ। ਨਾ ਕੁਲੀ, ਨਾ ਮੁਸਾਫ਼ਿਰ। ਜਿਵੇਂ ਸਟੇਸ਼ਨ 'ਤੇ ਕਰਫਿਊ ਲੱਗਿਆ ਹੋਵੇ। ਅਸੀਂ ਬੱਚੀ ਲਈ ਥਰਮਸ 'ਚ ਪਾਣੀ ਭਰਵਾਉਣਾ ਸੀ ਗਰਮ। ਉਹ ਸਾਨੂੰ ਦੋ ਦਿਨ ਅਤੇ ਇਕ ਰਾਤ ਦੇ ਸਫ਼ਰ ਦੌਰਾਨ ਕਿਤੇ ਨਹੀਂ ਮਿਲਣਾ ਸੀ।

ਘੁੰਮ-ਘੁੰਮ ਮੈਂ ਵਾਪਸ ਡੱਬੇ 'ਚ ਆ ਗਿਆ ਤੇ ਪਤਨੀ ਨੂੰ ਕਿਹਾ ਕਿ ਚੰਗਾ ਕੀਤਾ, ਆਪਾਂ ਰਿਓੜਕੇਲਾ ਕੋਚ ਦੇ ਰਿਜ਼ਰਵੇਸ਼ਨ ਦੇ ਚੱਕਰ 'ਚ ਨਹੀਂ ਪਏ। ਫਿਰ ਹੇਠਾਂ ਉਤਰ ਕੇ ਘੁੰਮਣ ਲੱਗਿਆ। ਅਚਾਨਕ ਪੰਜਾਹ-ਸੱਠ ਮੁੰਡਿਆਂ ਦੀ ਭੀੜ ਨਾਅਰੇ ਲਾਉਂਦੀ ਹੋਈ ਸਟੇਸ਼ਨ 'ਚ ਦਾਖ਼ਲ ਹੋਈ। ਕਈਆਂ ਦੇ ਹੱਥਾਂ 'ਚ ਡੰਡੇ ਸਨ। ਉਨ੍ਹਾਂ ਨੇ ਹਰ ਡੱਬੇ ਨੂੰ ਖਿੜਕੀ ਰਾਹੀਂ ਬਾਹਰੋਂ ਦੇਖਿਆ ਅਤੇ ਰੇਲਵੇ ਪੁਲਿਸ ਦੇ ਸਮਝਾਉਣ 'ਤੇ ਰੌਲਾ ਪਾਉਂਦੇ ਸਟੇਸ਼ਨ 'ਚੋਂ ਬਾਹਰ ਹੋ ਗਏ। ਲੇਕਿਨ ਜਾਣ ਤੋਂ ਪਹਿਲਾਂ ਇਕ ਲੜਕੇ ਨੇ ਸਾਡੇ ਡੱਬੇ ਕੋਲ ਆ ਕੇ ਖਿੜਕੀ ਰਾਹੀਂ ਸਰਦਾਰ ਜੀ ਨੂੰ ਗਾਲਾਂ ਕੱਢੀਆਂ, ਗੱਦਾਰ ਕਿਹਾ ਅਤੇ ਨਾਲ ਇਹ ਵੀ ਕਿਹਾ ਕਿ ਵਿਚਕਾਰੋਂ ਚੀਰ ਕੇ ਰੱਖ ਦੇਵਾਂਗਾ। ਫਿਰ ਚਲਾ ਗਿਆ। ਮੈਂ ਸੋਚਿਆ ਇਹ ਕੱਲ੍ਹ ਦੇ ਮੁੰਡੇ...। ਡੱਬੇ 'ਚ ਆ ਕੇ ਬੈਠ ਗਿਆ। ਬੱਚੀ ਖਿੜਕੀ ਨਾਲ ਖੜ੍ਹੀ ਖੇਡ ਰਹੀ ਸੀ ਅਤੇ ਨਾਅਰੇ ਲਾਉਣ ਵਾਲਿਆਂ ਦੀ ਨਕਲ 'ਚ ਹਾ...ਹੋ...ਹੋ...ਕਰ ਰਹੀ ਸੀ। ਅਸੀਂ ਪਤੀ ਪਤਨੀ ਉਸ ਦੀਆਂ ਹਰਕਤਾਂ ਦਾ ਸੁਆਦ ਲੈ ਰਹੇ ਸੀ।

"ਮੈਂ ਲੈਟਰੀਨ 'ਚ ਬੰਦ ਹੋ ਜਾਂਦਾ ਹਾਂ।" ਅਚਾਨਕ ਸਰਦਾਰ ਜੀ ਨੇ ਮੈਨੂੰ ਕਿਹਾ। ਉਹ ਪ੍ਰੇਸ਼ਾਨ ਲੱਗ ਰਿਹਾ ਸੀ। ਮੈਂ ਉਸ ਦੇ ਚਿਹਰੇ ਵੱਲ ਦੇਖਿਆ। ਜੋ ਉਨ੍ਹਾਂ ਕਿਹਾ ਸੀ, ਉਹ ਮੇਰੇ ਸਿਰ 'ਚ ਵੱਜਿਆ ਤੇ ਮੈਂ ਹਿੱਲ ਗਿਆ। ਮੈਂ ਜ਼ੋਰ ਨਾਲ ਕਿਹਾ, "ਕੁਝ ਨਹੀਂ ਹੋਵੇਗਾ ਸਰਦਾਰ ਜੀ, ਤੁਸੀਂ ਚਿੰਤਾ ਨਾ ਕਰੋ। ਸਾਡੇ ਹੁੰਦਿਆਂ ਤੁਹਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ। ਇਹ ਤਾਂ ਮੁੰਡ੍ਹੀਰ ਏ, ਕਿਉਂ ਫਿਕਰ ਕਰਦੇ ਹੋ।"

ਉਹ ਆਪਣੀ ਮੈਲੀ ਚਾਦਰ ਮੂੰਹ ਤੇ ਲੈ ਕੇ ਪੈ ਗਿਆ।

ਬੱਸ ਇਹੀ ਇਕ ਸ਼ਬਦ ਸੀ ਜੋ ਪੂਰੇ ਦਿਨ 'ਚ ਉਸ ਨੇ ਬੋਲਿਆ ਸੀ।

ਉਸ ਨੂੰ ਵਿਸ਼ਵਾਸ ਦਿਵਾ ਕੇ ਮੇਰੇ ਦਿਮਾਗ 'ਚ ਥੋੜ੍ਹਾ ਜਿਹਾ ਤਣਾਓ ਪੈਦਾ ਹੋਇਆ ਕਿ ਕੋਈ ਕਿਉਂ ਆਪਣੇ-ਆਪ ਨੂੰ ਲੈਟਰੀਨ 'ਚ ਬੰਦ ਕਰੇਗਾ? ਕਿਉਂ? ਪਰ ਜਿਵੇਂ ਜਿਵੇਂ ਟਰੇਨ ਅੱਗੇ ਵਧੀ, ਤਣਾਓ ਵੀ ਵਧਦਾ ਗਿਆ।

ਆਗਰਾ ਸਟੇਸ਼ਨ ਇਕਦਮ ਖਾਲੀ ਸੀ। ਗਵਾਲੀਅਰ 'ਚ ਕਰਿਫਊ ਲੱਗਿਆ ਹੋਇਆ ਸੀ। ਬੱਚੀ ਦੁੱਧ ਲਈ ਰੋ ਰਹੀ ਸੀ। ਅਸੀਂ ਸਵੇਰ ਦੀ ਚਾਹ ਵੀ ਨਹੀਂ ਸੀ ਪੀਤੀ। ਮੇਰੀਆਂ ਸਿਗਰਟਾਂ ਖ਼ਤਮ ਹੋਣ ਕਿਨਾਰੇ ਸਨ ਅਤੇ ਖਾਣਾ? ਅਸੀਂ ਸੋਚਿਆ ਦਿੱਲੀ ਜਿਉਂ ਜਿਉਂ ਦੂਰ ਹੁੰਦੀ ਜਾਵੇਗੀ, ਸਭ ਕੁਝ ਸ਼ਾਂਤ ਅਤੇ ਸਹਿਜ ਹੁੰਦਾ ਜਾਵੇਗਾ, ਪਰ ਝਾਂਸੀ ਆਉਂਦਿਆਂ ਹੀ ਦੂਰੋਂ ਕਈ ਥਾਂਵਾਂ ਤੋਂ ਧੂੰਆਂ ਨਿਕਲਦਾ ਦੇਖਿਆ ਅਤੇ ਆਊਟਰ ਸਿਗਨਲ 'ਤੇ ਭੀੜ ਵੀ ਦੇਖੀ। ਮੈਂ ਸਰਦਾਰ ਜੀ ਨੂੰ ਕਿਹਾ, "ਤੁਸੀਂ ਉਪਰ ਵਾਲੀ ਸੀਟ 'ਤੇ ਚਾਦਰ ਨਾਲ ਮੂੰਹ ਲੁਕੋ ਕੇ ਸੌਂ ਜਾਵੋ।" ਤੇ ਇਕ ਨੂੰ ਛੱਡ ਕੇ ਸਾਰੀਆਂ ਖਿੜਕੀਆਂ ਬੰਦ ਕਰ ਲਈਆਂ।

ਲੇਕਿਨ ਸਟੇਸ਼ਨ 'ਤੇ ਕੋਈ ਤਣਾਓ ਨਹੀਂ ਸੀ। ਉਥੇ ਚਾਹ ਵੀ ਮਿਲ ਰਹੀ ਸੀ। ਮੈਂ ਪਲੇਟਫਾਰਮ 'ਤੇ ਖੜ੍ਹੇ ਨੇ ਸਰਦਾਰ ਜੀ ਨੂੰ ਕਿਹਾ, "ਹੇਠਾਂ ਆ ਜਾਓ। ਡਰਨ ਦੀ ਕੋਈ ਗੱਲ ਨਹੀਂ।" ਉਸ ਦਾ ਸਾਰਾ ਸਰੀਰ ਚਾਦਰ ਨਾਲ ਢਕਿਆ ਹੋਇਆ ਸੀ, ਸਿਰਫ਼ ਅੱਖਾਂ ਖੁੱਲ੍ਹੀਆਂ ਸਨ ਜਿਨ੍ਹਾਂ 'ਚ ਦਹਿਸ਼ਤ ਭਰੀ ਹੋਈ ਸੀ। ਜਿਵੇਂ ਕਿਸੇ ਸੁਰੰਗ 'ਚ ਦੇਖਦਿਆਂ ਕਿਸੇ ਡਰੇ ਹੋਏ ਪਸ਼ੂ ਦੀਆਂ ਦੋ ਅੱਖਾਂ। ਉਹ ਹਿੱਲੇ ਤੱਕ ਨਹੀਂ। ਹੇਠਾਂ ਵੀ ਨਹੀਂ ਉਤਰੇ, ਪਰ ਦੇਖਿਆ ਜਾਵੇ ਤਾਂ ਠੀਕ ਹੀ ਕੀਤਾ ਕਿ ਉਹ ਨਹੀਂ ਉਤਰੇ; ਕਿਉਂਕਿ ਥੋੜ੍ਹੀ ਦੇਰ ਬਾਅਦ ਫਿਰ ਭੀੜ ਨਾਅਰੇ ਮਾਰਦੀ ਪਲੇਟਫਾਰਮ 'ਤੇ ਆ ਗਈ। ਭੀੜ ਵਿਚ ਅਧਖੜ ਵੀ ਸਨ, ਨੌਜਵਾਨ ਵੀ ਅਤੇ ਦਸ ਬਾਰਾਂ ਸਾਲ ਦੇ ਮੁੰਡੇ ਵੀ। ਕਈਆਂ ਦੇ ਹੱਥਾਂ 'ਚ ਡਾਂਗਾਂ, ਕਈਆਂ ਦੇ ਹੱਥਾਂ 'ਚ ਕੁਹਾੜੀਆਂ, ਇਕ-ਦੋ ਦੇ ਹੱਥਾਂ 'ਚ ਪੈਟਰੋਲ ਦੀਆਂ ਬੋਤਲਾਂ ਲੱਗਦੀਆਂ ਸਨ।

"ਸ...ਰ...ਦਾ...ਰ! ਨਿਕਲ ਬਾਹਰ ਤੇਰੀ...।" ਕੋਈ ਡੱਬੇ ਦੀਆਂ ਕੰਧਾਂ ਨੂੰ ਹੀ ਪਿੱਟ ਰਿਹਾ ਸੀ।

ਦੇਖਦੇ ਦੇਖਦੇ ਭੀੜ ਸਾਡੇ ਡੱਬੇ ਵਿਚ ਦੋਹਾਂ ਪਾਸਿਆਂ ਤੋਂ ਵੜ ਗਈ। ਹਰ ਸੀਟ, ਸੀਟ ਦੇ ਹੇਠਾਂ ਏਧਰ ਉਧਰ ਝਾਕਦਿਆਂ ਸਭ ਨੂੰ ਪੁੱਛਣ ਲੱਗੀ, "ਕੋਈ ਸਰਦਾਰ ਤਾਂ ਨਹੀਂ?" ਉਨ੍ਹਾਂ ਨੇ ਡੱਬੇ ਦੇ ਅੰਦਰ ਵੜਦਿਆਂ ਹੀ ਪਹਿਲਾ ਕੰਮ ਇਹ ਕੀਤਾ ਕਿ ਸਾਰੇ ਟਾਇਲਟ ਚੈਕ ਕੀਤੇ ਅਤੇ ਸਾਰਿਆਂ ਦੀਆਂ ਅੰਦਰੋਂ ਚਿਟਕਣੀਆਂ ਤੋੜ ਦਿੱਤੀਆਂ। ਹੁਣ ਉਹ ਸਾਡੇ ਵੱਲ ਆ ਰਹੇ ਸਨ। ਸਰਦਾਰ ਜੀ ਵਾਲੀ ਸੀਟ ਕੋਲ ਪਹੁੰਚੇ ਹੀ ਸਨ ਕਿ ਉਸੇ ਵੇਲੇ ਰੇਲਵੇ ਪੁਲਿਸ ਆ ਗਈ ਅਤੇ ਉਸ ਨੇ ਸਾਰਿਆਂ ਨੂੰ ਡੱਬੇ ਵਿਚੋਂ ਬਾਹਰ ਕੱਢ ਦਿੱਤਾ।

ਪਲੇਟਫਾਰਮ ਦੇ ਬਾਹਰ ਰੇਲਵੇ ਵਾਲਿਆਂ ਦੇ ਕੁਆਰਟਰ ਸਨ। ਬਗੀਚੀ ਨਾਲ ਲਗਦੇ ਕੁਆਰਟਰ ਉਤੇ ਭੀੜ ਨੇ ਹੱਲਾ ਬੋਲ ਦਿੱਤਾ। ਸਭ ਕੁਝ ਤੋੜ ਕੇ ਅੱਗ ਲਾ ਦਿੱਤੀ।

ਮੁਸਾਫਿਰ ਤਮਾਸ਼ਾ ਦੇਖ ਰਹੇ ਸਨ ਅਤੇ ਮਨ ਹੀ ਮਨ ਦੁਆ ਕਰ ਰਹੇ ਸਨ ਕਿ ਛੇਤੀ-ਛੇਤੀ ਗੱਡੀ ਤੁਰੇ। ਤੇ ਉਸੇ ਸਮੇਂ ਗੱਡੀ ਚੱਲ ਪਈ। ਸਰਦਾਰ ਜੀ ਹੁਣ ਵੀ ਉਸੇ ਤਰ੍ਹਾਂ ਉਥੇ ਹੀ ਪਏ ਸਨ। ਕੁਝ ਦੇਰ ਬਾਅਦ ਕੋਈ ਕਿਸੇ ਨੂੰ ਕਹਿ ਰਿਹਾ ਸੀ, "ਵਿਚਾਰੇ ਦਾ ਹਾਰਟ ਫੇਲ੍ਹ ਹੀ ਨਾ ਹੋ ਜਾਵੇ।"

ਅਗਲੇ ਸਟੇਸ਼ਨ 'ਤੇ ਫਿਰ ਉਹੀ ਨਜ਼ਾਰਾ ਸੀ। ਆਊਟਰ ਤੇ ਗੱਡੀ ਰੁਕੀ ਰਹੀ। ਸਾਹਮਣੇ ਇਕ ਮਕਾਨ ਵਿਚੋਂ ਕਾਲਾ ਗੂੜ੍ਹਾ ਧੂੰਆਂ ਉਠ ਰਿਹਾ ਸੀ। ਸੋਫਾ ਸੈੱਟ, ਪਲੰਘ, ਕੁਰਸੀਆਂ, ਗੱਦੇ, ਬਿਸਤਰੇ, ਕਿਸੇ ਬੱਚੇ ਦੀ ਟਰਾਈ-ਸਾਈਕਲ, ਹਾਕੀ...ਸੜ ਰਹੇ ਸਨ, ਤੇ ਦੂਰ ਖੜ੍ਹੇ ਤਮਾਸ਼ਾ ਦੇਖਦੇ ਅਨੇਕ ਆਦਮੀ ਔਰਤਾਂ ਬੱਚੇ।

ਸਾਰਾ ਦਿਨ ਇਸੇ ਡਰ 'ਚ ਸਹਿਮੇ ਹੋਏ ਗੁਜ਼ਰਿਆ। ਸਾਰਾ ਦਿਨ ਸਰਦਾਰ ਜੀ ਚੁੱਪ-ਚਾਪ ਪਏ ਰਹੇ। ਸਾਰਾ ਦਿਨ ਦਵਾਈ ਦੀਆਂ ਕੁਝ ਗੋਲੀਆਂ ਤੋਂ ਬਿਨਾਂ ਉਨ੍ਹਾਂ ਨੇ ਕੁਝ ਨਹੀਂ ਖਾਧਾ। ਸਾਰਾ ਦਿਨ ਉਦਾਸੀ ਅਤੇ ਮਨਹੂਸੀਅਤ ਦਾ ਆਲਮ ਡੱਬੇ 'ਤੇ ਹਾਵੀ ਰਿਹਾ।

ਲੇਕਿਨ ਰਾਤ ਹੁੰਦੇ-ਹੁੰਦੇ ਹਾਲਾਤ ਹੋਰ ਖ਼ਰਾਬ ਹੋ ਗਏ। ਹੁਣ ਕਿਸੇ ਵੀ ਦੋ ਸਟੇਸ਼ਨਾਂ ਵਿਚਕਾਰ ਗੱਡੀ ਰੋਕ ਲਈ ਜਾਂਦੀ। ਭੀੜ ਡੱਬੇ 'ਚ ਵੜ ਜਾਂਦੀ। ਗਾਲਾਂ ਕੱਢਦੀ। ਡੱਬੇ 'ਤੇ, ਸੀਟਾਂ 'ਤੇ ਡੰਡੇ ਮਾਰਦੀ।...ਭਾਈ ਸਾਹਿਬ ਕੋਈ ਸਰਦਾਰ ਤਾਂ ਨਹੀਂ ਹੈ?...ਪੁੱਛਿਆ ਜਾਂਦਾ।

ਮੈਂ ਕਿਹਾ, "ਸਾਨੂੰ ਡੱਬੇ ਦੇ ਚਾਰੇ ਦਰਵਾਜ਼ੇ ਬੰਦ ਕਰ ਲੈਣੇ ਚਾਹੀਦੇ ਹਨ।

ਤਮਾਸ਼ਾ ਦੇਖਣ ਤੇ ਸੁਆਦ ਲੈਣ ਦੇ ਮਾਰੇ, ਦਰਵਾਜ਼ੇ ਨੇੜੇ ਦੋ ਸਿੰਧੀ ਲੜਕੇ ਬੈਠੇ ਸਨ; ਹਾਲਾਂਕਿ ਡੱਬੇ ਦੇ ਬਾਕੀ ਲੋਕ ਉਦਾਸ ਤੇ ਪ੍ਰੇਸ਼ਾਨ ਸਨ। ਸ਼ਾਇਦ ਸ਼ਰਮਿੰਦਾ ਵੀ। ਸਿੰਧੀਆਂ ਨੇ ਕਿਹਾ ਕਿ ਜੇ ਦਰਵਾਜ਼ਾ ਬੰਦ ਰੱਖਾਂਗੇ ਤਾਂ ਉਨ੍ਹਾਂ ਨੂੰ ਹੋਰ ਸ਼ੱਕ ਪਵੇਗਾ ਤੇ ਉਹ ਪੱਥਰ ਮਾਰਨਗੇ। ਮੈਂ ਕਿਹਾ,"ਮਾਰਨ ਦਿਓ ਪੱਥਰ ਨਾਲ ਡੱਬਾ ਤਾਂ ਨਹੀਂ ਟੁੱਟਣ ਲੱਗਾ। ਖਿੜਕੀਆਂ ਬੰਦ ਰੱਖੋ।" ਇਕ ਨੇ ਕਿਹਾ, "ਉਹ ਖਿੜਕੀਆਂ ਨੂੰ ਅੱਗ ਵੀ ਲਾ ਸਕਦੇ ਹਨ।" ਮੈਂ ਚੁੱਪ ਹੋ ਗਿਆ।

ਨਾਲ ਲਗਦੇ ਡੱਬੇ ਦੇ ਲੋਕ ਗੁੰਮਸੁੰਮ ਸਨ ਅਤੇ ਸ਼ਾਇਦ ਖ਼ੈਰ ਮਨਾ ਰਹੇ ਹੋਣ ਕਿ ਉਹ ਸਰਦਾਰ ਨਹੀਂ ਹਨ; ਜਾਂ ਇਸ ਗੱਲ 'ਤੇ ਪਛਤਾ ਰਹੇ ਹੋਣ ਕਿ ਘਰੋਂ ਨਿਕਲੇ ਹੀ ਕਿਉਂ, ਜਾਂ ਰੇਲ ਵਾਲਿਆਂ ਨੂੰ ਦੁਹਾਈ ਦੇ ਰਹੇ ਸਨ ਕਿ ਗੱਡੀ ਹਰ ਥਾਂ ਕਿਉਂ ਰੋਕ ਲੈਂਦੇ ਹਨ? ਜਾਂ ਡਰ ਰਹੇ ਸਨ ਕਿ ਕੁਝ ਵੀ ਹੋ ਸਕਦਾ ਹੈ!

ਸਾਡੇ ਡੱਬੇ ਤੋਂ ਅੱਗੇ ਨਾਲ ਵਾਲੀ ਸੀਟ 'ਤੇ ਬੈਠਾ ਭਾਰੀ ਆਵਾਜ਼ ਵਾਲਾ ਸਭਿਅਕ ਆਦਮੀ ਯੂਰਪ ਦੀਆਂ ਗੱਲਾਂ ਆਪਣੀ ਲੜਕੀ ਤੇ ਇਕ ਨੌਜਵਾਨ ਹਮਸਫਰ ਨੂੰ ਦੱਸ ਰਿਹਾ ਸੀ। ਕੁਝ ਦੇਰ ਬਾਅਦ ਉਨ੍ਹਾਂ ਨੇ ਠਾਠ ਨਾਲ ਦਾਰੂ ਦੀ ਬੋਤਲ ਕੱਢੀ ਤੇ ਪੀਣੀ ਸ਼ੁਰੂ ਕਰ ਦਿੱਤੀ। ਲੜਕੀ ਨੇ ਅੰਗਰੇਜ਼ੀ 'ਚ ਕਿਹਾ ਕਿ ਗਲਾਸ ਤਾਂ ਇਕ ਹੀ ਹੈ। ਫਿਰ ਉਨ੍ਹਾਂ ਦਾ ਨੌਕਰ ਸਾਥੋਂ ਗਿਲਾਸ ਮੰਗ ਕੇ ਲੈ ਗਿਆ। ਜੇ ਸਾਨੂੰ ਪਤਾ ਹੁੰਦਾ ਕਿ ਗਿਲਾਸ ਕਿਸ ਲਈ ਮੰਗਿਆ ਹੈ ਤਾਂ ਅਸੀਂ ਨਾ ਦਿੰਦੇ। ਖ਼ੈਰ! ਫਿਰ ਲੜਕੀ ਨੇ ਅੰਗਰੇਜ਼ੀ 'ਚ ਕਿਹਾ, "ਇਸ ਨਾਲ ਭੁੱਖ ਲੱਗਣ ਲੱਗ ਜਾਂਦੀ ਹੈ ਨਾ?" ਤੇ ਬਾਪ ਨੇ ਧੀ ਨੂੰ ਕਿਹਾ, "ਤੂੰ ਵੀ ਲੈ ਲੈ, ਜੇ ਮਨ ਕਰ ਰਿਹਾ ਹੈ।" ਤੇ ਧੀ ਨੇ ਕਿਹਾ, "ਡ੍ਰਿੰਕਸ ਦਾ ਤਾਂ ਨਹੀਂ, ਸਮੋਕ ਕਰਨ ਨੂੰ ਮਨ ਕਰਦਾ ਹੈ, ਪਰ ਇੱਥੇ ਡੱਬੇ 'ਚ ਸਭ ਦੇ ਸਾਹਮਣੇ ਨਹੀਂ ਪੀਆਂਗੀ।" ਤੇ ਨੌਜਵਾਨ ਹਮਸਫ਼ਰ ਉਸ ਨੂੰ ਮਨਾਉਣ ਲੱਗਿਆ, "ਖਾਣ-ਪੀਣ 'ਚ ਕਾਹਦੀ ਸ਼ਰਮ? ਉਹ ਐਨੀ ਪ੍ਰਵਾਹ ਕਿਉਂ ਕਰਦੀ ਹੈ" ਤੇ ਉਹਨੂੰ ਸਿਗਰਟ ਪੇਸ਼ ਕਰਨ ਲੱਗਿਆ। ਕੁਝ ਦੇਰ ਦੇ ਨਖ਼ਰਿਆਂ ਤੋਂ ਬਾਅਦ ਲੜਕੀ ਨੇ ਸਿਗਰਟ ਲੈ ਲਈ। ਪਿਉ ਨੇ ਮਜ਼ਾਕ 'ਚ ਨੌਜਵਾਨ ਨੂੰ ਕਿਹਾ ਕਿ ਖ਼ੂਬਸੂਰਤ ਲੜਕੀਆਂ ਬਹੁਤ 'ਫੱਸੀ' ਹੁੰਦੀਆਂ ਅਤੇ ਯੂਰਪ ਦੇ ਕਿੱਸੇ ਫਿਰ ਚਾਲੂ ਹੋ ਗਏ।



ਫਿਰ ਕਿਸੇ ਇਕ ਥਾਂ ਜੰਗਲ ਵਿਚ ਹਨੇਰੇ 'ਚ ਗੱਡੀ ਰੁਕ ਗਈ। ਦੋਹਾਂ ਪਾਸਿਆਂ ਤੋਂ ਪੱਥਰ ਮਾਰੇ ਗਏ। ਮੈਂ ਭੱਜ ਕੇ ਖਿੜਕੀਆਂ ਬੰਦ ਕਰ ਦਿੱਤੀਆਂ। ਸਾਡੇ ਵਾਲੀ ਖਿੜਕੀ ਜਾਮ ਸੀ ਅਤੇ ਬੰਦ ਨਹੀਂ ਹੋ ਰਹੀ ਸੀ। ਪਤਨੀ ਨੇ ਘਬਰਾ ਕੇ ਬੱਚੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਅਤੇ ਡਰਦੇ ਮਾਰੇ ਦੋਹਾਂ ਸੀਟਾਂ ਦੇ ਵਿਚਕਾਰ ਫਰਸ਼ 'ਤੇ ਬੈਠ ਗਈ। ਮੈਂ ਉਸ ਨੂੰ ਕੁਝ ਨਹੀਂ ਕਿਹਾ, ਅਟੈਚੀ ਖਿੜਕੀ 'ਚ ਫਸਾਈ ਅਤੇ ਪਿੱਠ ਲਗਾ ਕੇ ਬੈਠ ਗਿਆ। ਪਤਨੀ ਨੇ ਮੈਨੂੰ ਇਸ ਤਰ੍ਹਾਂ ਦੇਖਿਆ ਜਿਵੇਂ ਕਿਸੇ ਗਾਂ ਨੂੰ ਕਸਾਈ ਲੈ ਕੇ ਜਾ ਰਿਹਾ ਹੋਵੇ ਅਤੇ ਉਹ ਆਪਣੇ ਮਾਲਕ ਵੱਲ ਦੇਖੇ। ਮੈਂ ਉਸ ਨੂੰ ਗੁੱਸੇ ਹੋਇਆ ਕਿ ਪੜ੍ਹੀ-ਲਿਖੀ ਹੋ ਕੇ ਘਬਰਾ ਰਹੀ ਹੈਂ। ਕੁਝ ਨਹੀਂ ਹੋਵੇਗਾ, ਉਪਰ ਹੋ ਕੇ ਬੈਠ।

ਸਿੰਧੀਆਂ ਨੇ ਦਰਵਾਜ਼ਾ ਖੋਲ੍ਹ ਦਿੱਤਾ।

ਸਾਰੀ ਭੀੜ ਹਥਿਆਰਾਂ ਸਮੇਤ ਡੱਬੇ ਅੰਦਰ ਘੁਸ ਆਈ। ਇਕ ਨੌਜਵਾਨ ਲੜਕਾ ਪੈਂਟ ਬੁਨੈਣ ਪਹਿਨੀ, ਦਾਰੂ ਪੀਤੀ ਹੋਈ ਤੇ ਜ਼ੋਰ-ਜ਼ੋਰ ਦੀ ਚੀਕ ਰਿਹਾ ਸੀ-"ਸ...ਰ...ਦਾ...ਰ। ਨਿਕਲ ਬਾਹਰ ਤੇਰੀ...", ਤੇ ਸੀਟਾਂ ਦੇ ਹੇਠਾਂ ਡੰਡਾ ਮਾਰੀ ਜਾ ਰਿਹਾ ਸੀ।

ਤੂਫ਼ਾਨ ਵਾਂਗ ਪਾਗਲਾਂ ਦੀ ਉਹ ਭੀੜ ਇਕ ਪਾਸਿਓਂ ਵੜ ਕੇ ਦੂਜੇ ਪਾਸੇ ਨਿਕਲ ਗਈ। ਗੱਡੀ ਫਿਰ ਵੀ ਨਹੀਂ ਚੱਲੀ।

ਫਿਰ ਭੀੜ ਦਾ ਤੂਫ਼ਾਨ ਆਇਆ, ਇਧਰ ਉਧਰ ਝਾਕਿਆ। "ਨਹੀਂ ਐ, ਨਹੀਂ ਐ" ਸੁਣ ਕੇ ਬਾਹਰ ਨਿਕਲ ਗਿਆ।

ਮੈਨੂੰ ਬਾਅਦ 'ਚ ਪਤਾ ਲੱਗਿਆ ਕਿ ਇਕ ਬੇਵਕੂਫ ਔਰਤ ਨੇ ਖੁਦ ਖਿੜਕੀ ਵਿਚੋਂ ਸਿਰ ਕੱਢ ਕੇ ਕਿਸੇ ਨੂੰ ਦੱਸ ਦਿੱਤਾ ਸੀ ਕਿ ਇਕ ਸਰਦਾਰ ਜੀ ਹੈ ਇਸ ਡੱਬੇ 'ਚ।

ਹੁਣ ਦੁੱਗਣੀ ਭੀੜ ਡੱਬੇ 'ਚ ਸੀ ਅਤੇ ਉਹ ਸੁੱਤੇ ਪਏ, ਬੈਠੇ ਮੁਸਾਫਿਰਾਂ ਦੇ ਕੱਪੜੇ ਇੱਧਰ ਉਧਰ ਕਰ ਕੇ ਵੇਖ ਰਹੇ ਸਨ।

ਤੇ ਉਸ ਸਮੇਂ ਇਕ ਮੁੰਡੇ ਨੇ ਸਾਡੇ ਸਰਦਾਰ ਜੀ ਨੂੰ ਦੇਖ ਲਿਆ। "ਕੌਣ ਹੈ, ਇਹ ਕੌਣ ਹੈ? ਇਹ ਕੌਣ ਹੈ?" ਉਹ ਚੀਕਿਆ।

ਸਾਰੇ ਉਥੇ ਟੁੱਟ ਕੇ ਪੈ ਗਏ। ਚਾਦਰ ਲਾਹ ਕੇ ਪਰ੍ਹੇ ਮਾਰੀ। ਹੇਠਾਂ ਸੁੱਟ ਲਿਆ। ਗਾਲਾਂ ਕੱਢਦੇ ਗਏ, ਨਾਲੇ ਡੰਡੇ ਮਾਰਦੇ ਗਏ। ਇਕ ਜਣਾ ਸੀਟ ਉਪਰ ਖੜ੍ਹਾ ਹੋ ਗਿਆ। ਉਸ ਨੇ ਸਿਰ ਦੇ ਵਾਲਾਂ ਨੂੰ ਫੜ ਲਿਆ। ਇਕ ਨੇ ਦਾੜ੍ਹੀ ਨੂੰ ਹੱਥ ਪਾ ਲਿਆ। ਪਤਨੀ ਨੇ ਮੇਰੀ ਬਾਂਹ ਘੁੱਟ ਕੇ ਫੜ ਲਈ। ਮੈਂ ਬਾਂਹ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਕਿਹਾ, "ਮੇਰਾ ਕੀ ਬਣੇਗਾ? ਬੱਚੀ ਦਾ ਕੀ ਹੋਵੇਗਾ?" ਫਿਰ ਕੋਈ ਜਣਾ ਭੀੜ ਵਿਚੋਂ ਪਤਨੀ ਨੂੰ ਬੋਲਿਆ, "ਘਬਰਾਉ ਨਾ ਭੈਣ ਜੀ, ਤੁਹਾਨੂੰ ਕੋਈ ਕੁਝ ਨਹੀਂ ਕਹੇਗਾ।"

ਸਰਦਾਰ ਜੀ ਨੇ ਸੀਟ ਵਾਲੀ ਰਾਡ ਚੰਗੀ ਤਰ੍ਹਾਂ ਘੁੱਟ ਕੇ ਫੜੀ ਹੋਈ ਸੀ। ਐਨੇ ਲੋਕਾਂ ਨੇ ਜ਼ੋਰ ਲਾਇਆ, ਪਰ ਉਸ ਨੇ ਡੰਡੇ ਦਾ ਹੱਥ ਨਹੀਂ ਛੱਡਿਆ। ਉਹ ਬੁਰੀ ਤਰ੍ਹਾਂ ਕੰਬ ਰਿਹਾ ਸੀ। ਉਸ ਦਾ ਬਿਸਤਰਾ, ਅਟੈਚੀ, ਚਾਦਰ, ਜੁੱਤੇ, ਪੱਗ ਸਭ ਪਤਾ ਨਹੀਂ ਕਿੱਧਰ ਚਲੇ ਗਏ। ਭੀੜ ਵਿਚੋਂ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਉਠ ਰਹੀਆਂ ਸਨ, "ਨੰਗਾ ਕਰੋ ਸਾਲੇ ਨੂੰ। ਮਾਰੋ ਸਾਲੇ ਨੂੰ। ਛੱਡਣਾ ਨਾ ਗੱਦਾਰ ਕੌਮ ਨੂੰ...।" ਉਹ ਵਿਚਾਰਾ ਬੁੱਢਾ ਬਿਮਾਰ 'ਆਹ...ਆਹ' ਕਰ ਕੇ ਚੀਕ ਰਿਹਾ ਸੀ। ਉਸ ਦੇ ਕੱਪੜੇ ਪਾੜ ਦਿੱਤੇ ਅਤੇ ਉਸ ਨੂੰ ਨੰਗਾ ਕਰ ਦਿੱਤਾ। ਅੱਖ ਝਪਕਦਿਆਂ ਹੀ ਇਹ ਸਭ ਕੁਝ ਹੋ ਗਿਆ। ਕੋਈ ਮੁਸਾਫਿਰ ਬੋਲਿਆ ਤਾਂ ਭੀੜ ਵਿਚੋਂ ਕੋਈ ਬੋਲਿਆ, "ਤੂੰ ਵੀ ਇਸ ਦੇ ਨਾਲ ਐਂ?" ਉਹ ਚੁੱਪ ਹੋ ਗਿਆ। ਸਾਰੇ ਮੁਸਾਫਿਰ ਗੁੰਡਿਆਂ ਅੱਗੇ ਹੱਥ ਬੰਨ੍ਹ ਕੇ ਬੋਲੇ, "ਬਸ ਬਹੁਤ ਹੋ ਗਿਆ...ਛੱਡ ਦੇਵੋ...ਬੁੱਢਾ ਬਿਮਾਰ ਆਦਮੀ ਏ ਵਿਚਾਰਾ।" ਗੁੰਡਿਆਂ ਵਿਚੋਂ ਕੋਈ ਬੋਲਿਆ..."ਛੱਡੋ ਯਾਰ...ਮਾਲ ਮਾਰੋ ਮਾਲ।" ਉਸੇ ਵਕਤ ਕਈ ਲੋਕਾਂ ਦੇ ਭੱਜਣ ਦੀ ਆਵਾਜ਼ ਆਈ। ਕੋਈ ਕਿਸੇ ਨੂੰ ਕਹਿ ਰਿਹਾ ਸੀ, "ਉਤਾਰ...ਦੂਜੇ ਨੂੰ ਵੀ ਉਤਾਰ ਸਾਲੇ ਨੂੰ।"

ਬਾਹਰ ਸਾਡੇ ਸਰਦਾਰ ਜੀ ਦੇ ਸਾਮਾਨ ਦੀ ਹੋਲੀ ਮੱਚ ਰਹੀ ਸੀ ਅਤੇ ਕਈ ਆਦਮੀ ਨੰਗੇ ਸਰਦਾਰ ਨੂੰ ਹੋਲੀ 'ਚ ਧੱਕਣ ਦੀ ਕੋਸ਼ਿਸ਼ ਕਰ

ਰਹੇ ਸਨ। ਹਨ੍ਹੇਰੇ 'ਚ ਸਾਰੇ ਮੁਸਾਫ਼ਿਰ ਖਿੜਕੀਆਂ ਨਾਲ ਚਿੰਬੜੇ ਹੋਏ ਬਾਹਰ ਦੇਖਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਕਿਸੇ ਨੂੰ ਕੁਝ ਸਾਫ਼ ਦਿਖਾਈ ਨਹੀਂ ਦੇ ਰਿਹਾ ਸੀ।

ਉਸੇ ਸਮੇਂ ਗੱਡੀ ਨੇ ਰੀਂਗਣਾ ਸ਼ੁਰੂ ਕਰ ਦਿੱਤਾ...

ਸਰਦਾਰ ਜੀ ਦੀ ਦਾੜ੍ਹੀ ਅੱਧੀ ਰਹਿ ਗਈ ਸੀ ਤੇ ਸਿਰ ਦੇ ਵਾਲ ਬਿਖਰੇ ਹੋਏ ਸਨ।

ਉਪਰਲੀ ਸੀਟ ਦੇ ਕੋਨੇ 'ਚ ਉਹ ਗਰਦਨ ਲਮਕਾਈ ਬੈਠਾ ਸੀ ਅਤੇ ਔਖੇ-ਔਖੇ ਸਾਹ ਲੈ ਰਿਹਾ ਸੀ। ਸਿਰ ਦੇ ਵਾਲਾਂ ਵਿਚੋਂ ਖ਼ੂਨ ਵਹਿ ਰਿਹਾ ਸੀ। ਦਾੜ੍ਹੀ ਵੀ ਖ਼ੂਨ ਨਾਲ ਲਿੱਬੜ ਗਈ ਸੀ। ਬਾਹਾਂ 'ਤੇ, ਛਾਤੀ 'ਤੇ...ਸਰੀਰ ਦਾ ਕੋਈ ਹਿੱਸਾ ਅਜਿਹਾ ਨਹੀਂ ਸੀ ਜੋ ਲਾਲ ਨਾ ਹੋ ਗਿਆ ਹੋਵੇ। ਹਰ ਥਾਂ ਮਾਰ ਦੇ ਨਿਸ਼ਾਨ ਸਨ।

ਤੇ ਮੈਂ...ਬੇਵਕੂਫ ਮੈਂ...ਸਵੇਰੇ ਕਹਿ ਰਿਹਾ ਸੀ, "ਸਾਡੇ ਹੁੰਦਿਆਂ ਤੁਹਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ। ਤੁਸੀਂ ਨਿਸ਼ਚਿੰਤ ਰਹੋ...ਨਿਸ਼ਚਿੰਤ! ਇਸ ਮੁਲਕ 'ਚ।"

ਪਤਨੀ ਨੇ ਮੇਰੀ ਲੁੰਗੀ ਕੱਢ ਕੇ ਸਰਦਾਰ ਜੀ ਨੂੰ ਦਿੱਤੀ ਅਤੇ ਰੋਣ ਲੱਗੀ। ਡੱਬੇ ਦੇ ਕਿਸੇ ਮੁਸਾਫਿਰ ਨੇ ਕਮੀਜ਼ ਦਿੱਤੀ। ਹੁਣ ਦੂਜੇ ਡੱਬਿਆਂ ਦੇ ਮੁਸਾਫਿਰ ਵੀ ਉਸ ਨੂੰ ਦੇਖਣ ਆ ਰਹੇ ਸਨ। ਆਖ਼ਰ ਕਿਉਂ ਨਾ ਆਉਂਦੇ? ਐਨੇ ਆਦਮੀਆਂ ਦੇ ਵਿਚਕਾਰ ਵੀਹ ਆਦਮੀਆਂ ਦੁਆਰਾ ਕੁੱਟਿਆ ਇਕ ਬੁੱਢਾ ਕਮਜ਼ੋਰ ਬਿਮਾਰ ਆਦਮੀ-ਕੀ ਘੱਟ ਦਿਲਚਸਪ ਦ੍ਰਿਸ਼ ਹੁੰਦਾ ਹੈ?

ਹੁਣ ਉਹ ਭਾਰੀ ਆਵਾਜ਼ ਵਾਲਾ ਸਭਿਅਕ ਵਿਅਕਤੀ ਹਰਕਤ ਵਿਚ ਆਇਆ, "ਕੀ ਹੋਇਆ? ਬਹੁਤ ਮਾਰਿਆ? ਕੋਈ ਖਾਸ ਨਹੀਂ ਲੱਗੀ। ਡੂੰਘੀ ਸੱਟ ਤਾਂ ਕੋਈ ਨਹੀਂ। ਫਿਕਰ ਨਾ ਕਰੋ। ਅਜਿਹੇ ਮੌਕੇ ਇਨ੍ਹਾਂ ਨੂੰ ਘਰੋਂ ਬਾਹਰ ਨਿਕਲਣਾ ਹੀ ਨਹੀਂ ਚਾਹੀਦਾ। ਡੱਬੇ 'ਚ ਕੋਈ ਡਾਕਟਰ...? ਸੋਫਰਾਮਾਈਸੀਨ ਹੈ ਕਿਸੇ ਕੋਲ?" ਉਹ ਆਪਣੀ ਭਾਰੀ ਰੋਅਬਦਾਰ ਆਵਾਜ਼ ਵਿਚ ਬੋਲ ਰਿਹਾ ਸੀ। ਉਸ ਦੀ ਲੜਕੀ ਉਸ ਨੌਜਵਾਨ ਨਾਲ ਉਪਰਲੀ ਸੀਟ 'ਤੇ ਹੀ ਬੈਠੀ ਰਹੀ। ਕਿਸੇ ਕੋਲ ਸੋਫਰਾਮਾਈਸੀਨ ਨਿਕਲ ਆਈ। ਜਿਵੇਂ-ਜਿਵੇਂ ਲੋਕ ਦੱਸਦੇ ਗਏ, ਸਰਦਾਰ ਜੀ ਮਾਈਸੀਨ ਲਗਾਉਂਦੇ ਰਹੇ, ਪਰ ਜ਼ਖ਼ਮ ਐਨੇ ਜ਼ਿਆਦਾ ਸਨ ਅਤੇ ਮਲ੍ਹਮ ਬਹੁਤ ਘੱਟ।

ਮੈਂ ਸੋਚ ਰਿਹਾ ਸੀ ਕਿ ਅੱਜ ਫਰਜ਼ ਕਰੋ ਇਸ ਸਰਦਾਰ ਦੀ ਥਾਂ ਮੈਂ ਹੁੰਦਾ; ਤਾਂ ਮੈਂ ਕੀ ਕਰਦਾ? ਫੁੱਟ-ਫੁੱਟ ਕੇ ਰੋਂਦਾ। ਮਿੰਨਤਾਂ ਕਰਦਾ। ਹੋਰ ਪਤਾ ਨਹੀਂ ਕੀ-ਕੀ ਕਰਦਾ? ਲੇਕਿਨ ਸਰਦਾਰ ਜੀ ਦੀ ਅੱਖ ਵਿਚ ਇਕ ਵੀ ਹੰਝੂ ਨਹੀਂ ਸੀ...ਬਸ ਸਿਰਫ਼ ਐਨਾ ਕੁ, ਜਿਵੇਂ ਉਂਗਲੀ ਕਿਸੇ ਭਾਰੇ ਪੱਥਰ ਥੱਲੇ ਆ ਜਾਵੇ।

ਸਾਰਾ ਡੱਬਾ ਹੁਣ ਉਨ੍ਹਾਂ ਨੂੰ ਸਲਾਹ ਦੇ ਰਿਹਾ ਸੀ, "ਆਪਣੇ ਵਾਲ ਖੋਲ੍ਹ ਲਵੋ, ਮੱਥੇ 'ਤੇ ਤਿਲਕ ਲਗਾ ਕੇ ਬਾਬਾ ਜੀ ਬਣ ਜਾਓ। ਕੋਈ ਪੁੱਛੇ ਤਾਂ ਕਹਿ ਦੇਣਾ ਬਨਾਰਸ ਜਾ ਰਿਹਾ ਹਾਂ...ਹੇ ਰਾਮ-ਰਾਮ ਬੋਲਣਾ। ਤੇ ਹਿੰਦੀ 'ਚ ਗੱਲ ਕਰਨਾ, ਪੰਜਾਬੀ 'ਚ ਨਹੀਂ।" ਕੋਈ ਕਹਿ ਰਿਹਾ ਸੀ, "ਅਗਲੇ ਸਟੇਸ਼ਨ 'ਤੇ ਉਤਰ ਜਾਣਾ ਅਤੇ ਪੁਲਿਸ ਸਟੇਸ਼ਨ ਵਿਚ ਬੈਠ ਜਾਣਾ।" ਇਸ ਸੁਝਾਅ ਦਾ ਕਈ ਲੋਕਾਂ ਨੇ ਹੁੰਗਾਰਾ ਭਰਿਆ, ਕਿਉਂਕਿ ਉਸ ਦਾ ਡੱਬੇ 'ਚ ਰਹਿਣਾ ਸਭ ਲਈ ਖ਼ਤਰਾ ਸੀ। ਗੱਲ ਤਾਂ ਇਹ ਸੀ, ਜੇ ਸਰਦਾਰ ਜੀ ਉਤਰ ਜਾਂਦੇ ਤਾਂ ਸਾਰੇ ਚੈਨ ਦੀ ਨੀਂਦਰ ਸੌਂਦੇ।

ਉਸ ਨੇ ਸਭ ਦੀ ਸੁਣੀ ਅਤੇ ਆਖ਼ਰ ਫਰਸ਼ ਵੱਲ ਦੇਖਿਆ ਅਤੇ ਬੋਲੇ, "ਮੇਰਾ ਟਿਕਟ ਸੀ ਪੈਂਟ ਦੀ ਜੇਬ ਵਿਚ।" ਲੋਕਾਂ ਨੇ ਕਿਹਾ, "ਕੋਈ ਗੱਲ ਨਹੀਂ, ਟਿਕਟ ਨੂੰ ਕੌਣ ਪੁੱਛਦਾ ਹੈ ਇਸ ਹਾਲਤ ਵਿਚ। ਕੋਈ ਪੁੱਛੇਗਾ ਤਾਂ ਅਸੀਂ ਦੱਸ ਦੇਵਾਂਗੇ।" ਉਸ ਨੇ ਕਿਹਾ, "ਪੈਂਟ 'ਚ ਮੇਰੇ ਪੈਸੇ ਸਨ...ਪੌਣੇ ਤਿੰਨ ਸੌ ਰੁਪਏ।" ਲੋਕਾਂ ਨੇ ਕਿਹਾ, "ਕੋਈ ਗੱਲ ਨਹੀਂ। ਪੈਸਿਆਂ ਦਾ ਕੀ ਹੈ? ਹੱਥਾਂ ਦੀ ਮੈਲ! ਸ਼ੁਕਰ ਕਰੋ ਜਾਨ ਬਚ ਗਈ।" ਉਸ ਨੇ ਜ਼ਮੀਨ ਵੱਲ ਦੇਖਦੇ ਹੋਏ ਕਿਹਾ, "ਹੁਣ ਜਿਵੇਂ ਪਹੁੰਚੇ, ਪਹੁੰਚ ਜਾਵਾਂਗੇ। ਬਿਲਾਸਪੁਰ ਹੀ ਤਾਂ ਜਾਣਾ ਹੈ। ਸਵੇਰੇ ਤਾਂ ਆ ਹੀ ਜਾਵੇਗਾ। ਤੁਸੀਂ ਮੈਨੂੰ ਬੱਸ ਚਾਹ-ਚੂ ਦੇ ਪੈਸੇ ਦੇ ਦੇਵੋ। ਬਿਲਾਸਪੁਰ 'ਚ ਵਾਪਸ ਕਰ ਦੇਵਾਂਗਾ। ਫਿਰ ਜੋ ਹੋਵੇਗਾ ਦੇਖਿਆ ਜਾਵੇਗਾ।"

ਕੋਈ ਆਦਮੀ ਇਸ ਹਾਲ 'ਚ ਵੀ ਚਾਹ ਦੇ ਪੈਸੇ ਮੰਗ ਰਿਹਾ ਹੈ। ਉਸ ਦਾ ਸੱਤਰ ਸਾਲਾਂ ਦਾ ਤਜਰਬਾ ਸਾਡੇ ਹਕੀਰਾਂ ਤੋਂ ਸਿਰਫ ਚਾਹ ਦੇ ਪੈਸੇ ਮੰਗ ਰਿਹਾ ਸੀ!

ਮੈਨੂੰ ਘਬਰਾਹਟ ਹੋਣ ਲੱਗੀ। ਰੋਣਾ ਆ ਗਿਆ। ਜੀਅ ਘਟਣ ਲੱਗਿਆ। ਮੈਂ ਉਠ ਕੇ ਪਾਣੀ ਦੇ ਛਿੱਟੇ ਮਾਰਨ ਲਈ ਟਾਇਲਟ ਵੱਲ ਚਲਾ ਗਿਆ।

ਮੁੜਦੇ ਸਮੇਂ ਦੇਖਿਆ ਕਿ ਤਿੰਨੇ ਸਭਿਅਕ ਆਦਮੀ ਸਿਗਰਟ ਪੀ ਰਹੇ ਹਨ ਅਤੇ ਠਾਠ ਨਾਲ ਤਾਸ਼ ਕੁੱਟ ਰਹੇ ਹਨ।

---

# ਕੋਈ ਦੇਵੇ ਇਸ ਦਰਦ ਦੀ ਦਵਾ ਲੋਕੋ...

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਈਆਂ 'ਤੇ ਜਵਾਨੀ ਤਾਂ ਨੱਚ-ਨੱਚ ਕੇ ਆਈ ਸੀ, ਪਰ ਜਾਣ ਲੱਗੀ ਉਮਰੋਂ ਪਹਿਲਾਂ ਹੀ ਬੁੱਢੇ ਕਰ ਗਈ। ਕਈਆਂ ਨੇ ਜਵਾਨੀ ਕੰਮ ਕਰਦਿਆਂ ਲੰਘਾ ਦਿੱਤੀ ਕਿ ਬੁਢਾਪੇ ਦੇ ਦਿਨ ਸੁਖਾਲੇ ਨਿਕਲ ਜਾਣਗੇ। ਪੱਟਾਂ 'ਤੇ ਪੁਆਈਆਂ ਮੋਰਨੀਆਂ ਨੂੰ ਵੇਖ ਲੋਕ ਗੱਭਰੂ ਦੀ ਸਿਫਤ ਕਰਦੇ ਸਨ ਪਰ ਬੁਢਾਪੇ ਵਿਚ ਅੱਖਾਂ ਤੋਂ ਹੀ ਓਹਲੇ ਹੋ ਗਈਆਂ। ਕਈਆਂ ਨੂੰ ਧਰਮ ਸਥਾਨਾਂ ਦੀ ਯਾਤਰਾ ਦਾ ਫਲ ਇਸ ਕਰ ਕੇ ਨਹੀਂ ਮਿਲਿਆ ਕਿ ਉਨ੍ਹਾਂ ਨੇ ਬੁੱਢੇ ਮਾਪਿਆਂ ਦੀ ਸੇਵਾ ਨਹੀਂ ਕੀਤੀ। ਮਰਨ ਅਤੇ ਸ਼ਹੀਦ ਹੋਣ ਵਿਚ ਇੰਨਾ ਕੁ ਫਰਕ ਹੈ ਕਿ ਮਰਨ ਵਾਲੇ ਨੂੰ ਘਰ ਦੇ ਵੀ ਭੁੱਲ ਜਾਂਦੇ ਹਨ ਜਦਕਿ ਸ਼ਹੀਦ ਦਿਲਾਂ ਵਿਚ ਵੱਸਦੇ ਨੇ। ਅੱਜ ਉਸ ਪਾਤਰ ਨੂੰ ਯਾਦ ਕਰਦਿਆਂ ਲਿਖ ਰਿਹਾ ਹਾਂ, ਜਿਸ ਨੇ ਜਗਰਾਉਂ ਦੀ ਰੋਸ਼ਨੀ ਤੇ ਛਪਾਰ ਦੇ ਮੇਲੇ 'ਤੇ ਬੋਲੀਆਂ ਤਾਂ ਪੂਰੀਆਂ ਤੱਤੀਆਂ ਪਾਈਆਂ ਪਰ ਜਹਾਨੋਂ ਕੂਚ ਕਰ ਜਾਣ ਮਗਰੋਂ ਕਿਸੇ ਨੇ ਉਸ ਦੀ ਬਾਤ ਵੀ ਨਾ ਪੁੱਛੀ।

ਇਹ ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਹਰ ਘਰ 'ਚ ਬੱਚਿਆਂ ਦੀ ਗਿਣਤੀ ਨੌਂ ਤੋਂ ਉਪਰ ਹੀ ਹੁੰਦੀ ਸੀ। ਉਦੋਂ ਵੱਧ ਬੱਚੇ ਜੰਮਣ ਵਾਲੇ ਮਾਪਿਆਂ ਨੂੰ ਮਾਣ-ਤਾਣ ਵੀ ਮਿਲਦਾ ਸੀ ਪਰ ਕਪੂਰ ਸਿੰਘ ਦੀ ਪਤਨੀ ਅਮਰ ਕੌਰ ਨੇ ਇੱਕੋ ਪੁੱਤਰ ਨੂੰ ਜਨਮ ਦਿੱਤਾ ਸੀ ਜਿਸ ਦਾ ਨਾਂ ਸੀ ਗੁਰਦਿੱਤ ਸਿੰਘ, ਯਾਨਿ ਗੁਰਾਂ ਨੇ ਦਿੱਤਾ। ਦੋਵੇਂ ਮੀਆਂ ਬੀਵੀ ਖੁਸ਼ ਸਨ ਕਿ ਰੱਬ ਨੇ ਜੜ੍ਹ ਲਾ ਦਿੱਤੀ। ਕਪੂਰ ਸਿੰਘ ਕੋਲ ਭੋਇੰ ਬਹੁਤ ਸੀ। ਦੋ ਖੂਹ ਆਪਣੇ ਸਨ ਤੇ ਦੋ ਜੋੜੀਆਂ ਬਲਦਾਂ ਦੀਆਂ ਤੇ ਇਕ ਬੋਤਾ। ਵੱਡਾ ਘਰ ਸੀ ਪਰ ਪਰਿਵਾਰ ਛੋਟਾ ਹੋਣ ਕਰ ਕੇ ਤਿੰਨ ਸੀਰੀ ਪੱਕੇ ਹੀ ਰੱਖੇ ਹੁੰਦੇ ਸਨ।

ਕਪੂਰ ਸਿੰਘ ਦੇ ਤਿੰਨੇ ਸੀਰੀ ਉਸ ਲਈ ਭਰਾਵਾਂ ਤੋਂ ਵਧ ਕੇ ਸਨ। ਕਪੂਰ ਸਿੰਘ ਦਾ ਵਿਆਹ ਚੜ੍ਹਦੀ ਜਵਾਨੀ ਵਿਚ ਹੋ ਗਿਆ ਪਰ ਔਲਾਦ ਬਾਰਾਂ ਸਾਲਾਂ ਬਾਅਦ ਵੀ ਨਾ ਹੋਈ। ਫਿਰ ਨਸੀਬ ਕੌਰ ਆਪਣੀ ਛੋਟੀ ਭੈਣ ਅਮਰ ਕੌਰ ਦਾ ਰਿਸ਼ਤਾ ਲੈ ਆਈ। ਦੋਵਾਂ ਭੈਣਾਂ ਨੇ ਵਾਹਿਗੁਰੂ ਅੱਗੇ ਬੜੀਆਂ ਅਰਦਾਸਾਂ ਕੀਤੀਆਂ। ਅਮਰ ਕੌਰ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ, ਪਰ ਕੁੱਖ ਅਜੇ ਵੀ ਖਾਲੀ ਸੀ। ਲੋਕ ਕਪੂਰ ਸਿੰਘ ਨੂੰ ਮਖੌਲ ਕਰਦੇ, 'ਦੋ ਤੀਵੀਆਂ ਹਨ ਤੇ ਨਿਆਣਾ ਇਕ ਵੀ ਨਹੀਂ।' ਕਹਿੰਦੇ ਨੇ, ਰੱਬ ਦੀ ਮਾਰ ਤਾਂ ਬੰਦਾ ਔਖਾ-ਸੌਖਾ ਝੱਲ ਲੈਂਦਾ ਹੈ, ਪਰ ਲੋਕਾਂ ਦੀ ਜ਼ੁਬਾਨ ਤੋਂ ਨਿਕਲੇ ਨਸ਼ਤਰ ਨਹੀਂ ਸਹਿ ਸਕਦਾ। ਅਖੀਰ ਕਪੂਰ ਸਿੰਘ ਨੇ ਸਿਆਣਿਆਂ ਤੋਂ ਪੁੱਛ ਪੁਆਈ, ਪਰ ਉਨ੍ਹਾਂ ਨੇ ਵੀ ਉਹਦੇ ਕਰਮਾਂ ਵਿਚ ਔਲਾਦ ਦਾ ਸੁੱਖ ਨਾ ਹੋਣ ਦੀ ਗੱਲ ਕਹਿ ਛੱਡੀ। ਜ਼ਮੀਨ ਜਾਇਦਾਦ ਲਈ ਵਾਰਸ ਤੋਂ ਫਿਕਰਮੰਦ ਕਪੂਰ ਸਿੰਘ ਨੇ ਸਿਆਣਿਆਂ ਦੀ ਚੌਖਟ ਨਾ ਛੱਡੀ। ਅਗਲੇ ਸਾਲ ਹੀ ਕਪੂਰ ਸਿੰਘ ਦੇ ਘਰ ਗੁਰਦਿੱਤ ਨੇ ਜਨਮ ਲਿਆ ਅਤੇ ਉਸ ਦੇ ਵਿਹੜੇ ਵਿਚ ਬੁਝੇ ਚਿਰਾਗ ਜਗ ਪਏ।

ਨਿਆਣੇ ਦੀ ਆਵਾਜ਼ ਸੁਣਨ ਲਈ ਤਰਸਦੀਆਂ ਕੰਧਾਂ ਵੀ ਖਿੜ ਗਈਆਂ। ਕਪੂਰ ਸਿੰਘ ਨੇ ਕਿਸੇ ਨੂੰ ਖਾਲੀ ਨਾ ਮੋੜਿਆ। ਚਾਅ ਤੇ ਖੁਸ਼ੀ ਵਿਚ ਨਸੀਬ ਕੌਰ ਤੇ ਅਮਰ ਕੌਰ ਦਾ ਪੱਬ ਹੇਠਾਂ ਨਹੀਂ ਸੀ ਲੱਗਦਾ। ਗੁਰਦਿੱਤ ਘਰ ਦਾ ਚਿਰਾਗ ਹੀ ਨਹੀਂ, ਦਿਲ ਦੀ ਧੜਕਣ ਵੀ ਸੀ। ਦਿਨ ਬੀਤਦੇ ਗਏ ਗੁਰਦਿੱਤ ਨੇ ਜਵਾਨੀ ਵਿਚ ਪੈਰ ਰੱਖਦਿਆਂ ਬਚਪਨ 'ਚ ਮਿਲੇ ਲਾਡ ਪਿਆਰ ਨੂੰ ਉਲਾਂਭਿਆਂ ਦੇ ਰੂਪ ਵਿਚ ਮਾਪਿਆਂ ਨੂੰ ਵਾਪਸ ਕਰਨਾ ਸ਼ੁਰੂ ਕਰ ਦਿੱਤਾ। ਤੁਰੇ ਜਾਂਦੇ ਨੇ ਕਿਸੇ ਦੀ ਮੱਝ ਖੋਲ੍ਹ ਜਾਣੀ ਤੇ ਕਦੀ ਕਿਸੇ ਮਾਈ ਦੀਆਂ ਪਾਥੀਆਂ ਢਾਹ ਜਾਣੀਆਂ। ਪਹਿਲਾਂ ਤਾਂ ਲੋਕਾਂ ਨੇ ਕਪੂਰ ਸਿੰਘ ਦੇ ਅਸਰ ਰਸੂਖ ਕਰ ਕੇ ਉਲਾਂਭਾ ਨਾ ਦੇਣਾ ਪਰ ਜਦੋਂ ਪਾਣੀ ਸਿਰੋਂ ਲੰਘ ਗਿਆ ਤਾਂ ਲੋਕਾਂ ਨੇ ਉਹਦੇ ਘਰ ਅੱਗੇ ਕਤਾਰਾਂ ਲਾ ਲਈਆਂ। ਪਹਿਲਾਂ ਤਾਂ ਕਪੂਰ ਸਿੰਘ ਵੀ ਨਾ ਮੰਨਦਾ, ਫਿਰ ਉਹਨੇ ਆਪ ਅੱਖੀਂ ਵੇਖਿਆ। ਪਿਉ ਪੁੱਤ ਵਿਚ ਤੂੰ-ਤੂੰ, ਮੈਂ-ਮੈਂ ਹੋਣ ਲੱਗੀ। ਕਪੂਰ ਸਿੰਘ ਹੱਥ ਚੁੱਕਦਾ ਤਾਂ ਦੋਵੇਂ ਮਾਂਵਾਂ ਪੁੱਤ ਦੀ ਢਾਲ ਬਣ ਜਾਂਦੀਆਂ। ਉਮਰ ਦੇ ਸਤਾਰ੍ਹਵੇਂ ਸਾਲ ਹੀ ਗੁਰਦਿੱਤ ਮੇਲਿਆਂ ਦਾ ਹਾਣੀ ਬਣ ਗਿਆ। ਉਸ ਦੇ ਹਾਣੀ ਤਾਂ ਸਰੀਰ ਬਣਾਉਣ 'ਚ ਲੱਗੇ ਸਨ ਪਰ ਉਹ ਘਰ ਦੀ ਕੱਢੀ ਦਾਰੂ ਦਾ ਪਿਆਕੜ ਬਣ ਗਿਆ। ਕਪੂਰ ਸਿੰਘ ਨੇ ਪੁੱਤ ਨੂੰ ਸੁਧਾਰਨ ਲਈ ਵਿਆਹ ਦੀ ਨੱਥ ਪਾਉਣ ਦਾ ਫੈਸਲਾ ਕਰ ਲਿਆ।

ਵਿਆਹ ਮਗਰੋਂ ਵੀ ਗੁਰਦਿੱਤ ਬਾਜ਼ ਨਾ ਆਇਆ। ਥੋੜ੍ਹਾ ਸਮਾਂ ਤਾਂ ਘਰਦਿਆਂ ਨੇ ਉਸ ਦੀਆਂ ਕਰਤੂਤਾਂ 'ਤੇ ਪਰਦਾ ਪਾਇਆ ਪਰ ਬਹੁਤਾ ਚਿਰ ਅੱਗ ਕੱਖਾਂ ਥੱਲੇ ਲੁਕੋ ਨਾ ਹੋਈ। ਜਦੋਂ ਉਹਦੇ ਸਹੁਰਿਆਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਆਪਣੀ ਧੀ ਨੂੰ ਵਾਪਸ ਲਿਆਉਣ ਦਾ ਮਨ ਬਣਾ ਲਿਆ, ਪਰ ਧੀ ਨੇ ਮਾਪਿਆਂ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਉਧਰ ਗੁਰਦਿੱਤ ਦੇ ਘਰ ਦੋ ਮੁੰਡੇ ਤੇ ਇਕ ਕੁੜੀ ਹੋ ਗਈ। ਘਰਦਿਆਂ ਨੇ ਫਿਰ ਕਿਹਾ, ਚੱਲੋ, ਰੱਬ ਨੇ ਅੱਗੇ ਜੜ੍ਹ ਲਾ ਦਿੱਤੀ। ਕਪੂਰ ਸਿੰਘ ਪੋਤਿਆਂ ਦੀਆਂ ਖੁਸ਼ੀਆਂ ਮਨਾਉਂਦਾ, ਜਹਾਨੋਂ ਤੁਰ ਗਿਆ। ਜ਼ਮੀਨ ਦੀ ਮਾਲਕੀ ਗੁਰਦਿੱਤ ਸਿੰਘ ਨਾਂ ਬੋਲਣ ਲੱਗੀ। ਉਸ ਨੇ ਫਿਰ ਪੁਰਾਣੀ ਢਾਣੀ ਵਿਚ ਜਾ ਹੱਥ ਮਿਲਾਇਆ।

ਦੋਵੇਂ ਮਾਂਵਾਂ ਹੁਣ ਗੁਰਦਿੱਤ ਸਿੰਘ ਦੀਆਂ ਹਰਕਤਾਂ ਦੇਖ ਆਪਣੀ ਹੀ ਕੁੱਖ ਨੂੰ ਕੋਸਣ ਲੱਗੀਆਂ। ਜਗਰਾਉਂ ਦੀ ਰੋਸ਼ਨੀ ਤੇ ਛਪਾਰ ਦੇ ਮੇਲੇ 'ਤੇ ਗੁਰਦਿੱਤ ਸਿੰਘ ਦਾ ਨਾਂ ਬੋਲਣ ਲੱਗਿਆ ਤੇ ਬੋਲੀਆਂ ਦਾ ਉਹ ਮਾਸਟਰ ਬਣ ਗਿਆ। ਹੌਲੀ-ਹੌਲੀ ਉਸ ਨੇ ਜ਼ਮੀਨ ਨੂੰ ਹੱਥ ਪਾ ਲਿਆ। ਪਸ਼ੂ ਡੰਗਰ ਵਿਕ ਗਏ। ਤਿੰਨੇ ਸੀਰੀ ਕਪੂਰ ਸਿੰਘ ਦੇ ਵੇਲਿਆਂ ਨੂੰ ਯਾਦ ਕਰਦੇ ਉਨ੍ਹਾਂ ਦੇ ਬੂਹੇ ਅੱਗਿਓਂ ਦੀ ਟੱਪ ਜਾਂਦੇ। ਪਹਿਲਾਂ ਨਸੀਬ ਕੌਰ ਤੁਰ ਗਈ, ਫਿਰ ਭੈਣ ਦੇ ਮਗਰ ਹੀ ਅਮਰ ਕੌਰ ਜਾ ਵੜੀ। ਸਾਰਾ ਕੁਝ ਗੁਰਦਿੱਤ ਸਿੰਘ ਦੇ ਹੱਥ ਆ ਗਿਆ। ਪੁਰਖਿਆਂ ਦੀ ਜ਼ਮੀਨ ਨੂੰ ਉਸ ਨੇ ਇਉਂ ਟੱਕ ਦੇ ਲਿਆ ਜਿਵੇਂ ਜੱਟ ਰੇਤੇ ਦੇ ਟਿੱਬੇ ਨੂੰ ਲਾਉਂਦਾ ਹੈ।

ਗੁਰਦਿੱਤ ਦੀਆਂ ਹਰਕਤਾਂ ਦੇਖ ਕੇ ਸਹੁਰਿਆਂ ਨੇ ਜ਼ਮੀਨ ਆਪਣੇ ਦੋਵੇਂ ਭਾਣਜਿਆਂ ਨਾਮ ਕਰਵਾ ਲਈ। ਹੱਥੋਂ ਜ਼ਮੀਨ ਨਿਕਲਣ ਕਰ ਕੇ ਉਹਨੇ ਰਾਜਸਥਾਨ ਤੋਂ ਅਫ਼ੀਮ ਲਿਆ ਕੇ ਵੇਚਣੀ ਸ਼ੁਰੂ ਕਰ ਦਿੱਤੀ। ਕਈ ਵਾਰ ਫੜਿਆ ਵੀ ਜਾਣਾ, ਪਰ ਉਹ ਕਾਲੇ ਧੰਦੇ ਕਰਨੋ ਨਾ ਹਟਿਆ। ਦੋਵੇਂ ਪੁੱਤ ਗੱਭਰੂ ਹੋ ਚੁੱਕੇ ਸਨ ਪਰ ਕੋਈ ਰਿਸ਼ਤੇ ਲਈ ਨਾ ਢੁਕਿਆ। ਧੀ ਦਾ ਰਿਸ਼ਤਾ ਕਰਨ ਵਾਲਾ ਸੌ ਗੱਲਾਂ ਕਰਦਾ ਹੈ ਤੇ ਸਭ ਕੁਝ ਦੇਖਦਾ ਹੈ, ਪਰ ਇੱਥੇ ਤਾਂ ਗੁਰਦਿੱਤ ਸਿੰਘ ਦੀਆਂ ਕੀਤੀਆਂ ਮੂਹਰੇ ਆ ਰਹੀਆਂ ਸਨ। ਇਕ ਵਾਰ ਫਿਰ ਗੁਰਦਿੱਤ ਸਿੰਘ ਬਠਿੰਡੇ ਦੇ ਰੇਲਵੇ ਸਟੇਸ਼ਨ 'ਤੇ ਅਫ਼ੀਮ ਸਣੇ ਕਾਬੂ ਆ ਗਿਆ। ਚਾਰ ਸਾਲ ਦੀ ਕੈਦ ਹੋ ਗਈ। ਘਰਦਿਆਂ ਸ਼ੁਕਰ ਮਨਾਇਆ। ਕੈਦ ਦੌਰਾਨ ਹੀ ਉਹਦੇ ਦੋਵੇਂ ਪੁੱਤ ਵਿਆਹੇ ਗਏ। ਉਨ੍ਹਾਂ ਨੇ ਆਪਣੇ ਪਿਉ ਦੀ ਨਹੀਂ, ਸਗੋਂ ਦਾਦੇ ਤੇ ਪੜਦਾਦੇ ਦੀ ਪੈੜ ਵਿਚ ਪੈੜ ਰੱਖੀ। ਤਰੱਕੀ ਦੇ ਰਾਹ 'ਤੇ ਕਦਮ ਰੱਖਦਿਆਂ ਉਨ੍ਹਾਂ ਨੇ ਸੋਭਾ ਖੱਟਣੀ ਸ਼ੁਰੂ ਕਰ ਦਿੱਤੀ। ਦੋਵਾਂ ਪੁੱਤਰਾਂ ਦੀ ਸਿਆਣਪ ਨਾਲ ਗੁਰਦਿੱਤ ਸਿੰਘ ਦੇ ਚਿੱਟੇ ਦਾੜ੍ਹੇ 'ਤੇ ਲੱਗਿਆ ਦਾਗ਼ ਤਾਂ ਸਾਫ਼ ਨਾ ਹੋ ਸਕਿਆ ਪਰ ਕੋਸ਼ਿਸ਼ ਜਾਰੀ ਰਹੀ। ਸਮਾਂ ਲੰਘਿਆ ਤਾਂ ਗੁਰਦਿੱਤ ਸਿੰਘ ਰਿਹਾ ਹੋ ਕੇ ਆ ਗਿਆ, ਪਰ ਕੈਦ ਕੱਟਣ ਦੇ ਬਾਵਜੂਦ ਉਹ ਸਿੱਧਾ ਨਾ ਹੋਇਆ। ਗੁਰਦਿੱਤ ਸਿੰਘ ਦੇ ਦੁੱਖਾਂ ਤੋਂ ਸਤਾਈ ਉਸ ਦੀ ਪਤਨੀ ਵੀ ਉਸ ਦਾ ਸਾਥ ਛੱਡ ਸਦਾ ਦੀ ਨੀਂਦ ਸੌਂ ਗਈ।

ਗੁਰਦਿੱਤ ਸਿੰਘ ਦੀ ਧੀ ਵੀ ਕਈ ਵਰ੍ਹੇ ਸਹੁਰੀਂ ਨਾ ਗਈ ਤੇ ਉਹਦਾ ਛੱਡ-ਛਡਾਅ ਹੋ ਗਿਆ। ਪਿਉ ਤੋਂ ਦੁਖੀ ਪੁੱਤਰਾਂ ਤੇ ਧੀ ਨੇ ਕਈ ਵਾਰ ਰੱਬ ਅੱਗੇ ਤਰਲੇ ਕੱਢਣੇ ਕਿ ਜਾਂ ਸਾਨੂੰ ਚੁੱਕ ਲੈ ਜਾਂ ਸਾਡੇ ਬਾਪੂ ਨੂੰ ਜਹਾਨੋਂ ਲੈ ਜਾ।

ਜਦੋਂ ਸਿੰਘਾਂ ਦਾ ਸੰਘਰਸ਼ ਸ਼ੁਰੂ ਹੋਇਆ ਤਾਂ ਗੁਰਦਿੱਤ ਸਿੰਘ ਉਨ੍ਹਾਂ ਦੇ ਅੜਿੱਕੇ ਆ ਗਿਆ। ਮਸਾਂ ਤਰਲੇ ਕੱਢ ਕੇ ਛੁੱਟਿਆ। ਚਾਰ ਦਿਨ ਸੁਖਾਲੇ ਕੱਢੇ, ਫਿਰ ਉਸੇ ਰਾਹ ਪੈ ਗਿਆ। ਅਖੀਰ ਗੁਰਦਿੱਤ ਸਿੰਘ ਦਾ ਪਰਿਵਾਰ ਉਸ ਵਕਤ ਦੁੱਖਾਂ ਤੋਂ ਮੁਕਤ ਹੋ ਗਿਆ ਜਦੋਂ ਤਿੰਨ ਮਹੀਨਿਆਂ ਬਾਅਦ ਉਸ ਦੇ ਕੱਪੜੇ ਥਾਣੇ ਵਿਚੋਂ ਮਿਲੇ। ਉਸ ਨੇ ਰੇਲ ਗੱਡੀ ਥੱਲੇ ਆ ਕੇ ਖੁਦਕੁਸ਼ੀ ਕਰ ਲਈ ਸੀ। ਗੁਰਦਿੱਤ ਸਿੰਘ ਆਪ ਤਾਂ ਚਲਿਆ ਗਿਆ ਪਰ ਸਿੱਖਿਆ ਦੇ ਗਿਆ ਕਿ ਬੁਰੇ ਕੰਮ ਦੇ ਚੰਗੇ ਨਤੀਜੇ ਨਹੀਂ ਨਿਕਲਦੇ। ਕਈ ਵਾਰ ਸੁੱਖ ਔਲਾਦ ਨਾਲ ਨਹੀਂ ਮਿਲਦਾ ਤੇ ਕਈ ਵਾਰ ਦੁੱਖ ਮਾਪਿਆਂ ਕਰ ਕੇ ਹੰਢਾਉਣਾ ਪੈਂਦਾ ਹੈ।

---

## ਸੰਪਾਦਕ ਦੀ ਡਾਕ

### ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖ਼ਬਾਰ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 27 ਅਪਰੈਲ ਵਾਲੇ ਅੰਕ ਵਿਚ ਤੁਸੀਂ ਜੋ ਵਿਚਾਰ 'ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖ਼ਬਾਰ' ਦੇ ਸਿਰਲੇਖ ਹੇਠ ਪਾਠਕਾਂ ਦੀ ਕਚਹਿਰੀ ਵਿਚ ਸਾਹਮਣੇ ਰੱਖੇ ਹਨ, ਉਹ ਪੜ੍ਹ ਕੇ ਇਸ ਗੱਲ ਦਾ ਦੁੱਖ ਹੋਇਆ ਕਿ ਆਪਣੇ ਆਪ ਨੂੰ ਧਾਰਮਿਕ ਸਦਵਾਉਣ ਵਾਲੇ ਅਤੇ ਧਾਰਮਿਕ ਸਥਾਨਾਂ 'ਤੇ ਕਾਬਜ਼ ਲੋਕਾਂ ਦੇ ਚਿਹਰੇ-ਮੋਹਰੇ ਕਿੰਨੇ ਸਾਊ ਤੇ ਬੀਬੇ ਹਨ ਪਰ ਕਿਰਦਾਰ ਕਿੰਨੇ ਖੋਖਲੇ ਹਨ!

ਗੁਰੂਘਰਾਂ ਵਿਚ ਬੈਠ ਕੇ ਸੱਚ ਅਤੇ ਹੱਕ ਦੀਆਂ ਗੱਲਾਂ ਕਰਨ ਵਾਲੇ ਸੇਵਾਦਾਰਾਂ ਨੂੰ ਇਹ ਕੌੜਾ ਸੱਚ ਪੜ੍ਹ ਕੇ ਜ਼ਰੂਰ ਅਹਿਸਾਸ ਹੋਣਾ ਚਾਹੀਦਾ ਹੈ ਕਿ ਕਿਸੇ ਦਾ ਹੱਕ ਮਾਰਨਾ ਗੁਰਮਤਿ ਦੇ ਵਿਰੁਧ ਹੈ। 'ਪੰਜਾਬ ਟਾਈਮਜ਼' ਵਿਚ ਲਵਾਏ ਇਸ਼ਤਿਹਾਰਾਂ ਦੀ ਅਦਾਇਗੀ ਉਨ੍ਹਾਂ ਨੂੰ ਤੁਰੰਤ ਕਰ ਦੇਣੀ ਚਾਹੀਦੀ ਹੈ। ਇਸ ਨਾਲ ਅਖ਼ਬਾਰ ਨੂੰ ਉਸ ਦਾ ਬਣਦਾ ਹੱਕ ਵੀ ਮਿਲ ਜਾਵੇਗਾ ਤੇ ਪ੍ਰਬੰਧਕ ਵੀਰਾਂ ਦੇ ਸਿਰਾਂ ਤੋਂ ਬੋਝ ਵੀ ਲੱਥ ਜਾਵੇਗਾ। ਗੁਰੂਘਰਾਂ ਦੇ ਪ੍ਰਬੰਧਕਾਂ ਨੂੰ ਇਹ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਸੇਵਾਵਾਂ ਖ਼ਤਮ ਹੋਣ ਤੋਂ ਪਹਿਲਾਂ ਆਪਣੇ ਸਾਰੇ ਲੈਣ-ਦੇਣ ਪੂਰੇ ਕਰ ਕੇ ਸੇਵਾ-ਮੁਕਤ ਹੋਇਆ ਕਰਨ। ਸਾਨੂੰ ਗੁਰੂ ਨਾਨਕ ਪਾਤਸ਼ਾਹ ਦਾ ਇਹ ਫ਼ੁਰਮਾਨ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਖਾਇ॥"

ਤੁਸੀਂ ਇਹ ਗੱਲ ਵੀ ਠੀਕ ਕੀਤੀ ਹੈ ਕਿ ਪੰਜਾਬੀ ਅਖਬਾਰਾਂ ਦਾ ਵੀ ਇਸ ਮਾਮਲੇ ਵਿਚ ਕਸੂਰ ਹੈ ਜੋ ਬਿਨਾ ਪੁੱਛੇ ਇਸ਼ਤਿਹਾਰ ਛਾਪਦੇ ਹਨ ਅਤੇ ਇਸ ਦਾ ਖਮਿਆਜ਼ਾ ਕਈ ਵਾਰ ਹੋਰਨਾਂ ਨੂੰ ਭੁਗਤਣਾ ਪੈਂਦਾ ਹੈ। ਪਾਠਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਪੰਜਾਬ ਟਾਈਮਜ਼ ਇਕ ਮਿਆਰੀ ਅਖਬਾਰ ਹੈ ਅਤੇ ਅਮਰੀਕਾ, ਕੈਨੇਡਾ ਵਿਚ ਇਸ ਦੇ ਮੁਕਾਬਲੇ ਹੋਰ ਕੋਈ ਪੰਜਾਬੀ ਅਖਬਾਰ ਨਹੀਂ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਵਧੀਆ ਪੰਜਾਬੀ ਹਫਤਾਵਾਰ ਪੰਜਾਬ ਟਾਈਮਜ਼

ਪੰਜਾਬ ਟਾਈਮਜ਼ ਅਤੇ ਇਸ ਦੇ ਲੇਖਕਾਂ ਦੀ ਜਿੰਨੀ ਤਾਰੀਫ ਕੀਤੀ ਜਾਵੇ, ਥੋੜ੍ਹੀ ਹੈ। ਕਲਾਕਾਰਾਂ ਬਾਰੇ ਅਸ਼ੋਕ ਭੌਰਾ ਅਤੇ ਸਵਰਨ ਟਹਿਣਾ ਬਹੁਤ ਅੱਛਾ ਲਿਖਦੇ ਹਨ। ਵਰਿਆਮ ਸੰਧੂ ਤੇ ਹੋਰ ਕਹਾਣੀਕਾਰਾਂ ਦੀਆਂ ਕਹਾਣੀਆਂ ਤਾਰੀਫਯੋਗ ਹਨ। ਤਰਲੋਚਨ ਸਿੰਘ ਦੁਪਾਲਪੁਰ ਦੀਆਂ ਲਿਖਤਾਂ ਦਾ ਆਪਣਾ ਹੀ ਇਕ ਰੰਗ ਹੈ। ਨਿੰਮੇ ਡੱਲੇਵਾਲੀਆ ਦੀਆਂ ਲਿਖਤਾਂ ਵੀ ਚੰਗੀਆਂ ਹਨ। ਵਰਤਮਾਨ ਅਤੇ ਭੂਤਕਾਲ ਦੀ ਸਿਆਸਤ ਬਾਰੇ ਜਤਿੰਦਰ ਪੰਨੂ, ਬੂਟਾ ਸਿੰਘ, ਦਲਜੀਤ ਅਮੀ, ਗੁਰਦਿਆਲ ਬੱਲ, ਹਰਮੋਹਿੰਦਰ ਚਹਿਲ ਅਤੇ ਹਮੀਰ ਸਿੰਘ ਬਹੁਤ ਵਧੀਆ ਚੀਰ-ਫਾੜ ਕਰਦੇ ਹਨ। ਗੁਰਬਾਣੀ ਤੇ ਗੁਰਮਤਿ ਬਾਰੇ ਡਾ. ਗੁਰਨਾਮ ਕੌਰ ਦੇ ਲੇਖ ਧਾਰਮਿਕ ਸੂਝ ਪੈਦਾ ਕਰਦੇ ਹਨ।

ਗੁਰਦਿਆਲ ਸਿੰਘ ਬੱਲ (ਪਟਿਆਲਵੀ) ਨੇ ਪੰਜਾਬ ਦੀ ਨਕਸਲੀ ਲਹਿਰ ਅਤੇ ਇਸ ਤੋਂ ਪਹਿਲਾਂ ਬਿੱਕਰ ਕੰਮੇਆਣਾ ਦੀ ਪੀ ਐਸ ਯੂ ਬਾਰੇ ਲੇਖ ਲੜੀ ਵੀ ਬਹੁਤ ਵਧੀਆ ਦਸਤਾਵੇਜ਼ ਹਨ। ਪੰਜਾਬ ਦੀ ਨਕਸਲੀ ਲਹਿਰ ਬਾਰੇ ਜੇ ਉਸ ਸਮੇਂ ਦੇ ਆਈ ਜੀ ਅਸ਼ਵਨੀ ਕੁਮਾਰ ਸ਼ਰਮਾ ਅਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਸਮੇਂ ਮੁਕਾਬਲਿਆਂ ਵਿਚ ਮਾਰੇ ਗਏ 80 ਨਕਸਲੀਆਂ ਜਾਂ ਉਸ ਸਮੇਂ ਦੇ ਪਹਿਲੀ ਕਤਾਰ ਦੇ 52 ਨਕਸਲੀ ਆਗੂਆਂ ਬਾਰੇ ਵੀ ਲਿਖਿਆ ਜਾਵੇ ਤਾਂ ਬਹੁਤ ਚੰਗਾ ਹੋਵੇਗਾ। ਇਸ ਮਾਮਲੇ ਵਿਚ ਪੀ ਐਸ ਯੂ ਦੇ ਸਾਬਕਾ ਆਗੂ ਕਮਲਜੀਤ ਸਿੰਘ ਵਿਰਕ ਇੰਡੀਆਨਾ ਬਹੁਤ ਵਧੀਆ ਜਾਣਕਾਰੀ ਦੇਣ ਦੇ ਕਾਬਲ ਹਨ। ਪੰਜਾਬ ਦੀ ਨਕਸਲੀ ਲਹਿਰ ਬਾਰੇ ਫਿਲਮਕਾਰ ਓਮਪੁਰੀ ਜਾਂ ਕੋਈ ਹੋਰ ਫਿਲਮਕਾਰ ਦਰਸ਼ਨ ਔਲਖ ਅਤੇ ਅਮਰਦੀਪ ਗਿੱਲ ('ਸੁੱਤਾ ਨਾਗ' ਫੇਮ) ਦੀ ਮਦਦ ਨਾਲ ਫਿਲਮ ਬਣਾ ਸਕਦੇ ਹਨ।

**ਪੰਜਾਬ ਟਾਈਮਜ਼ ਦੇ ਪਾਠਕ**

***-ਜੁਗਰਾਜ ਗਿੱਲ, ਹਰਪ੍ਰੀਤ ਸਿੰਘ ਗਿੱਲ, ਪਰਮਪਾਲ ਗਿੱਲ, ਸੁਖਵਿੰਦਰ ਸਿੰਘ ਚੀਮਾ, ਸੁਰਜੀਤ ਸਿੰਘ ਰੰਧਾਵਾ, ਕੁਲਵਿੰਦਰ ਬਰਾੜ, ਲਾਡੀ ਚੀਮਾ ਅਤ ਗਿੰਨੀ ਚੀਮਾ (ਸਾਰੇ ਸ਼ਾਰਲਟ, ਨਾਰਥ ਕੈਰੋਲਾਈਨਾ)***

---

### ਮਾਂ ਬੋਲੀ ਪੰਜਾਬੀ

'ਪੰਜਾਬ ਟਾਈਮਜ਼' ਦੇ ਸੋਲਾਂ ਮਾਰਚ ਦੇ ਅੰਕ ਵਿਚ ਪੜ੍ਹੀ ਕਵਿਤਾ 'ਮਾਂ ਬੋਲੀ ਪੰਜਾਬੀ' ਨਾਲ ਬੜੀ ਖੁਸ਼ੀ ਮਿਲੀ ਅਤੇ ਯਕੀਨ ਹੋਇਆ ਕਿ ਜੇ ਪੰਜਾਬੀ ਘਰਾਂ ਵਿਚ ਮਾਂ-ਬਾਪ ਆਪਣੀ ਮਾਂ ਬੋਲੀ ਬੋਲਣਗੇ ਤਾਂ ਬੱਚਾ ਜ਼ਰੂਰ ਮਾਂ ਬੋਲੀ ਸਿੱਖੇਗਾ। ਮੈਂ ਪਾਠਕਾਂ ਨਾਲ ਆਪਣੇ ਘਰ ਦੀ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ। ਮੇਰਾ ਲੜਕਾ ਕੈਨੇਡਾ ਵਿਚ ਪੈਦਾ ਹੋਇਆ ਅਤੇ ਉਸ ਨੂੰ ਪੰਜਾਬੀ ਦਾ ਬਹੁਤ ਘੱਟ, ਜਾਂ ਕਹਿ ਲਵੋ ਕਿ ਨਾਂ-ਮਾਤਰ ਹੀ ਪਤਾ ਸੀ। ਮੈਂ ਉਸ ਨੂੰ 4 ਸਾਲ ਦੇ ਨੂੰ ਅਮਰੀਕਾ ਲੈ ਆਇਆ ਸਾਂ। ਮੇਰੀ ਘਰਵਾਲੀ ਬਹੁਤਾ ਇਸਤੇਮਾਲ ਅੰਗਰੇਜ਼ੀ ਦਾ ਕਰਦੀ ਸੀ, ਪਰ ਮੈਂ ਆਪਣੇ ਮਾਂ ਅਤੇ ਬਾਪ (ਜੋ ਸਿੱਖਿਆ ਦੇ ਮਹਿਕਮੇ ਵਿਚ ਡੀ.ਈ.ਓ. ਅਤੇ ਲੈਕਚਰਾਰ ਸਨ) ਕਰ ਕੇ ਬਹੁਤਾ ਲਗਾਉ ਪੰਜਾਬੀ ਨਾਲ ਕਰ ਬੈਠਾ, ਕਿ ਬੇਟਾ ਵੀ ਪੰਜਾਬੀ ਸਿੱਖੇ।

ਖੈਰ! ਜਦੋਂ ਮੈਂ ਪੰਜਾਬੀ ਮਾਸਟਰ ਹੁਕਮ ਚੰਦ ਦਾ ਵਿਦਿਆਰਥੀ ਸੀ, ਉਸ ਤੋਂ ਕਾਫੀ ਕੁਝ ਗ੍ਰਹਿਣ ਕੀਤਾ। ਜਦੋਂ ਪੰਜਾਬੀ ਬੋਲਦਾ ਤਾਂ ਲੱਗਦਾ ਕਿ ਮੋਤੀ ਕੇਰ ਰਿਹਾ ਹੈ। ਉਸ ਦੀਆਂ ਸੁਣਾਈਆਂ ਕੁਝ ਸਤਰਾਂ ਪੇਸ਼ ਹਨ:

***ਪੰਜਾਬੀ ਬੋਲੀ***

ਐ ਪੰਜਾਬੀ ਬੋਲੀ ਮਾਂ, ਹੈ ਮਾਣ ਪੰਜਾਬ ਤੇਰਾ,
ਮਾਂ ਬੋਲੀ ਮਿੱਠੀ ਨੂੰ ਵਿਸਾਰੀਏ ਨਾ।
ਇਹਦੇ ਦੁੱਧ ਦਾ, ਲੋਰੀਆਂ ਗੋਦੀਆਂ ਦੀ,
ਕੋਝੀ ਕਹਿ-ਕਹਿ ਕੇ ਮੁੱਲ ਤਾਰੀਏ ਨਾ।
ਇਹ ਹੈ ਮਾਂ ਇਹਦੇ ਸਿਰ 'ਤੇ ਮੁਕਟ ਰੱਖੀਏ,
ਮਾਂ ਬੋਲੀ ਨੂੰ ਬੋਲੀਆਂ ਮਾਰੀਏ ਨਾ।
ਆਪਾਂ ਆਰਤੀ ਇਹਦੀ ਉਤਾਰਨੀ ਏ,
ਆਪਾਂ ਏਸ ਦੇ ਜ਼ੇਵਰ ਉਤਾਰੀਏ ਨਾ।
ਸਭ ਨੇ ਮਾਂਵਾਂ ਨੂੰ ਤਖ਼ਤ ਬਠਾਲਿਆ ਏ,
ਸਾਰੇ ਜੱਗ ਨਾਲੋਂ ਪੁੱਠੀ ਬਾਤ ਨਾ ਕਰ,
ਜ਼ਰਾ ਆਤਮਾ ਵਿਚ ਚੁੱਭੀ ਮਾਰ ਤੇ ਸਹੀ,
ਦਿਨ ਨੂੰ ਰਾਤ ਨਾ ਕਰ, ਆਤਮਘਾਤ ਨਾ ਕਰ।

*-ਮੇਜਰ ਸੁਰਿੰਦਰਜੀਤ ਸਿੰਘ ਬਰਾੜ*
*ਫ਼ੋਨ: 414-763-1409*

# ਚਿੱਟ-ਕੱਪੜੀਆ

**ਯਾਦ ਝਰੋਖਾ**

**ਰੇਸ਼ਮ ਸਿੰਘ ਸੈਣੀ**

ਇਹ ਉਸ ਵਕਤ ਦੀ ਗੱਲ ਹੈ ਜਦੋਂ ਮੈਂ ਬਹੁਤ ਛੋਟਾ ਸੀ ਅਤੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਦਾ ਸੀ। ਜਦ ਵੀ ਮੈਂ ਸਕੂਲ ਜਾਂਦਾ ਜਾਂ ਸਕੂਲੋਂ ਮੁੜਦਾ ਤਾਂ ਰਸਤੇ ਵਿਚ ਉਸ ਦੇ ਦਰਸ਼ਨ ਅਕਸਰ ਹੀ ਹੋ ਜਾਂਦੇ। ਸ਼ਾਇਦ ਇਸ ਕਰਕੇ ਵੀ ਕਿ ਉਸ ਦੇ ਘਰ ਦਾ ਰਸਤਾ ਸਾਡੀ ਸਰਦਲ ਅੱਗੋਂ ਦੀ ਹੋ ਕੇ ਹੀ ਜਾਂਦਾ ਸੀ। ਜਦ ਵੀ ਉਹ ਸਾਡੇ ਘਰ ਦੇ ਅੱਗੋਂ ਲੰਘਦਾ ਤਾਂ ਮੈਂ ਉਸ ਦੇ ਦੁੱਧ ਚਿੱਟੇ ਪਹਿਰਾਵੇ ਵੱਲ ਦੇਖਦਾ ਹੀ ਰਹਿ ਜਾਂਦਾ। ਮਨ ਵਿਚ ਕਈ ਤਰ੍ਹਾਂ ਦੇ ਸਵਾਲ ਪੈਦਾ ਹੁੰਦੇ ਕਿ ਕੀ ਕਦੇ ਇਹ ਬੰਦਾ ਕੋਈ ਕੰਮ ਵੀ ਕਰਦਾ ਹੋਊ? ਜੇ ਕਰਦਾ ਹੋਵੇ ਤਾਂ ਇਸ ਦੇ ਕੱਪੜੇ ਕਿਉਂ ਨਹੀਂ ਖਰਾਬ ਹੁੰਦੇ? ਪਰ ਕਦੇ ਪੁੱਛਣ ਦਾ ਹੀਆ ਨਾ ਪੈਂਦਾ। ਮੇਰੇ ਜ਼ਿਹਨ ਵਿਚ ਲੋਕਾਂ ਤੋਂ ਸੁਣੀਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਕੇ ਵੀ ਉਸ ਦਾ ਅਜੀਬ ਕਿਸਮ ਦਾ ਅਕਸ ਬਣਿਆ ਹੋਇਆ ਸੀ।

ਉਹ ਤਿੰਨ ਭਰਾ ਸਨ ਇੱਕੋ ਹੀ ਮਾਂ ਦੇ ਜਾਏ ਪਰ ਲੋਕ ਕਹਿੰਦੇ ਸਨ ਕਿ ਇਨ੍ਹਾਂ ਦੇ ਪਿਉ ਬਾਰੇ ਤਾਂ ਸਿਰਫ ਇਨ੍ਹਾਂ ਦੀ ਮਾਂ ਹੀ ਦੱਸ ਸਕਦੀ ਸੀ ਕਿ ਕੌਣ ਸੀ? ਤਿੰਨਾਂ ਭਰਾਵਾਂ ਦੇ ਨਾਂ 'ਪ' ਅੱਖਰ ਨਾਲ ਸ਼ੁਰੂ ਹੁੰਦੇ ਸਨ-ਪ੍ਰੇਮ ਸਿੰਘ, ਪਵਿੱਤਰ ਸਿੰਘ ਅਤੇ ਪਿਆਰਾ ਸਿੰਘ। ਸਬੱਬ ਨਾਲ ਤਿੰਨਾਂ ਦੀਆਂ ਪਤਨੀਆਂ ਦੇ ਨਾਂ ਵੀ ਇੱਕੋ ਅੱਖਰ ਨਾਲ ਸ਼ੁਰੂ ਹੁੰਦੇ ਸਨ-ਕਰਤਾਰ ਕੌਰ, ਕੁਲਵੰਤ ਕੌਰ ਅਤੇ ਕੁਲਬੀਰ ਕੌਰ। ਤਿੰਨਾਂ ਦੇ ਤਿੰਨ ਮੁੰਡਿਆਂ ਦੇ ਨਾਂ ਵੀ ਦੱਦੇ ਤੋਂ ਸ਼ੁਰੂ ਹੁੰਦੇ ਸਨ-ਦਲਬੀਰ, ਦਲਜੀਤ ਤੇ ਦਰਸ਼ਨ ਅਤੇ ਸਾਰੇ ਭਰਾਵਾਂ ਦੀ ਇੱਕ ਇੱਕ ਕੁੜੀ ਸੀ। ਉਨ੍ਹਾਂ ਦੇ ਨਾਂ ਵੀ 'ਰ' ਅੱਖਰ ਨਾਲ ਹੀ ਰੱਖੇ ਸਨ-ਰਣਜੋਤ, ਰਸਲੀਨ ਤੇ ਰਜਵੰਤ। ਇਤਫਾਕ ਦੀ ਗੱਲ ਸੀ ਕਿ ਤਿੰਨਾਂ ਦੀਆਂ ਧੀਆਂ ਜੇਠੀਆਂ ਤੇ ਪੁੱਤਰ ਛੋਟੇ ਸਨ। ਪਿੰਡ ਦੇ ਲੋਕ ਇਸ ਅਜੀਬ ਇਤਫਾਕ ਨੂੰ ਬਿਲਕੁਲ ਨਹੀਂ ਸਨ ਸਮਝ ਸਕੇ।

ਤਿੰਨਾਂ ਵਿਚੋਂ ਚਿੱਟ-ਕੱਪੜੀਆ ਵਿਚਕਾਰਲਾ ਸੀ। ਇੱਕ ਦਿਨ ਦੀ ਗੱਲ ਹੈ ਕਿ ਸਾਡੇ ਘਰ ਕੋਈ ਨਹੀਂ ਸੀ। ਚਿੱਟ-ਕੱਪੜੀਆ ਸਾਡੇ ਘਰ ਆਇਆ। ਮੈਂ ਛੋਟਾ ਸੀ ਅਤੇ ਕੁਝ ਘਬਰਾ ਗਿਆ ਸੀ ਕਿ ਇਹ ਸਾਡੇ ਘਰ ਕਿਉਂ ਆਇਆ ਹੈ। ਮੇਰੇ ਘਬਰਾ ਜਾਣ ਦਾ ਇੱਕ ਕਾਰਨ ਇਹ ਵੀ ਸੀ ਕਿ ਲੋਕ ਉਸ ਬਾਰੇ ਅਕਸਰ ਅਜੀਬੋ ਗਰੀਬ ਗੱਲਾਂ ਕਰਦੇ ਰਹਿੰਦੇ। "ਤੇਰਾ ਭਾਪਾ ਕਿੱਥੇ ਆ ਕਾਕਾ," ਆਖ ਉਸ ਗੱਲ ਤੋਰੀ। "ਜੀ ਕੋਈ ਵੀ ਘਰ ਨਹੀ," ਕਹਿੰਦਿਆਂ ਮੈਂ ਹੋਰ ਵੀ ਘਬਰਾ ਗਿਆ। ਨਿਆਂਈਂ ਵਾਲੀ ਪੈਲੀ ਨੂੰ ਫਾਟ ਮਾਰਨੀ ਸੀ ਜਿਸ ਕਰਕੇ ਥੋੜ੍ਹੀ ਦੇਰ ਲਈ ਬਲਦਾਂ ਦੀ ਜੋੜੀ ਅਤੇ ਸੁਹਾਗਾ ਚਾਹੀਦਾ ਸੀ। ਮੈਂ ਇਹ ਫੈਸਲਾ ਨਹੀਂ ਸੀ ਕਰ ਸਕਦਾ ਕਿ ਬਲਦ ਦੇ ਦਿਆਂ ਜਾਂ ਕਿਸੇ ਬਹਾਨੇ ਮਨ੍ਹਾਂ ਕਰ ਦਿਆਂ। ਅਜੇ ਸੋਚਾਂ ਵਿਚ ਹੀ ਸੀ ਕਿ ਅਚਾਨਕ ਦਾਦਾ ਜੀ ਘਰ ਆ ਗਏ। ਬੋਲੇ, "ਪਵਿੱਤਰ ਸਿਆਂ ਬਲਦ ਤਾਂ ਲੈ ਜਾ ਪਰ ਜਲਦੀ ਲੈ ਆਈਂ ਪੱਠਿਆਂ ਨੂੰ ਜਾਣਾ ਅਤੇ ਸੁਹਾਗਾ ਤੂੜੀ ਦੇ ਕੁੱਪ ਕੋਲ ਪਿਐ।... ਜਾਹ ਕਾਕਾ ਬਲਦ ਖੋਲ੍ਹ ਕੇ ਦੇ ਦੇ।"

ਮੈਂ ਕੋਲ ਪਿਆ ਡੰਡਾ ਚੁਕਿਆ ਅਤੇ ਪਹਿਲਾਂ ਗੋਰਾ ਬਲਦ ਖੋਲ੍ਹਿਆ ਅਤੇ ਫਿਰ ਨਾਰਾ, ਤੇ ਬਲਦ ਉਸ ਦੇ ਹਵਾਲੇ ਕਰ ਦਿੱਤੇ। ਉਸ ਨੇ ਸੁਹਾਗਾ ਗੱਡੇ ਤੇ ਰੱਖਿਆ ਅਤੇ ਬਲਦ ਜੋੜ ਕੇ ਤੁਰ ਗਿਆ। ਚਾਹੁੰਦੇ ਹੋਏ ਵੀ ਮੈਂ ਇਹ ਨਹੀਂ ਸੀ ਪੁੱਛ ਸਕਿਆ ਕਿ ਤਾਇਆ ਤੁਸੀਂ ਇੰਨੇ ਚਿੱਟੇ ਕੱਪੜੇ ਕਿਉਂ ਪਾਉਂਦੇ ਹੋ?

ਇੱਕ ਵੇਰ ਫਿਰ ਅਚਾਨਕ ਉਸ ਨਾਲ ਮੁਲਾਕਾਤ ਹੋਈ ਅਤੇ ਉਸ ਦੇ ਪਹਿਰਾਵੇ ਬਾਰੇ ਮੈਂ ਪੁੱਛ ਹੀ ਲਿਆ। 'ਇਹ ਇੱਕ ਰਾਜ਼ ਦੀ ਗੱਲ ਹੈ' ਆਖਦੇ ਉਸ ਅੱਖ ਦਾ ਇਸ਼ਾਰਾ ਕੀਤਾ ਤੇ ਫਿਰ ਬੋਲਿਆ, 'ਤਾਂ ਜੋ ਜੀਵਨ ਬੇਦਾਗ ਰਹੇ।' ਪਰ ਉਸ ਦੇ ਕਹੇ ਸ਼ਬਦ ਲੋਕਾਂ ਦੀ ਸੋਚ ਅਨੁਸਾਰ ਮੇਰੇ ਲਈ ਵੀ ਕੋਈ ਮਾਅਨੇ ਨਹੀਂ ਸਨ ਰੱਖਦੇ ਕਿਉਂਕਿ ਉਹ ਪਿੰਡ ਵਿਚ ਹੀ ਨ੍ਹੀਂ ਸਗੋਂ ਇਲਾਕੇ ਵਿਚ ਹੀ ਆਪਣੇ ਅੱਲੋਕਾਰੇ ਕਾਰਨਮਿਆਂ ਕਰਕੇ ਮਸ਼ਹੂਰ ਸੀ। ਲੋਕਾਂ ਦੇ ਕਹਿਣ ਅਨੁਸਾਰ ਉਸ ਨੂੰ ਤਾਂ 10 ਨੰਬਰੀ ਦਾ ਖਿਤਾਬ ਦਿੱਤਾ ਗਿਆ ਸੀ ਅਤੇ ਉਸ ਨੂੰ ਸਬੰਧਤ ਥਾਣੇ ਵਿਚ ਨੇਮ ਨਾਲ ਹਾਜ਼ਰੀ ਲਵਾਉਣ ਜਾਣਾ ਪੈਂਦਾ ਸੀ। ਜਦ ਵੀ ਕਦੇ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਤਾਂ ਸਭ ਤੋਂ ਪਹਿਲਾਂ ਉਸ ਤੋਂ ਹੀ ਪੁੱਛ ਪੜਤਾਲ ਕੀਤੀ ਜਾਂਦੀ।

ਉਸ ਦੀ ਇੱਕ ਹੋਰ ਗੱਲ ਦਾ ਭੇਦ ਮੇਰੀ ਸਮਝੋਂ ਬਾਹਰ ਸੀ। ਲੋਕ ਤਾਂ ਉਸ ਨੂੰ ਠੱਗ ਆਖਦੇ ਸਨ ਪਰ ਉਸ ਦੇ ਹੱਥ 'ਚ ਸਦਾ ਹੀ 101 ਮਣਕਿਆਂ ਵਾਲੀ ਮਾਲਾ ਹੁੰਦੀ। ਲੋਕ ਤਾਂ ਇੱਥੋਂ ਤੱਕ ਕਹਿੰਦੇ ਸਨ ਕਿ ਕੋਈ ਵੀ ਉਸ ਦੇ ਖਾਨਦਾਨ 'ਚ ਆਂਡਾ, ਮੀਟ ਅਤੇ ਸ਼ਰਾਬ ਨਹੀਂ ਖਾਂਦਾ-ਪੀਂਦਾ।

ਜਦੋਂ ਮੈਂ ਕੁਝ ਵੱਡਾ ਹੋ ਗਿਆ ਤੇ ਮੈਨੂੰ ਖੁਦ ਉਸ ਦੀਆਂ ਕਾਲੀਆਂ ਕਰਤੂਤਾਂ ਨੂੰ ਬਹੁਤ ਹੀ ਨੇੜਿਉਂ ਹੋ ਕੇ ਦੇਖਣ ਦਾ ਮੌਕਾ ਮਿਲਿਆ। ਜਦ ਬਾਈ ਪਿੰਡਾਂ ਦੇ ਲੋਕ ਅਤੇ ਇਲਾਕੇ ਦੇ ਕਈ ਥਾਣਿਆਂ ਦੀ ਪੁਲਿਸ ਵੀ ਹਾਜ਼ਰ ਸੀ ਅਤੇ ਕੜੀਆਂ ਲੱਗੇ ਇਸ ਸ਼ਖਸ ਤੋਂ ਪੁਛਗਿੱਛ ਕਰ ਰਹੀ ਸੀ। ਲੋਕ ਬਹੁਤ ਹੀ ਉਤਾਵਲੇ ਸਨ ਕਿ ਭੇਦ ਖੁੱਲ੍ਹੇ ਕਿ ਇਸ ਨੇ ਕਿਸ ਤਰ੍ਹਾਂ ਗੁਰਦੁਆਰੇ ਦੀ ਗੋਲਕ ਦਾ ਤਾਲਾ ਤੋੜ ਕੇ ਚੋਰੀ ਕਰ ਲਈ। ਪੁਲਿਸ ਨੇ ਉਸ ਦੀ ਹੱਥਕੜੀ ਖੋਲ੍ਹੀ ਅਤੇ ਦਰਬਾਰ ਹਾਲ ਵਿਚ ਲਿਆਈ। ਮੁਹਤਬਰਾਂ 'ਚੋਂ ਇੱਕ ਬੋਲਿਆ, "ਜੇ ਤੂੰ ਚੋਰੀ ਨਹੀਂ ਕੀਤੀ ਤਾਂ ਸਿਰ ਉਪਰ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਕਸਮ ਖਾਹ। ਨਹੀਂ ਤਾਂ ਸਾਰੇ ਇਕੱਠ ਦੇ ਸਾਹਮਣੇ ਸੱਚ ਬੋਲ। ਫੇਰ ਕੀ ਸੀ, ਉਹ ਹੱਥਕੜੀ ਖੁੱਲ੍ਹਣ 'ਤੇ ਹੱਥ ਮਲਦਾ ਬਾਹਰ ਵਲ ਨੂੰ ਤੁਰ ਪਿਆ। ਸਭ ਉਸ ਵੱਲ ਹੈਰਾਨੀ ਨਾਲ ਦੇਖਣ ਲੱਗੇ। ਪੰਜ ਇਸ਼ਨਾਨਾ ਕਰਨ ਉਪਰੰਤ ਅਰਦਾਸ ਕਰਕੇ ਮੱਥਾ ਟੇਕ ਕੇ ਤਾਬਿਆ ਜਾ ਬੈਠਾ। ਹੁਕਮਨਾਮਾ ਲਿਆ, ਆਪਣੇ ਸੇਵਕ ਕੀ ਆਪੇ ਰਾਖੇ। ਜੋ ਸਾਰੀ ਭੀੜ ਨੇ ਲਾਊਡ ਸਪੀਕਰ ਰਾਹੀਂ ਸੁਣਿਆ। ਫਿਰ ਗੁਰੂ ਗ੍ਰੰਥ ਸਾਹਿਬ ਸਿਰ 'ਤੇ ਰੱਖ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰ ਦਿੱਤਾ। ਸਭ ਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਤੇ ਮੂੰਹ ਖੁਲ੍ਹੇ ਦੇ ਖੁਲ੍ਹੇ ਰਹਿ ਗਏ। ਸਭ ਨੇ ਪ੍ਰਸ਼ਾਦ ਲਿਆ ਤੇ ਆਪੋ ਆਪਣੇ ਘਰੀਂ ਪਰਤ ਗਏ। ਲੋਕੀਂ ਭਾਂਤ ਭਾਂਤ ਦੀਆਂ ਗੱਲਾਂ ਕਰ ਰਹੇ ਸਨ। ਲੋਕੀਂ ਦੰਦ ਕਰੀਚਦੇ ਅਤੇ ਗੁੱਸੇ ਨਾਲ ਕਹਿ ਰਹੇ ਸਨ, "ਅਜਿਹੇ ਪਾਪੀ ਦਾ ਅੰਤ ਬਹੁਤ ਹੀ ਬੁਰਾ ਹੋਣੈ। ਕੀੜੇ ਪੈ ਕੇ ਮਰਨੈ ਇਸ ਨੇ। ਕਿਵੇਂ ਸਾਫ ਹੀ ਮੁੱਕਰ ਗਿਆ ਕਿ ਮੈਂ ਚੋਰੀ ਕੀਤੀ ਹੀ ਨਹੀਂ। ਖੈਰ, ਰੱਬ ਤਾਂ ਦੇਖਦਾ ਈ ਐ।"

ਸਮੇਂ ਦੇ ਬੀਤਣ ਨਾਲ ਲੋਕ ਚੁਪ ਕਰ ਗਏ। ਲੇਕਿਨ ਪਤਾ ਨਹੀਂ ਮੈਨੂੰ ਉਹ ਸਦਾ ਹੀ ਨਿਰਦੋਸ਼ ਕਿਉਂ ਲਗਦਾ ਸੀ। ਪਰ ਕਦੇ ਕਦੇ ਸੋਚਦਾ ਕਿ ਕੀ ਉਸ ਨੂੰ ਸਾਰੀ ਦੁਨੀਆਂ ਵਿਚ ਸਿਰਫ ਇਹ ਹੀ ਇੱਕ ਥਾਂ ਮਿਲੀ ਸੀ, ਚੋਰੀ ਕਰਨ ਲਈ।

ਛੇ ਫੁੱਟ ਉਚੇ ਲੰਮੇ, ਗੋਰੇ-ਚਿੱਟੇ ਚਿੱਟ ਕੱਪੜੀਏ ਦੇ ਗਦ ਗਦ ਕਰਦੇ ਚਿਹਰੇ 'ਤੇ ਹਮੇਸ਼ਾ ਲਾਲੀ ਛਾਈ ਰਹਿੰਦੀ। ਆਪਣੀ ਸੁਰਤ 'ਚ ਮੈਂ ਉਸ ਨੂੰ ਕਦੇ ਬਿਮਾਰ ਹੋਇਆ ਨਹੀਂ ਸੀ ਸੁਣਿਆ। ਲੋਕ ਉਸ ਨੂੰ ਅਕਸਰ ਤਰ੍ਹਾਂ ਤਰ੍ਹਾਂ ਦੀਆਂ ਬਦਦੁਆਵਾਂ ਦਿੰਦੇ ਸੁਣੇ ਸਨ। ਅਕਸਰ ਸੋਚਦਾ ਜੇ ਉਹ ਵਾਕਿਆ ਹੀ ਦੋਸ਼ੀ ਸੀ ਤਾਂ ਉਸ ਨੂੰ ਲੋਕਾਂ ਦੀਆਂ ਬਦਦੁਆਵਾਂ ਕਿਉਂ ਨਹੀਂ ਲਗਦੀਆਂ? ਕਦੇ ਸੋਚਦਾ ਸ਼ਾਇਦ ਇਹ ਬੁਰੇ ਕੰਮਾਂ ਤੋਂ ਵੱਧ ਚੰਗੇ ਕੰਮ ਕਰਦਾ ਹੋਵੇਗਾ। ਪਰ ਉਹ ਹਮੇਸ਼ਾ ਦੀ ਤਰ੍ਹਾਂ ਸੀਨਾ ਤਾਣ ਕੇ ਪਿੰਡ ਦੀਆਂ ਗਲੀਆਂ 'ਚੋਂ ਗੁਜ਼ਰਦਾ, ਜਿਵੇਂ ਉਹਦੇ ਲਈ ਇਹ ਕੋਈ ਬਹੁਤੀ ਵੱਡੀ ਗੱਲ ਹੀ ਨਾ ਹੋਵੇ। ਉਹ ਲੋਕਾਂ ਨੂੰ ਮਤਲਬ ਤੋਂ ਬਿਨਾ ਬੁਲਾਉਂਦਾ ਵੀ ਘੱਟ-ਵੱਧ ਹੀ ਸੀ। ਖਾਸ ਕਰਕੇ ਕੁੜੀਆਂ ਅਤੇ ਪਿੰਡ ਦੀਆਂ ਤੀਵੀਆਂ ਨੂੰ। ਫਿਰ ਵੀ ਲੋਕ ਉਸ ਦੇ ਚਰਿੱਤਰ ਬਾਰੇ ਅਕਸਰ ਚਿੱਕੜ ਉਛਾਲਦੇ ਰਹਿੰਦੇ।

ਮੈਂ ਰੋਜ਼ ਵਾਂਗ ਸਕੂਲ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਮੇਰੀ ਚਾਚੀ ਨੇ ਆਵਾਜ਼ ਦਿੱਤੀ, "ਜਾਹ ਮੇਰਾ ਪੁੱਤ ਸਕੂਲ ਜਾਣ ਤੋਂ ਪਹਿਲਾਂ ਆਪਣੇ ਚਾਚੇ ਨੂੰ ਸਿਵਿਆਂ ਵਾਲੇ ਖੇਤ 'ਚ ਚਾਹ ਫੜਾ ਆ।" ਮੈਂ ਚਾਹ ਦਾ ਡੋਲੂ ਫੜ੍ਹ ਘਰੋਂ ਸਾਈਕਲ 'ਤੇ ਤੁਰ ਗਿਆ। ਜਦ ਸਿਵਿਆਂ ਵਿਚਲੀ ਟਾਹਲੀ ਨਾਲ ਸਾਈਕਲ ਖੜ੍ਹਾ ਕਰਕੇ ਅੱਗੇ ਤੁਰਿਆ ਤਾਂ ਦੇਖਿਆ ਕਿ ਚਿੱਟ ਕੱਪੜੀਆ ਨਲਕੇ ਕੋਲ ਜ਼ਮੀਨ 'ਤੇ ਲੇਟਿਆ ਪਿਆ ਸੀ। ਨਿਆਣਾ ਹੋਣ ਕਰਕੇ ਮੈਂ ਬਾਹਲਾ ਈ ਡਰ ਗਿਆ ਸੀ ਅਤੇ ਉਚੀ ਉਚੀ ਚਾਚੇ ਨੂੰ ਆਵਾਜ਼ਾਂ ਮਾਰਨ ਲੱਗਾ।

ਮੇਰੀ ਆਵਾਜ਼ ਸੁਣ ਚਾਚੇ ਨੇ ਬਲਦਾਂ ਨੂੰ ਰੋਕ ਮੇਰੇ ਵੱਲ ਛੂਟ ਲਾ ਦਿੱਤੀ। ਨੇੜੇ ਆ ਬੋਲਿਆ, "ਕੀ ਹੋਇਆ ਪੁੱਤ?" ਮੇਰੇ ਗਲੇ 'ਚੋਂ ਆਵਾਜ਼ ਨਹੀਂ ਸੀ ਨਿਕਲ ਰਹੀ ਪਰ ਹੱਥ ਨਾਲ ਜ਼ਮੀਨ 'ਤੇ ਡਿੱਗੇ ਚਿੱਟ ਕੱਪੜੀਏ ਵੱਲ ਇਸ਼ਾਰਾ ਕੀਤਾ।

ਜਦ ਚਾਚੇ ਨੇ ਛੋਹਿਆ ਤਾਂ ਉਸ ਦਾ ਸਰੀਰ ਮਿੱਟੀ ਹੋ ਚੁਕਾ ਸੀ। ਚਾਚਾ ਵੀ ਰੋਣ ਲੱਗਾ ਅਤੇ ਮੈਂ ਵੀ। ਨੇੜੇ-ਤੇੜੇ ਖੇਤਾਂ 'ਚ ਕੰਮ ਕਰਦੇ ਹੋਰ ਲੋਕ ਇਕੱਠੇ ਹੋ ਗਏ। ਸ਼ਾਮ ਤੱਕ ਦਾਹ ਸਸਕਾਰ ਕਰ ਦਿੱਤਾ। ਉਸ ਦੀ ਅੰਤਮ ਇੱਛਾ ਸੀ ਕਿ ਉਸ ਦੀ ਮੜ੍ਹੀ ਸਿਵਿਆਂ ਵਾਲੇ ਖੇਤ ਵਿਚ ਹੀ ਬਣਾਈ ਜਾਵੇ ਜੋ ਬਣਾ ਦਿੱਤੀ ਗਈ।

ਤਿੰਨ ਦਹਾਕੇ ਬੀਤਣ ਪਿੱਛੋਂ ਅੱਜ ਵੀ ਮੈਂ ਸੋਚਦਾਂ ਕਿ ਕੀ ਉਹ ਵਾਕਿਆ ਹੀ ਕੋਈ ਨੇਕ ਬੰਦਾ ਸੀ? ਉਸ ਦਾ ਜੀਵਨ ਆਪਣੇ ਪਹਿਰਾਵੇ ਵਾਂਗ ਬੇਦਾਗ ਸੀ। ਉਸ ਨੇ ਤਾਂ ਆਖਰੀ ਮੰਜ਼ਿਲ 'ਤੇ ਜਾਣ ਸਮੇਂ ਵੀ ਕਿਸੇ ਨੂੰ ਤਕਲੀਫ ਨਹੀਂ ਦਿੱਤੀ। ਉਹ ਕਿਵੇਂ ਕਿਸੇ ਨੂੰ ਕੋਈ ਦੁੱਖ ਦੇ ਸਕਦਾ ਸੀ? ਅੱਜ ਵੀ ਜਰਨੈਲੀ ਸੜਕ ਕੰਢੇ ਬਣੀ ਉਸ ਦੀ ਸਮਾਧ ਕੋਲੋਂ ਲੰਘਦਿਆਂ ਬਹੁਤਿਆਂ ਦਾ ਸਿਰ ਅਦਬ ਨਾਲ ਝੁਕ ਜਾਂਦਾ ਹੈ।

## ਕਾਵਿ-ਮੰਚ

### ਧੀਆਂ ਬਚਾ ਲਵੋ

ਉਠੋ ਵੇ ਪੰਜਾਬ ਦਿਓ ਸੁੱਤੇ ਪਏ ਵਾਰਸੋ,
ਸਮਾਂ ਬੜਾ ਖਰਾਬ ਹੈ, ਵੇ ਧੀਆਂ ਬਚਾ ਲਵੋ।
ਜਾਗੋ ਵੇ ਪੰਜਾਬੀਓ ਤੁਹਾਡੇ ਦਰਿਆਵਾਂ ਵਿਚ,
ਵਗ ਰਹੀ ਸ਼ਰਾਬ ਹੈ, ਵੇ ਧੀਆਂ ਬਚਾ ਲਵੋ।
ਜੋ ਘਰ ਅੰਦਰ ਬਲ ਕੇ ਤੇ ਕਰਦਾ ਸੀ ਚਾਨਣ,
ਉਹ ਬੁਝ ਰਿਹਾ ਚਿਰਾਗ ਹੈ, ਵੇ ਧੀਆਂ ਬਚਾ ਲਵੋ।
ਬਣਾਵੋ ਕਾਨੂੰਨ ਕੋਈ ਪੂਰੇ ਕੱਪੜੇ ਪਾਉਣ ਲਈ,
ਹੋਇਆ ਨੰਗਾ ਪੰਜਾਬ ਹੈ, ਵੇ ਧੀਆਂ ਬਚਾ ਲਵੋ।
ਸ਼ਰਮਾਂ ਧਰਮਾਂ ਵਿਚ ਸੀ ਜੋ ਜਿਉਣਾ ਸਿਖਾਉਂਦੀ,
ਪਈ ਰੋਂਦੀ ਕਿਤਾਬ ਹੈ, ਵੇ ਧੀਆਂ ਬਚਾ ਲਵੋ।
ਬਿਆਸ ਵੀ ਰੋਵੇ ਤੇ ਸਤਲੁਜ ਵੀ ਰੋਵੇ,
ਪਿਆ ਰੋਂਦਾ ਚਨਾਬ ਹੈ, ਵੇ ਧੀਆਂ ਬਚਾ ਲਵੋ।
ਧਰਤੀ ਪਈ ਪਿੱਟਦੀ ਅਸਮਾਨ ਢਾਹਾਂ ਮਾਰਦਾ,
ਪਿਆ ਰੋਂਦਾ ਮਹਿਤਾਬ ਹੈ, ਵੇ ਧੀਆਂ ਬਚਾ ਲਵੋ।
ਉਠੋ ਵੇ ਬੇਗੈਰਤੋ ਤੇ ਬੇਅਣਖੇ ਲੀਡਰੋ,
ਵਕਤ ਮੰਗ ਰਿਹਾ ਜਵਾਬ ਹੈ, ਵੇ ਧੀਆਂ ਬਚਾ ਲਵੋ।
ਜਾਗੋ ਵੇ ਰਣਜੀਤ ਤੇ ਨਲੂਏ ਦੇ ਵਾਰਸੋ,
ਟੁੱਟ ਰਿਹਾ ਖਵਾਬ ਹੈ, ਵੇ ਧੀਆਂ ਬਚਾ ਲਵੋ।
ਨਸ਼ਿਆਂ ਤੇ ਫੈਸ਼ਨ ਨੂੰ ਬੰਨ੍ਹ ਕੋਈ ਲਾ ਦਿਓ,
ਪਿਆ ਵਧਦਾ ਸੈਲਾਬ ਹੈ, ਵੇ ਧੀਆਂ ਬਚਾ ਲਵੋ।
ਅੱਧ-ਖਿੜੀਆਂ ਕਲੀਆਂ ਨੇ ਜਿਸਮਾਂ ਤੋਂ ਨੰਗੀਆਂ,
ਪਿਆ ਵਿੰਹਦਾ ਓਕਾਬ ਹੈ, ਵੇ ਧੀਆਂ ਬਚਾ ਲਵੋ।
ਜੋ ਧਰਮਾਂ ਦਾ ਰਾਖਾ ਤੇ ਬੇਤਾਜ ਬਾਦਸ਼ਾਹ,
ਬੈਠਾ ਬਣ ਕੇ ਨਵਾਬ ਹੈ, ਵੇ ਧੀਆਂ ਬਚਾ ਲਵੋ।
ਜੋ ਕੁੜੀਆਂ ਗ਼ੈਰਤ ਤੇ ਅਣਖਾਂ ਨਾਲ ਭਰੀਆਂ,
ਪਿਆ ਸਾੜਦਾ ਤੇਜ਼ਾਬ ਹੈ, ਵੇ ਧੀਆਂ ਬਚਾ ਲਵੋ।
ਸੁਨਾਲੀ ਤੇ ਸ਼ਰੂਤੀ ਦੀ ਹੋਈ ਬਰਬਾਦੀ ਦਾ,
ਲੋਕਾਂ ਮੰਗਣਾ ਹਿਸਾਬ ਹੈ, ਵੇ ਧੀਆਂ ਬਚਾ ਲਵੋ।
ਵੱਡੇ ਘਰਾਂ ਦਿਆਂ ਕਾਕਿਆਂ ਇਉਂ ਊਧਮ ਮਚਾਇਆ,
ਫੁੰਕਾਰਦਾ ਜਿਉਂ ਨਾਗ ਹੈ, ਵੇ ਧੀਆਂ ਬਚਾ ਲਵੋ।
ਮਾਲੀਆਂ ਦੇ ਹੱਥਾਂ ਵਿਚ ਫੜੇ ਹੋਏ ਕੁਹਾੜੇ,
ਤੱਕ ਰੋਂਦਾ ਪਿਆ ਬਾਗ ਹੈ, ਵੇ ਧੀਆਂ ਬਚਾ ਲਵੋ।
ਸ਼ਰਮ ਕਰੋ ਕੁੜੀਓ ਨੀ ਤਨ ਨੂੰ ਲੁਕੋਵੋ,
ਦੁਸ਼ਮਣ ਬੜਾ ਘਾਗ ਹੈ, ਵੇ ਧੀਆਂ ਬਚਾ ਲਵੋ।
ਇੱਜ਼ਤਾਂ 'ਤੇ ਲੱਗਿਆ ਕਦੀ ਵੀ ਨਹੀਂ ਲਹਿੰਦਾ,
ਇਹ ਬਦਨੁਮਾ ਦਾਗ ਹੈ, ਵੇ ਧੀਆਂ ਬਚਾ ਲਵੋ।
ਜਦੋਂ ਧੀਆਂ ਬਣੀਆਂ ਮਾਂ ਭਾਗੋ ਤੇ ਝਾਂਸੀ,
ਕਿਸੇ ਝੱਲਣੀ ਨਾ ਤਾਬ ਹੈ, ਵੇ ਧੀਆਂ ਬਚਾ ਲਵੋ।
'ਸੁਰਜੀਤ' ਵਾਜ਼ਾਂ ਮਾਰੇ ਵੇ ਉਠ ਪਵੋ ਸਾਰੇ,
ਜੇ ਲੈਣਾ ਸਵਾਬ ਹੈ, ਵੇ ਧੀਆਂ ਬਚਾ ਲਵੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਤਜ਼ਰਬੇ

ਦਿਸਦੇ ਨਹੀਂ ਕਈ, ਅੰਦਰੋ ਅੰਦਰੀ ਖਰਦੇ ਹੁੰਦੇ ਆ
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਸੋਚ ਸਮਝ ਕੇ ਦੱਸਾਂਗੇ, ਕਹਿ ਬਾਬੇ ਦਿੰਦੇ ਸੀ।
ਕਾਮਯਾਬ ਸੀ ਹੁੰਦੀ ਜੋ ਰੈਅ ਬਾਬੇ ਦਿੰਦੇ ਸੀ।
ਲੱਤਾਂ ਖਿੱਚਣ ਵਾਲੇ ਹੁਣ ਕਈ ਘਰ ਦੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਟਕਿਆਂ ਵਾਲੇ ਦੇ ਹੀ ਹੁਣ ਤਾਂ ਰਹਿ'ਗੇ ਰਿਸ਼ਤੇ,
ਫੇਲ੍ਹ ਆਦਮੀ ਹੋਇਆ ਕਈ ਵਾਰੀ ਪਾਣੀ ਨੂੰ ਰਿੜਕੇ।
ਇਹ ਵੀ ਗੱਲ ਹੈ, ਸਾਰਿਆਂ ਦੇ ਹੀ ਪਰਦੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਮੁਫਤ ਸਲਾਹਾਂ ਦਿੱਤੀਆਂ ਦੀ ਨਾ ਕਰਦਾ ਕਦਰ ਕੋਈ।
ਸੁਣਦਾ ਨਹੀਂ ਜੋ, ਫੇਰ ਨਾ ਉਹਦੇ ਤੁਰਦਾ ਮਗਰ ਕੋਈ।
ਮੁੱਕਦੇ ਬੰਦੇ ਮਰਨ ਤੋਂ ਪਹਿਲਾਂ ਮਰ ਗਏ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਲੋੜ ਵੇਲੇ ਮੂੰਹ ਹੋਰ ਤੇ ਮਗਰੋਂ ਹੋਰ ਹੋ ਜਾਂਦੇ ਆ।
ਸੀਨੇ ਵੇਖੇ ਚੋਰਾਂ ਦੇ ਵੀ ਜ਼ੋਰ ਹੋ ਜਾਂਦੇ ਆ।
ਸੱਚੇ ਆਖੇ ਬੋਲ ਹਮੇਸ਼ਾ ਖਰ੍ਹਵੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਸਮਾਂ ਕੋਈ ਨਾ ਮਾੜਾ, ਦੋਸ਼ ਸਮੇਂ ਨੂੰ ਦੇ ਦਿੰਦੇ।
ਜਗ੍ਹਾ ਯਾਰ ਦੀ ਹੁਣ ਤਾਂ, ਯਾਰ ਨਵੇਂ ਨੂੰ ਦੇ ਦਿੰਦੇ।
ਜੂਏਬਾਜ਼ ਖਿਡਾਰੀ ਅੰਤ ਨੂੰ ਹਰਦੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

'ਸਾਡਾ ਹੱਕ' ਜੋ ਸਖਤ ਮਨਾਹੀ, ਕਰ'ਤੀ ਵੇਖਣ ਲਈ।
ਵੋਟਾਂ ਖਾਤਰ ਸਰਸੇ ਜਾਂਦੇ ਮੱਥਾ ਟੇਕਣ ਲਈ।
ਦੇਸ਼ ਭਗਤ ਹੀ ਫਾਂਸੀਆਂ ਉਪਰ ਚੜ੍ਹਦੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

ਸਾਰਿਆਂ ਦੀ ਹੀ ਉਂਗਲੀ ਦੂਸਰੇ ਵੱਲ ਨੂੰ ਉਠਦੀ ਏ।
ਮਾੜ੍ਹ ਦੀ ਕੋਈ ਵੁੱਕਤ ਨਹੀਂ, ਗੱਲ ਏਥੇ ਈ ਮੁੱਕਦੀ ਏ।
'ਰਾਜ' ਚੀਮਨੇ ਪਿੰਡ ਵੀ ਗੱਲਾਂ ਕਰਦੇ ਹੁੰਦੇ ਆ।
ਵਰਤ ਵਰਤ ਕੇ ਲੋਕਾਂ ਨਾਲ ਤਜ਼ਰਬੇ ਹੁੰਦੇ ਆ।

*-ਰਾਜ ਧਾਲੀਵਾਲ*

### ਗਜ਼ਲ

ਫਿਰ ਇਸ਼ਕ ਅਤੇ ਹੁਸਨ ਮਹਿਫਲ ਸਜਾਉਣ ਲੱਗੇ।
ਗਜ਼ਲਾਂ ਨੂੰ ਗੀਤ ਦੂਰੋਂ ਤੋਹਫੇ ਪਹੁੰਚਾਉਣ ਲੱਗੇ।
ਕਾਮ ਦੀ ਧਰਤੀ 'ਤੇ ਨੱਚਣ ਨਚਾਉਣ ਲੱਗੇ,
ਮੇਨਕਾ ਤੋਂ ਦੇਵਤਾ ਖੁਦ ਨੂੰ ਡੋਲਾਉਣ ਲੱਗੇ।
ਨਜ਼ਰਾਂ ਦੇ ਤੀਰ ਖਾ ਕੇ ਵੀ ਮੁਸਕਰਾਉਣ ਲੱਗੇ,
ਬ੍ਰਿਹਾ ਦੇ ਦਰਦ ਸੰਗ ਬਾਤਾਂ ਨੇ ਪਾਉਣ ਲੱਗੇ।
ਨੇਤਾ ਜੀ ਦਿਨ ਵਿਚ ਦੀਵੇ ਜਗਾਉਣ ਲੱਗੇ,
ਵੋਟਾਂ ਦਾ ਕਰਜ਼ ਲੈ ਕੇ ਦੀਵਾਲਾ ਕਢਾਉਣ ਲੱਗੇ।
ਖਤਾਂ ਤੇ ਸਿਰਨਾਵਾਂ ਮਾਰਫਤ ਸੀ ਕਾਸਦ ਦਾ,
ਭਾਰਾਂ 'ਤੇ ਪਿਆ ਕਾਸਦ ਰਿਸ਼ਵਤ ਖਵਾਉਣ ਲੱਗੇ।
ਬਰਸਣਾਂ ਨਈਂ ਕਦੇ ਵੀ ਕਸਮ ਸੀ ਜਿਨ੍ਹਾਂ ਖਾਧੀ,
ਉਹੀ ਬਣ ਕੇ ਇੰਦਰ ਮੀਂਹ ਬਰਸਾਉਣ ਲੱਗੇ।
ਜ਼ੁਲਫਾਂ ਦੀ ਘਟਾ ਚੜ੍ਹਗੀ ਨੈਣਾਂ 'ਚੋਂ ਲਿਸ਼ਕੀ ਬਿਜਲੀ,
ਜਜ਼ਬਾਤ ਤਦ 'ਗਿੱਲ' ਦੇ ਪੈਲਾਂ ਸੀ ਪਾਉਣ ਲੱਗੇ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਹਮਾਕਤ

ਮੇਰੇ ਵੀਰ! ਲੁਕਣ ਨਹੀਂ ਦੇਣਾ ਹੁਣ ਹੋਰ,
ਕੱਢ ਕੇ ਬਾਹਰ ਕਰ ਦੇਣਾ ਮੈਂ ਨੰਗਾ ਤੈਨੂੰ।
ਰੁਸ਼ਨਾ ਦੇਣੀਆਂ ਅਗਿਆਨ ਦੀਆਂ ਹਨੇਰੀਆਂ ਕੁੰਦਰਾਂ
ਫੜਾ ਕੇ ਗਿਆਨ-ਜੋਤੀ ਤੇਰੇ ਹੱਥ ਵਿਚ।

ਮੇਰੇ ਦੋਸਤ! ਮੈਂ ਤੈਨੂੰ ਭੱਜਣ ਨਹੀਂ ਦੇਣਾ
ਰੰਗੇ ਗਿੱਦੜਾਂ ਵਾਂਗ ਭਾਂਜ ਖਾ ਕੇ।
ਪਾ ਦੇਣੀਆਂ ਬੇੜੀਆਂ ਤੇਰੇ ਪੈਰੀਂ
ਸਮਾਜਿਕ ਜ਼ਿੰਮੇਵਾਰੀ ਦੇ ਇਖਲਾਕੀ ਫਰਜ਼ਾਂ ਦੀਆਂ।

ਮੇਰੇ ਵੀਰ! ਬੇਮੁਖ ਨਹੀਂ ਹੋਣ ਦੇਣਾ ਮੈਂ ਤੈਨੂੰ,
ਲਾਹ ਦੇਣਾ ਛਲ-ਰਹਿਤ ਮਖੌਟਾ ਕਰੂਪ ਕਪਟੀ ਮੁਖੜੇ ਤੋਂ,
ਗਿਆਤ ਕਰਾ ਕੇ ਤਾਲਬੱਧ ਨਿਸ਼ਕਪਟਤਾ ਦੀਆਂ ਰਹਿਮਤਾਂ
ਪਾ ਦੇਣਾ ਤੈਨੂੰ ਜੀਵਨ ਮਾਰਗ ਦੀ ਮੁੱਖ ਧਾਰਾ ਵਿਚ।

ਮੇਰੇ ਯਾਰ! ਮੈਂ ਤੈਨੂੰ ਰੁੱਸਣ ਨਹੀਂ ਦੇਣਾ ਬੁਜ਼ਦਿਲਾਂ ਵਾਂਗ
ਤਜ ਦੇਹ ਕਠੋਰ ਹਠ ਮੂੜ੍ਹ-ਮੱਤ ਹੈਂਕੜ, ਨੱਕ ਦੇ ਨੂੰਹੇਂ।
ਝੁਲਸਣ ਨਹੀਂ ਦੇਣਾ ਤੈਨੂੰ ਖੁਦਗਰਜ ਪ੍ਰਵਿਰਤੀ,
ਨਿਕੰਮੀ ਬੇ-ਅਮਲ ਬੇ-ਮਤਲਬ ਹਉਮੈ ਹੰਕਾਰ ਵਿਚ।

ਮੇਰੇ ਮਹਿਬੂਬ! ਮੈਂ ਤੈਨੂੰ ਬੇਵਫ਼ਾ ਨਹੀਂ ਹੋਣ ਦੇਣਾ,
ਉਲਝਣਾਂ ਭਰਪੂਰ ਬਿਖੜੇ ਜੰਗਲੀ ਪੈਂਡੇ ਗਾਹੁਣੇ ਨੇ ਅਜੇ,
ਆ ਗਲੇ ਮਿਲ, ਦਿਲ ਮਿਲਾ, ਕਦਮ ਮਿਲਾ, ਮੋਢਾ ਜੋੜ,
ਭਟਕਣ ਨਹੀਂ ਦੇਣਾ ਮੈਂ ਤੈਨੂੰ ਔਝੜ ਉਦਾਸੀਨ ਬੇਸੁਰੀ
'ਮੈਂ ਮੈਂ' ਦੀ ਹਮਾਕਤ ਅੰਗੀਠੀ ਵਿਚ।

*-ਚਰਨਜੀਤ ਸਿੰਘ ਪੰਨੂ*

---

### ਪੱਤਝੜ ਤੇ ਬਹਾਰ

ਐ ਪੱਤਝੜ, ਲੈ ਰੁਖ਼ਸਤ, ਮੈਂ ਤੈਨੂੰ ਅਲਵਿਦਾ ਆਖਾਂ।
ਵਿਯੋਗ ਵਿਚ ਪੱਤਿਆਂ ਦਾ, ਸੋਗਮਈ ਰਾਗ ਅਲਾਪਾਂ।
ਹੱਥੋਂ ਤੇਰੇ ਪੱਤਿਆਂ ਦਾ, ਵੇਖਾਂ ਪ੍ਰਛਾਵਾਂ ਘਣਾ ਗੁੰਮਿਆ।
ਬਿਰਖਾਂ ਦੇ ਗਲ ਲੱਗ ਕੇ, ਰੋਂਦਿਆਂ ਮੈਂ ਤਣਾ ਚੁੰਮਿਆ।

ਵੇਖਦੇ ਹਾਂ ਰੂਪ ਤੇਰਾ ਹਮੇਸ਼ਾ, ਹੁੰਦਾ ਵਿਕਰਾਲ ਰੁੰਡ-ਮੁੰਡ।
ਲੱਭਾਂ ਮੈਂ ਕਿੱਥੋਂ ਗੁੰਮੇ, ਪਰਿੰਦਿਆਂ ਦੇ ਝੁੰਡ?
ਬਿਨ ਪੱਤਿਆਂ ਪੱਤਝੜ, ਤੇਰੇ ਸਾਨੂੰ ਹੱਡ ਚੁੱਭਦੇ।
ਬਸੰਤ ਰੁੱਤ ਨਾਲ ਹੀ ਨੇ, ਸਾਡੇ ਪਿਆਰ ਪੁੰਗਦੇ।

ਭੈਣ ਬਸੰਤੀ ਤੇਰੀ, ਹਰ ਸਮੇਂ ਤੈਥੋਂ ਡਰਦੀ।
ਹਰਿਆਵਲ ਲਈ ਰਹਿੰਦੀ, ਹਮੇਸ਼ਾ ਹਾਮੀ ਭਰਦੀ।
ਬਸੰਤ ਰੁੱਤੀਂ ਹੁੰਦਾ ਜਦੋਂ, ਪੱਤਿਆਂ ਦਾ ਪੁੰਗ ਜੰਮਦਾ।
ਬਿਰਖਾਂ 'ਤੇ ਵੇਖਦਾ ਹਾਂ, ਹੁਸਨ ਜ਼ੋਰੀਂ ਥੰਮ੍ਹਦਾ।

ਤੇਰੇ ਵਿਦਾ ਹੋਇਆਂ, ਮਹਿਫ਼ਿਲ ਪਰਿੰਦਿਆਂ ਦੀ ਜੰਮਦੀ।
ਪੱਤਝੜ ਵੇਖ-ਵੇਖ ਹਰਿਆਲੀ, ਐਵੇਂ ਕਿਉਂ ਕੰਬਦੀ?
ਬਿਰਖਾਂ ਨੂੰ ਠੰਢ ਵਿਚ, ਹੁੰਦੀ ਓਟ ਰੱਬ ਦੀ।
ਧਰਤੀ ਪੁੱਤਰ ਦੇ ਨਾਂ, ਕਦੀ ਲੰਗੋਟ ਫੱਬਦੀ।

ਧਰਤੀ ਮਾਂ ਦੀ ਗੋਦ, ਅੱਜ ਸੁੰਨੀ ਲੱਗਦੀ।
ਬਿਨਾਂ ਪੁੱਤ ਰੱਖੂ ਕੌਣ, ਲਾਜ ਪੱਗ ਦੀ?
ਸੂਰਜ ਹੀ ਸਰੋਤ ਕਰੇ, ਭਲਾ ਜੱਗ ਦਾ।
ਚਮਤਕਾਰ ਇਹ ਸਭੀ, ਕਿਵੇਂ ਅੱਗ ਦਾ?

ਹੁੰਮਸ ਹੁੱਟ ਹਰਖ, ਹੰਢਾਉਂਦੇ ਲੋਕ ਹੰਭ'ਗੇ।
ਬਿਰਖਾਂ ਤੋਂ ਬਿਨਾਂ, ਵੇਖੇ ਲੋਕ ਕੰਬਦੇ।
ਮਾਂਵਾਂ ਵਾਂਗ ਬਿਰਖ਼ ਨੇ, ਪਏ ਛਾਂਵਾਂ ਵੰਡਦੇ।
ਨੀਲ ਗ੍ਰਹਿਉਂ ਬੰਦੇ, ਕਿਉਂ ਪਿਆਸੇ ਜੰਗ ਦੇ?

ਭੈਣਾਂ ਤੁਸੀਂ ਦੋਵੇਂ ਪਿਆਰੀਆਂ, ਰੱਬੋਂ ਰੂਹ ਇਕ ਲੱਗਦੀ।
ਆਮਦ ਦੋਵਾਂ ਦੀ ਆਏ, ਰੁੱਤੀਂ ਲੱਭਿਆ ਨਾ ਲੱਭਦੀ।
ਬਿਰਖਾਂ ਦੇ ਨਾਲ ਰਹਿੰਦੀ, ਜੜ੍ਹ ਹਰੀ ਜੱਗ ਦੀ।
ਪੱਤਝੜ ਬਾਅਦ ਵੇਖੀ, ਬਸੰਤ ਤੇ ਬਹਾਰ ਫੱਬਦੀ।

*-ਟਹਿਲ ਸਿੰਘ ਚਾਹਲ, ਇੰਡੀਅਨਐਪੋਲਿਸ।*

# ਸੁਰਾਂ ਦੇ ਬਨੇਰੇ ਦੀ ਬੱਤੀ ਸ਼ਮਸ਼ਾਦ ਬੇਗ਼ਮ

**ਪੰਜਾਬੀ, ਹਿੰਦੀ, ਬੰਗਾਲੀ, ਮਰਾਠੀ, ਗੁਜਰਾਤੀ, ਤਾਮਿਲ ਤੇ ਹੋਰ ਭਾਸ਼ਾਵਾਂ ਵਿਚ ਹਜ਼ਾਰਾਂ ਗੀਤ ਗਾਉਣ ਵਾਲੀ ਸੁਰੀਲੀ ਆਵਾਜ਼ ਦੀ ਮਲਿਕਾ ਸ਼ਮਸ਼ਾਦ ਬੇਗ਼ਮ ਆਖਰਕਾਰ 23 ਅਪਰੈਲ 2013 ਨੂੰ ਮੁੰਬਈ ਵਿਖੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਸ ਦਾ ਜਨਮ 14 ਅਪਰੈਲ 1919 ਨੂੰ ਅੰਮ੍ਰਿਤਸਰ ਵਿਚ ਹੋਇਆ ਸੀ। ਕੁਝ ਖੋਜੀਆਂ ਨੇ ਉਸ ਦਾ ਜਨਮ ਸਥਾਨ ਲਾਹੌਰ ਵੀ ਦੱਸਿਆ ਹੈ। ਮੁੰਬਈ ਵਿਚ ਉਹ ਆਪਣੀ ਧੀ ਊਸ਼ਾ ਰੱਤੜਾ ਕੋਲ ਰਹਿੰਦੀ ਸੀ।**





ਮੀਨਾਕਸ਼ੀ ਵਰਮਾ

ਸ਼ਮਸ਼ਾਦ ਬੇਗ਼ਮ ਦੀ ਪ੍ਰਤਿਭਾ ਸਭ ਤੋਂ ਪਹਿਲਾਂ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਨੇ ਪਛਾਣੀ ਸੀ। ਇਹ ਕੋਈ ਸਾਲ 1924 ਦੀ ਗੱਲ ਹੈ ਅਤੇ ਉਸ ਵੇਲੇ ਨੰਨ੍ਹੀ ਸ਼ਮਸ਼ਾਦ ਸਿਰਫ ਪੰਜਾਂ ਕੁ ਵਰ੍ਹਿਆਂ ਦੀ ਸੀ। ਉਸ ਦੀ ਆਵਾਜ਼ ਨੇ ਸਭ ਨੂੰ ਕੀਲ ਲਿਆ। ਫਿਰ ਪ੍ਰਿੰਸੀਪਲ ਨੇ ਉਸ ਨੂੰ ਸਵੇਰ ਦੀ ਪ੍ਰਾਰਥਨਾ ਲਈ ਪੱਕੇ ਤੌਰ 'ਤੇ ਹੀ ਲਾ ਦਿੱਤਾ। 10 ਸਾਲ ਦੀ ਉਮਰ ਤੱਕ ਪੁੱਜਦਿਆਂ ਉਸ ਨੇ ਧਾਰਮਿਕ ਅਤੇ ਪਰਿਵਾਰਕ ਸਮਾਗਮਾਂ ਵਿਚ ਗਾਉਣਾ ਸ਼ੁਰੂ ਕੀਤਾ। ਉਸ ਨੇ ਗਾਉਣ ਦੀ ਕੋਈ ਰਸਮੀ ਸਿਖਲਾਈ ਨਹੀਂ ਸੀ ਲਈ। 1931 ਵਿਚ ਉਸ ਦਾ ਚਾਚਾ ਜੋ ਕੱਵਾਲੀਆਂ ਅਤੇ ਗ਼ਜ਼ਲਾਂ ਦਾ ਬੜਾ ਸ਼ੌਕੀਨ ਸੀ, ਉਸ ਨੂੰ 'ਜੀਨੋਫੋਨ ਸੰਗੀਤ ਕੰਪਨੀ' ਵਿਚ ਅਡੀਸ਼ਨ ਲਈ ਲੈ ਗਿਆ। ਇਹ ਕੰਪਨੀ ਲਾਹੌਰ ਦੇ ਮਸ਼ਹੂਰ ਸੰਗੀਤਕਾਰ ਗੁਲਾਮ ਹੈਦਰ ਦੀ ਸੀ। ਉਥੇ ਸ਼ਮਸ਼ਾਦ ਨੇ ਬਹਾਦਰ ਸ਼ਾਹ ਜ਼ਫ਼ਰ ਦੀ ਗ਼ਜ਼ਲ 'ਮੇਰਾ ਯਾਰ ਮੁਝੇ ਮਿਲੇਗਾ' ਗਾ ਕੇ ਗੁਲਾਮ ਹੈਦਰ ਦੇ ਦਿਲ ਵਿਚ ਸਦਾ-ਸਦਾ ਲਈ ਥਾਂ ਬਣਾ ਲਈ। ਉਸ ਨੇ ਸ਼ਮਸ਼ਾਦ ਨਾਲ 12 ਗੀਤਾਂ ਦਾ ਇਕਰਾਰ ਕੀਤਾ ਅਤੇ ਉਸ ਨੂੰ ਉਹ ਸਹੂਲਤਾਂ ਦਿੱਤੀਆਂ ਜਿਹੜੀਆਂ ਉਸ ਵੇਲੇ ਕਹਿੰਦੇ-ਕਹਾਉਂਦੇ ਗਾਇਕਾਂ ਨੂੰ ਦਿੱਤੀਆਂ ਜਾਂਦੀਆਂ ਸਨ। ਉਸ ਦਾ ਅੱਬਾ ਮੀਆਂ ਹੁਸੈਨ ਬਖਸ਼ ਸ਼ਮਸ਼ਾਦ ਦੇ ਗਾਉਣ 'ਤੇ ਖੁਸ਼ ਨਹੀਂ ਸੀ, ਪਰ ਉਸ ਦੇ ਚਾਚੇ ਨੇ ਅੱਬਾ ਨੂੰ ਮਨਾ ਲਿਆ। ਸ਼ਰਤ ਇਹ ਰੱਖੀ ਗਈ ਕਿ ਇਕ ਤਾਂ ਉਹ ਬੁਰਕਾ ਪਾ ਕੇ ਹੀ ਰਿਕਾਡਿੰਗ ਕਰਵੇਗੀ ਅਤੇ ਦੂਜੇ ਕਦੀ ਫ਼ੋਟੋ ਨਹੀਂ ਖਿਚਵਾਏਗੀ। ਉਦੋਂ ਉਸ ਨੂੰ ਇਕ ਗੀਤ ਦੇ 15 ਰੁਪਏ ਮਿਲੇ ਸਨ ਅਤੇ ਪ੍ਰੋਜੈਕਟ ਪੂਰਾ ਹੋਣ 'ਤੇ ਉਸ ਦੀ ਝੋਲੀ ਵਿਚ 5000 ਰੁਪਏ ਦਾ ਇਨਾਮ ਆ ਗਿਆ ਸੀ। ਇਸ ਤੋਂ ਬਾਅਦ 1937 ਵਿਚ ਉਸ ਨੇ ਆਲ ਇੰਡੀਆ ਰੇਡਿਓ ਪੇਸ਼ਾਵਰ ਅਤੇ ਲਾਹੌਰ ਤੋਂ ਗਾਉਣਾ ਸ਼ੁਰੂ ਕਰ ਦਿੱਤਾ। ਨਿਰਮਾਤਾ ਦਿਲਸੁਖ ਪੰਚੋਲੀ ਚਾਹੁੰਦਾ ਸੀ ਕਿ ਸ਼ਮਸ਼ਾਦ ਫ਼ਿਲਮਾਂ ਵਿਚ ਵੀ ਕੰਮ ਕਰੇ; ਉਹ ਸਹਿਮਤ ਵੀ ਹੋ ਗਈ ਅਤੇ ਸਕਰੀਨ ਟੈਸਟ ਵੀ ਪਾਸ ਕਰ ਲਿਆ; ਪਰ ਉਸ ਦਾ ਅੱਬਾ ਉਸ ਨਾਲ ਰੁੱਸ ਗਿਆ। ਅੱਬਾ ਖਾਤਰ ਸ਼ਮਸ਼ਾਦ ਨੇ ਅਦਾਕਾਰੀ ਦੀ ਜ਼ਿੱਦ ਨਹੀਂ ਕੀਤੀ ਅਤੇ ਸੁਰਾਂ ਨੂੰ ਹੀ ਸਮਰਪਿਤ ਹੋ ਗਈ। 1932 ਵਿਚ ਸ਼ਮਸ਼ਾਦ ਬੇਗ਼ਮ ਦਾ ਪਿਆਰ ਐਡਵੋਕੇਟ ਗਣਪਤ ਲਾਲ ਭਾਟੂ ਨਾਲ ਪੈ ਗਿਆ। ਘਰਦਿਆਂ ਦੇ ਵਿਰੋਧ ਦੇ ਬਾਵਜੂਦ 1934 ਵਿਚ ਦੋਹਾਂ ਨੇ ਵਿਆਹ ਕਰਵਾ ਲਿਆ। ਉਸ ਵੇਲੇ ਉਸ ਦੀ ਉਮਰ 15 ਸਾਲ ਸੀ। ਉਨ੍ਹਾਂ ਦੇ ਘਰ ਬੇਟੀ ਊਸ਼ਾ ਰੱਤੜਾ ਨੇ ਜਨਮ



ਲਿਆ ਜੋ ਲੈਫ਼ਟੀਨੈਂਟ ਕਰਨਲ ਯੋਗੇਸ਼ ਰੱਤੜਾ ਨਾਲ ਵਿਆਹੀ ਹੋਈ ਹੈ। 1955 ਵਿਚ ਭਾਟੂ ਦੀ ਮੌਤ ਹੋ ਗਈ। ਉਸ ਤੋਂ ਬਾਅਦ ਸ਼ਮਸ਼ਾਦ ਦਾ ਗਾਉਣਾ ਘਟਦਾ ਘਟਦਾ ਘਟ ਗਿਆ। ਫਿਰ ਬਾਅਦ ਵਿਚ 'ਮਦਰ ਇੰਡੀਆ' ਦੇ ਨਿਰਦੇਸ਼ਕ ਮਹਿਬੂਬ ਖ਼ਾਨ ਨੇ ਉਸ ਨੂੰ ਗਾਉਣ ਲਈ ਬੁਲਾਇਆ। ਉਸ ਨੇ 'ਪੀ ਕੇ ਘਰ ਆਜ ਪਿਆਰੀ ਦੁਲਹਨੀਆ ਚਲੀ' ਗੀਤ ਗਾ ਕੇ ਸਫ਼ਲਤਾਪੂਰਵਕ ਮੁੜ ਵਾਪਸੀ ਕੀਤੀ। ਗਾਇਕੀ ਦੇ ਖੇਤਰ ਵਿਚ ਪਾਏ ਅਣਮੁੱਲੇ ਯੋਗਦਾਨ ਸਦਕਾ 31 ਮਾਰਚ, 2009 ਨੂੰ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਨੇ ਉਨ੍ਹਾਂ ਨੂੰ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ। ਸ਼ਮਸ਼ਾਦ ਬੇਗ਼ਮ ਨੇ ਫਿਲਮੀ ਦੁਨੀਆਂ ਦੇ ਉੱਘੇ ਸੰਗੀਤ ਨਿਰਦੇਸ਼ਕਾਂ ਐਸ.ਡੀ. ਬਰਮਨ, ਓ.ਪੀ. ਨਈਅਰ, ਸ਼ਾਮ ਸੁੰਦਰ, ਨੌਸ਼ਾਦ, ਮਦਨ ਮੋਹਨ ਤੇ ਹੋਰਨਾਂ ਨਾਲ ਗੀਤ ਗਾਏ।

**ਮੌਤ ਬਾਰੇ ਵਿਵਾਦ:** ਸ਼ਮਸ਼ਾਦ ਬੇਗਮ ਦੀ ਮੌਤ ਨਾਲ ਸਬੰਧਤ ਵਿਵਾਦ ਇਕ ਵਾਰ ਫਿਰ ਉਠ ਖੜ੍ਹਾ ਹੋਇਆ ਹੈ। ਅਸਲ ਵਿਚ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ 15 ਅਗਸਤ 1998 ਨੂੰ ਸ਼ਮਸ਼ਾਦ ਬੇਗਮ ਨੂੰ ਸ਼ਰਧਾਂਜਲੀ ਵਜੋਂ ਇਕ ਲੇਖ ਲਿਖਿਆ ਸੀ-'ਟੱਲੀ ਵਰਗੀ ਆਵਾਜ਼ ਸੀ ਸ਼ਮਸ਼ਾਦ ਬੇਗਮ ਦੀ'। ਉਦੋਂ ਜਿਹੜੀ ਸ਼ਮਸ਼ਾਦ ਬੇਗਮ ਫੌਤ ਹੋਈ ਸੀ, ਉਹ ਫਿਲਮੀ ਅਦਾਕਾਰਾ ਸਾਇਰਾ ਬਾਨੋ ਦੀ ਨਾਨੀ ਤੇ ਕਲਾਸੀਕਲ ਗਾਇਕਾ ਸ਼ਮਸ਼ਾਦ ਬੇਗਮ ਸੀ। ਉਦੋਂ ਮੁੰਬਈ ਡੇਟਲਾਈਟ ਤੋਂ ਸ਼ਮਸ਼ਾਦ ਬੇਗਮ ਦੀ ਮੌਤ ਦੀ ਖਬਰ ਜਾਰੀ ਹੋਈ ਤਾਂ ਸਭ ਨੇ ਇਸ ਨੂੰ 'ਕੱਤਿਆ ਕਰੂੰ ਤੇਰਾ ਰੂੰ' ਵਾਲੀ ਸ਼ਮਸ਼ਾਦ ਬੇਗਮ ਸਮਝ ਲਿਆ ਅਤੇ ਸ਼ਮਸ਼ੇਰ ਸਿੰਘ ਸੰਧੂ ਨੇ ਲੇਖ ਲਿਖ ਦਿੱਤਾ। ਨਤੀਜੇ ਵਜੋਂ ਬਾਅਦ ਵਿਚ ਜਿਹੜੇ ਲੇਖ ਸਾਹਮਣੇ ਆਏ, ਉਨ੍ਹਾਂ ਵਿਚ ਇਹੀ ਤਾਰੀਖ ਚੱਲਦੀ ਰਹੀ। ਭਾਸ਼ਾ ਵਿਭਾਗ ਵੱਲੋਂ 2004 ਵਿਚ ਪ੍ਰਕਾਸ਼ਿਤ 'ਪੰਜਾਬ ਕੋਸ਼' (ਜਿਲਦ ਪਹਿਲੀ) ਵਿਚ ਲਿਖਿਆ ਮਿਲਦਾ ਹੈ ਕਿ ਸ਼ਮਸ਼ਾਦ ਬੇਗਮ ਦਾ 14 ਅਗਸਤ 1998 ਨੂੰ ਮੁੰਬਈ ਵਿਖੇ ਦੇਹਾਂਤ ਹੋ ਗਿਆ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਨਿੰਦਰ ਘੁਗਿਆਣਵੀ ਦੀ ਪੁਸਤਕ 'ਸਾਡੀਆਂ ਲੋਕ ਗਾਇਕਾਵਾਂ' ਵਿਚ ਵੀ ਸ਼ਮਸ਼ਾਦ ਬੇਗਮ ਦੀ ਮੌਤ ਦੀ ਇਹੀ ਮਿਤੀ ਦਰਜ ਹੈ। ਮਾੜੀ ਗੱਲ ਇਹ ਹੋਈ ਕਿ ਇਹ ਗਲਤੀ ਵਾਰ-ਵਾਰ ਹੋ ਗਈ। ਹੁਣ ਇਸ ਇਸ ਗਲਤੀ ਨੂੰ ਸੁਧਾਰ ਲੈਣਾ ਚਾਹੀਦਾ ਹੈ।

**ਸ਼ਮਸ਼ਾਦ ਬੇ.ਗਮ ਦੀ ਹਵੇਲੀ:** ਅੱਜ ਦੀ ਨੌਜਵਾਨ ਪੀੜ੍ਹੀ ਵਿਚ ਵੀ ਆਪਣੇ ਗੀਤਾਂ ਕਰ ਕੇ ਮਸ਼ਹੂਰ ਸ਼ਮਸ਼ਾਦ ਬੇਗਮ ਦੇ ਦੇਹਾਂਤ ਤੋਂ ਬਾਅਦ ਉਸ ਦੀ ਜੱਦੀ ਹਵੇਲੀ ਨੂੰ ਵਿਰਾਸਤੀ ਸਮਾਰਕ ਐਲਾਨਣ ਦੀ ਮੰਗ ਉੱਠ ਪਈ ਹੈ। ਅੰਮ੍ਰਿਤਸਰ ਬਾਰੇ ਪਿਛਲੇ 17-18 ਵਰ੍ਹਿਆਂ ਤੋਂ ਖੋਜ ਕਰ ਰਹੇ ਤੇ 'ਅੰਮ੍ਰਿਤਸਰ: ਅਰੰਭ ਤੋਂ ਅੱਜ ਤੱਕ' ਪੁਸਤਕ ਦੇ ਲੇਖਕ ਸੁਰਿੰਦਰ ਕੋਛੜ ਨੇ ਦੱਸਿਆ ਕਿ ਸ਼ਮਸ਼ਾਦ ਬੇਗ਼ਮ ਦਾ ਜਨਮ ਜੱਲ੍ਹਿਆਂਵਾਲਾ ਬਾਗ਼ ਕਾਂਡ ਦੇ ਅਗਲੇ ਦਿਨ, ਭਾਵ 14 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਕਟੜਾ ਘਨਈਆ 'ਚ ਹੋਇਆ ਸੀ।

## ਪੰਜਾਬੀ ਗਾਣੇ



*ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ*
*ਲਗਦੀ ਕਿਸੇ ਨਾ ਦੇਖੀ*
*ਤੇਰੀ ਕਣਕ ਦੀ ਰਾਖੀ ਮੁੰਡਿਆ*
*ਭਾਵੇਂ ਬੋਲ ਤੇ ਭਾਵੇਂ ਨਾ ਬੋਲ*
*ਬਾਜਰੇ ਦਾ ਸਿੱਟਾ*
*ਵੇ ਰੱਬ ਨਾ ਕਰੇ*
*ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ*
*ਮੇਰੇ ਸੱਜਣਾਂ ਦੀ ਡਾਚੀ ਬਦਾਮੀ ਰੰਗ ਦੀ*
*ਮੇਰਾ ਹਾਲ ਵੇਖ ਕੇ ਲੋਗ ਰੋਂਦੇ ਨੇ*
*ਉਹ ਵੇਲਾ ਯਾਦ ਕਰ*
*ਛੱਡ ਦੇ ਤੂੰ ਮੇਰਾ ਦੁਪੱਟਾ*
*ਮੁੱਲ ਵਿਕਦਾ ਸੱਜਣ*

## ਚਰਚਿਤ ਹਿੰਦੀ ਗਾਣੇ

*ਕਭੀ ਆਰ ਕਭੀ ਪਾਰ (ਫਿਲਮ ਆਰ ਪਾਰ)*
*ਲੇ ਕੇ ਪਹਿਲਾ ਪਹਿਲਾ ਪਿਆਰ (ਸੀ.ਆਈ.ਡੀ.)*
*ਕਹੀਂ ਪੇ ਨਿਗਾਹੇਂ ਕਹੀਂ ਪੇ ਨਿਸ਼ਾਨਾ (ਸੀ.ਆਈ.ਡੀ.)*
*ਤੇਰੀ ਮਹਿਫਲ ਮੇਂ ਕਿਸਮਤ ਆਜ਼ਮਾ ਕਰ (ਮੁਗਲ-ਏ-ਆਜ਼ਮ)*
*ਮੇਰੇ ਪੀਆ ਗਏ ਰੰਗੂਨ (ਪਤੰਗਾ)*
*ਸਈਆਂ ਦਿਲ ਮੇਂ ਆਨਾ ਰੇ (ਬਹਾਰ)*
*ਓ ਗਾਡੀ ਵਾਲੇ (ਮਦਰ ਇੰਡੀਆ)*
*ਪੀ ਕੇ ਘਰ ਆਜ ਪਿਆਰੀ ਦੁਲਹਨੀਆ ਚਲੀ (ਮਦਰ ਇੰਡੀਆ)*
*ਚਲੀ ਪੀ ਕੇ ਨਗਰ (ਮਿਰਜ਼ਾ ਗਾਲਿਬ)*
*ਮਤਵਾਲੀ ਆਖੋਂ ਵਾਲੇ (ਛੋਟਾ ਨਵਾਬ)*
*ਦਿਲ ਤੇਰਾ ਹੋ ਰਹੇਗਾ (ਛੋਟੇ ਨਵਾਬ)*
*ਰੇਸ਼ਮੀ ਸਲਵਾਰ ਕੁੜਤਾ ਜਾਲੀ ਕਾ (ਨਯਾ ਦੌਰ)*
*ਨੈਨਾ ਭਰ ਆਏ (ਹਿਮਾਯੂੰ)*
*ਨਜ਼ਰ ਫੇਰੋ ਨਾ ਹਮਸੇ (ਦੀਦਾਰ)*
*ਕਜਰਾ ਮੁਹੱਬਤ ਵਾਲਾ (ਕਿਸਮਤ)*
*ਛੋੜ ਬਾਬੁਲ ਕਾ ਘਰ (ਬਾਬੁਲ)*
*ਚਲੀ ਚਲੀ ਕੈਸੀ ਯੇ ਹਵਾ (ਬਲੱਫ ਮਾਸਟਰ)*
*ਮੇਰੀ ਨੀਂਦੋ ਮੇਂ ਤੁਮ (ਨਯਾ ਅੰਦਾਜ਼)*

## ਮਾਂ ਸ਼ਮਸ਼ਾਦ

**ਸ਼ਮਸ਼ਾਦ ਬੇਗਮ ਦੀ ਧੀ ਊਸ਼ਾ ਰੱਤੜਾ ਦੱਸਦੀ ਹੈ-"ਮੇਰੀ ਮਾਂ ਹਮੇਸ਼ਾ ਫ਼ਿਲਮੀ ਚਮਕ-ਦਮਕ ਤੋਂ ਦੂਰ ਰਹੀ। ਚੋਟੀ ਦੀਆਂ ਗਾਇਕਾਵਾਂ ਵਿਚ ਸ਼ੁਮਾਰ ਹੋਣ ਦੇ ਬਾਵਜੂਦ ਉਸ ਨੂੰ ਸ਼ੋਹਰਤ ਦੀ ਭੁੱਖ ਨਹੀਂ ਸੀ। ਉਹ ਹਮੇਸ਼ਾ ਕਹਿੰਦੀ ਸੀ ਕਿ ਕਲਾਕਾਰ ਕਦੇ ਨਹੀਂ ਮਰਦੇ। ਉਹ ਚਾਹੁੰਦੀ ਸੀ ਕਿ ਉਸ ਨੂੰ ਉਸ ਦੇ ਗੀਤਾਂ ਰਾਹੀਂ ਚੇਤੇ ਰੱਖਿਆ ਜਾਵੇ। ਮੈਨੂੰ ਜਾਪਦਾ ਹੈ ਕਿ ਲੋਕਾਂ ਨੇ ਉਸ ਨੂੰ ਦਿਲਾਂ ਵਿਚ ਸਾਂਭ ਲਿਆ ਹੈ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ।"**



ਮਾਂ-ਧੀ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

# Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4421 Corto Monterey, Union City, CA 94587
2. 2804 Pelican Dr., Union City, CA 94587
3. 1555 Bolton Ln., Manteca, CA 95337
4. 3386 San Gabriel Ave., Clovis, CA 93619
5. 1336 Mokelumne Dr., Antioch, CA 94531
6. 647 Colusa Way, Livermore, CA 94551
7. 36378 Matiz Cmn, Fremont, CA 94536
8. 2477 Ascot Way, Union City, CA 94587
9. 4915 Calistoga Dr., Union City, CA 94587
10. 2118 Calle Vista Verde, Milpitas, CA95035
11. 8211 Mulberry Ct., Dublin, CA 94568
12. 4205 Lunar Way Union City, CA 94587
13. 2320 Picasso Way, Stockton, CA 95206
14. 8308 Medeiros Way, Sacramento CA 95829
15. 3167 San Bernardino Way Union City, CA 94587
16. 34782 Klondike Dr. Union City, CA 94587
17. 32467 Woodland Dr., Union City, CA 94587
18. 1969 Catalpa Way Hayward, CA 94545
19. 2952 Remington Way San Jose, CA 95148

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.